ਸਤਾਰਵਾਂ ਸਾਲ

PARDES TIMES

17th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 17 No. 410 November 16, 2022 E-mali : info@pardestimes.com Ph 510-938-7771, 510-516-3536

## ਹੁਣ ਕੈਨੇਡਾ ਦੀ ਫ਼ੌਜ 'ਚ ਸ਼ਾਮਲ ਹੋ ਸਕਣਗੇ ਪੱਕੇ ਨਿਵਾਸੀ

ਟੋਰਾਂਟੋ- ਕੈਨੇਡਾ 'ਚ ਪੱਕੇ ਤੌਰ 'ਤੇ ਰਹਿੰਦੇ ਭਾਰਤੀ ਹੁਣ ਉੱਥੋਂ ਦੀ ਫੌਜ ਵਿਚ ਸ਼ਾਮਲ ਹੋ ਸਕਦੇ ਹਨ। ਇਹ ਐਲਾਨ ਕੈਨੇਡੀਅਨ ਸ਼ਸਤਰ ਬਲ (CAF) ਨੇ ਕੀਤਾ ਹੈ। ਖਬਰਾਂ ਮੁਤਾਬਕ ਕੈਨੇਡਾਈ ਫ਼ੌਜ 'ਚ ਹਜ਼ਾਰਾਂ ਪੋਸਟਾਂ ਖਾਲੀ ਹਨ। ਉਨ੍ਹਾਂ ਨੂੰ ਭਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਰਣਨਯੋਗ ਹੈ ਕਿ 2021



ਤਕ ਕੈਨੇਡਾ 'ਚ 8 ਮਿਲੀਅਨ ਤੋਂ ਜ਼ਿਆਦਾ ਪਰਵਾਸੀ ਸਨ ਯਾਨੀ ਕੁੱਲ ਕੈਨੇਡਾਈ ਆਬਾਦੀ ਦਾ ਲਗਭਗ 21.5 ਫ਼ੀਸਦ। ਪਿਛਲੇ ਸਾਲ ਲਗਭਗ 1 ਲੱਖ ਭਾਰਤੀ ਕੈਨੇਡਾ ਦੇ ਪੱਕੇ ਨਿਵਾਸੀ ਬਣ ਗਏ। ਦੇਸ਼ ਨੇ ਰਿਕਾਰਡ 405,000 ਨਵੇਂ ਅਪਰਵਾਸੀਆਂ ਨੂੰ ਪਨਾਹ ਦਿੱਤੀ।

ਕੈਨੇਡਾ 'ਚ 2022 ਤੇ 2024 ਦੇ ਵਿਚਕਾਰ ਇਕ ਲੱਖ ਤੋਂ ਜ਼ਿਆਦਾ ਨਵੇਂ ਅਪਰਵਾਸੀਆਂ ਦੇ ਪੱਕੇ ਨਿਵਾਸੀ ਬਣਨ ਦੀ ਸੰਭਾਵਨਾ ਹੈ। ਇਕ ਐੱਨਜੀਓ ਰਾਇਲ ਯੂਨਾਈਟਿਡ ਸਰਵਿਸਿਜ਼ ਇੰਸਟੀਚਿਊਟ ਆਫ ਨੋਵਾ ਸਕੋਟੀਆ ਅਨੁਸਾਰ, ਪੱਕੇ ਨਿਵਾਸੀ ਪਹਿਲਾਂ ਸਿਰਫ਼ ਹੁਨਰ ਫ਼ੌਜ ਵਿਦੇਸ਼ੀ ਬਿਨੈਕਾਰ ਪ੍ਰਵੇਸ਼ ਪ੍ਰੋਗਰਾਮ ਤਹਿਤ ਪਾਤਰ ਸਨ। ਸੀਆਈਸੀ ਨਿਊਜ਼ ਨੇ ਦੱਸਿਆ ਕਿ ਰਾਸ਼ਟਰੀ ਰੱਖਿਆ ਵਿਭਾਗ ਨੀਤੀ 'ਚ ਬਦਲਾਅ ਸੰਬੰਧੀ ਆਉਣ ਵਾਲੇ ਦਿਨਾਂ ਵਿਚ ਇਕ ਰਸਮਾ ਐਲਾਨ ਕਰ ਸਕਦਾ ਹੈ।

ਮਾਰਚ ਵਿਚ ਕੈਨੇਡਾ ਦੀ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਕਿਹਾ ਸੀ ਕਿ ਰੂਸ ਦੇ ਯੂਕਰੇਨ 'ਤੇ ਹਮਲੇ ਕਾਰਨ ਬਦਲਦੇ ਆਲਮੀ ਭੂ-ਸਿਆਸੀ ਮਾਹੌਲ ਦੌਰਾਨ ਸੀਏਐੱਫ ਨੂੰ ਵਧਣ ਦੀ ਜ਼ਰੂਰਤ ਹੈ। ਸਤੰਬਰ 'ਚ ਸੀਏਐੱਫ ਨੇ ਫ਼ੌਜ 'ਚ ਹਜ਼ਾਰਾਂ ਖਾਲੀ ਅਹੁਦਿਆਂ ਨੂੰ ਭਰਨ ਲਈ ਕੀ ਗੱਲ ਕਹੀ। ਟੋਰਾਂਟੋ ਸਟਾਰ ਨੇ ਦੱਸਿਆ ਕਿ ਕੈਨੇਡਾ 'ਚ ਲਗਭਗ 12,000 ਪੱਕੇ ਫ਼ੌਜੀ ਹਨ। ਹਾਲ ਹੀ 'ਚ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਐਲਾਨ ਕੀਤਾ ਸੀ ਕਿ ਉਹ ਆਪਣੀ 'ਪੁਰਾਣੀ ਭਰਤੀ ਪ੍ਰਕਿਰਿਆ' ਨੂੰ ਬਦਲ ਰਹੇ ਹਨ ਤਾਂ ਜੋ 10 ਸਾਲਾਂ ਤੋਂ ਕੈਨੇਡਾ ਰਹਿੰਦੇ ਵਿਦੇਸ਼ੀ ਵੀ ਅਪਲਾਈ ਕਰ ਸਕਣ।

## ਜੀ-20 ਸੰਮੇਲਨ ਦੌਰਾਨ ਜੋ ਬਾਈਡੇਨ, ਰਿਸ਼ੀ ਸੁਨਕ, ਮੈਕਰੋਨ ਅਤੇ ਮੋਦੀ ਦੀ ਮੁਲਾਕਾਤ

### ਜਲਵਾਯੂ ਪਰਿਵਰਤਨ, ਕੋਵਿਡ-19 ਗਲੋਬਲ ਮਹਾਂਮਾਰੀ ਅਤੇ ਯੂਕਰੇਨ ਸੰਕਟ ਰਹੇ ਮੁੱਖ ਮੁੱਦਾ



ਬਾਲੀ (ਇੰਡੋਨੇਸ਼ੀਆ)- ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਇੱਥੇ ਜੀ-20 ਸੰਮੇਲਨ ਦੌਰਾਨ ਅਮਰੀਕੀ ਰਾਸ਼ਟਰਪਤੀ ਜੋ ਬਾਈਡੇਨ, ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਅਤੇ ਕਈ ਹੋਰ ਵਿਸ਼ਵ ਨੇਤਾਵਾਂ ਨਾਲ ਗੈਰ ਰਸਮੀ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਵੱਖ-ਵੱਖ ਮੁੱਦਿਆਂ 'ਤੇ ਇਨ੍ਹਾਂ ਰਾਜਾਂ ਦੇ ਮੁਖੀਆਂ ਨਾਲ ਵਿਚਾਰ ਵਟਾਂਦਰਾ ਕੀਤਾ।

ਇੱਥੇ ਸਾਲਾਨਾ ਜੀ-20 ਸੰਮੇਲਨ ਦੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਜਲਵਾਯੂ ਪਰਿਵਰਤਨ, ਕੋਵਿਡ-19 ਗਲੋਬਲ ਮਹਾਂਮਾਰੀ ਅਤੇ ਯੂਕਰੇਨ ਸੰਕਟ ਕਾਰਨ ਪੈਦਾ ਹੋਈਆਂ ਗਲੋਬਲ ਚੁਣੌਤੀਆਂ ਨੇ ਦੁਨੀਆ ਵਿੱਚ ਤਬਾਹੀ ਮਚਾਈ ਹੈ। ਭਾਰਤ ਦੀ ਆਗਾਮੀ ਜੀ-20 ਦੀ ਪ੍ਰਧਾਨਗੀ ਦੇ ਸੰਦਰਭ ਵਿੱਚ, ਮੋਦੀ ਨੇ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ "ਜਦੋਂ ਜੀ-20 ਦੀ ਮੀਟਿੰਗ (ਗੌਤਮ) ਬੁੱਧ ਅਤੇ (ਮਹਾਤਮਾ) ਗਾਂਧੀ ਦੀ ਧਰਤੀ 'ਤੇ ਹੋਵੇਗੀ, ਤਾਂ ਅਸੀਂ ਸਾਰੇ ਮਿਲ ਕੇ ਦੁਨੀਆ ਨੂੰ ਇੱਕ ਮਜ਼ਬੂਤ ਨੀਂਹ ਦੇ ਸਕਦੇ ਹਾਂ।

ਪੀਐੈਮ ਮੋਦੀ ਨੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਸੁਨਕ ਨਾਲ ਵੀ ਮੁਲਾਕਾਤ ਕੀਤੀ। ਪਿਛਲੇ ਮਹੀਨੇ ਸੁਨਕ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਦੋਵਾਂ ਵਿਚਾਲੇ ਇਹ ਪਹਿਲੀ ਆਹਮੋ-ਸਾਹਮਣੇ ਗੱਲਬਾਤ ਸੀ। ਇੱਕ ਹੋਰ ਟਵੀਟ ਵਿੱਚ, ਪੀਐੈਮਓ ਨੇ ਕਿਹਾ, "ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਿਸ਼ੀ ਸੁਨਕ ਨੇ ਬਾਲੀ ਵਿੱਚ ਜੀ 20 ਸਿਖਰ ਸੰਮੇਲਨ ਦੇ ਪਹਿਲੇ ਦਿਨ ਚਰਚਾ ਕੀਤੀ।" ਵਰਣਨਯੋਗ ਹੈ ਕਿ ਜੀ-20 ਅੰਤਰਰਾਸ਼ਟਰੀ ਆਰਥਿਕ ਭਾਈਵਾਲੀ ਦਾ ਇੱਕ ਪ੍ਰਮੁੱਖ ਸੰਗਠਨ ਹੈ ਜੋ ਵਿਸ਼ਵ ਦੀ ਕੁੱਲ ਜੀਡੀਪੀ ਵਿੱਚ 80 ਪ੍ਰਤੀਸ਼ਤ ਤੋਂ ਵੱਧ ਯੋਗਦਾਨ ਪਾਉਂਦਾ ਹੈ। ਦੁਨੀਆ ਦੇ ਕੁੱਲ ਵਪਾਰ ਦਾ ਲਗਭਗ 75 ਫੀਸਦੀ ਜੀ-20 ਦੇਸ਼ਾਂ ਵਿਚਕਾਰ ਹੁੰਦਾ ਹੈ ਅਤੇ ਦੁਨੀਆ ਦੀ ਲਗਭਗ ਦੋ ਤਿਹਾਈ ਆਬਾਦੀ ਇੱਥੇ ਰਹਿੰਦੀ ਹੈ। ਇਸ ਸੰਦਰਭ ਵਿੱਚ ਭਾਰਤ ਵੱਲੋਂ ਇਸ ਕਾਨਫਰੰਸ ਦੀ ਮੇਜ਼ਬਾਨੀ ਬਹੁਤ ਮਹੱਤਵ ਰੱਖਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਕੁਝ ਦਿਨ ਪਹਿਲਾਂ ਵੀਡੀਓ ਕਾਨਫਰੰਸਿੰਗ ਰਾਹੀਂ ਇਸ ਦੀ ਕਾਨਫਰੰਸ ਦੀ ਥੀਮ ਅਤੇ ਲੋਕਾਂ ਨੂੰ ਜਾਰੀ ਕੀਤਾ ਸੀ। ਇਸ ਮੌਕੇ ਉਨ੍ਹਾਂ ਕਿਹਾ ਸੀ ਕਿ ਜੀ-20 ਦਾ ਲੋਗੋ ਸਿਰਫ਼ ਇੱਕ ਨਿਸ਼ਾਨ ਨਹੀਂ ਸਗੋਂ ਭਾਰਤ ਦੇ ਲੋਕਾਂ ਦੀ ਭਾਵਨਾ ਹੈ ਜੋ ਭਾਰਤ ਦੇ ਵਾਸੁਦੇਵ ਕੁਟੁੰਬਕਮ ਦੇ ਸਿਧਾਂਤਾਂ 'ਤੇ ਆਧਾਰਿਤ ਹੈ। ਧਿਆਨ ਯੋਗ ਹੈ ਕਿ ਜੀ-20 ਦੇਸ਼ਾਂ ਦੀ ਕਾਨਫਰੰਸ ਦਾ ਚੇਅਰਮੈਨ ਭਾਵੇਂ ਕੋਈ ਵੀ ਹੋਵੇ, ਪਰ ਇਸ ਵਿਚ ਜਿਸ ਏਜੰਡੇ 'ਤੇ ਚਰਚਾ ਕੀਤੀ ਜਾਣੀ ਹੈ, ਉਸ ਵਿਚ ਵਿਸ਼ਵ ਦੀ ਆਰਥਿਕਤਾ ਵਿਚ ਸੁਧਾਰ, ਵਿਸ਼ਵ ਦੇ ਵਾਤਾਵਰਣ ਵਿਚ ਸੁਧਾਰ, ਕਾਰਬਨ ਨਿਕਾਸੀ ਵਿਚ ਕਮੀ, ਦਰਪੇਸ਼ ਚੁਣੌਤੀਆਂ ਦੇ ਹੱਲ ਸ਼ਾਮਲ ਹਨ। ਸੰਸਾਰ. ਇਹ ਵਾਪਰਦਾ ਹੈ. ਇਸ ਤੋਂ ਇਲਾਵਾ ਦੁਵੱਲੇ ਮੁੱਦਿਆਂ 'ਤੇ ਵੀ ਗੱਲਬਾਤ ਹੁੰਦੀ ਹੈ। ਇਹ ਸਭ ਅਗਲੇ ਸਾਲ ਭਾਰਤ ਵਿੱਚ ਹੋਣ ਵਾਲੀ ਜੀ-20 ਕਾਨਫਰੰਸ ਦੇ ਏਜੰਡੇ ਵਿੱਚ ਵੀ ਸ਼ਾਮਲ ਹੋਵੇਗਾ। ਆਉਣ ਵਾਲੇ ਸਮੇਂ 'ਚ ਹੋਣ ਵਾਲੀ ਜੀ-20 ਕਾਨਫਰੰਸ ਦਾ ਵਿਸ਼ਾ ਵਾਸੁਦੇਵ ਕੁਟੁੰਬਕਮ ਅਤੇ ਇਕ ਧਰਤੀ, ਇਕ ਪਰਿਵਾਰ ਅਤੇ ਇਕ ਭਵਿੱਖ 'ਤੇ ਆਧਾਰਿਤ ਹੈ। ਇਸ ਦਾ ਲੋਗੋ ਦੁਨੀਆ ਨੂੰ ਇੱਕ ਪਰਿਵਾਰ ਦੇ ਰੂਪ ਵਿੱਚ ਵੀ ਦਰਸਾਉਂਦਾ ਹੈ। 2023 ਦੇ ਲੋਕਾਂ ਵਿੱਚ, ਧਰਤੀ ਨੂੰ ਕਮਲ ਦੇ ਫੁੱਲ 'ਤੇ ਦਿਖਾਇਆ ਗਿਆ ਹੈ. ਕਮਲ ਦੇ ਫੁੱਲ ਦੀਆਂ ਸੱਤ ਪੱਤੀਆਂ ਧਰਤੀ ਦੇ ਸੱਤ ਮਹਾਂਦੀਪਾਂ ਨੂੰ ਦਰਸਾਉਂਦੀਆਂ ਹਨ। ਇਸ ਦੇ ਹੇਠਾਂ ਦੇਵਨਾਗਰੀ ਵਿੱਚ ਭਾਰਤ ਲਿਖਿਆ ਹੈ। ਭਾਰਤ ਨੂੰ ਇਸਦੀ ਮੇਜ਼ਬਾਨੀ ਮਿਲਣ ਨਾਲ ਇਸ ਦੀਆਂ ਮੀਟਿੰਗਾਂ ਦਾ ਦੌਰ ਸ਼ੁਰੂ ਹੋ ਜਾਵੇਗਾ। ਇਸ ਤਹਿਤ ਸ਼ੇਰਪਾ ਦੀ ਮੀਟਿੰਗ 4-7 ਦਸੰਬਰ 2022 ਨੂੰ, ਵਿਕਾਸ ਕਾਰਜ ਸਮੂਹ ਦੀ ਮੀਟਿੰਗ 12-15 ਦਸੰਬਰ 2022 ਨੂੰ ਹੋਵੇਗੀ।

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545

See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL

Allstate
You're in good hands.
Avninder Singh
Insurance Specialist, CA Lic. # 0822501
Auto • Home • Life • Health • Business • Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

Raj Budwal
(Investment and Fiancial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ
ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ
TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 3155 Kearney Street Fremont , CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511

# ਪੰਜਾਬ 'ਚ ਅਮਨ ਕਾਨੂੰਨ ਦੇ ਹਾਲਾਤ ਉੱਤੇ ਸਵਾਲ ਖੜ੍ਹੇ ਕਰਨ ਵਾਲੀਆਂ ਵਾਰਦਾਤਾਂ

10 ਨਵੰਬਰ ਨੂੰ ਫਰੀਦਕੋਟ ਦੇ ਕੋਟਕਪੁਰਾ ਵਿੱਚ ਡੇਰਾ ਸੱਚਾ ਸੌਦਾ ਪ੍ਰੇਮੀ ਪ੍ਰਦੀਪ ਸਿੰਘ ਦੇ ਕਤਲ ਨੇ ਪੰਜਾਬ ਵਿੱਚ ਅਮਨ-ਕਾਨੂੰਨ ਦੇ ਹਾਲਾਤ ਉੱਤੇ ਮੁੜ ਸਵਾਲ ਖੜ੍ਹੇ ਕਰ ਦਿੱਤੇ ਹਨ। ਮਾਰਚ 2022, ਜਦੋਂ ਤੋਂ ਪੰਜਾਬ ਵਿੱਚ ਭਗਵੰਤ ਮਾਨ ਦੀ ਅਗਵਾਈ ਵਿਚ ਸਰਕਾਰ ਬਣੀ ਹੈ, ਉਸ ਤੋਂ ਕੁਝ ਦਿਨ ਪਹਿਲਾਂ ਹੀ ਸ਼ੁਰੂ ਹੋਈਆਂ



ਵਾਰਦਾਤਾਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਸੂਬੇ ਵਿੱਚ ਵਿਰੋਧੀ ਧਿਰਾਂ ਸਰਕਾਰ 'ਤੇ ਅਮਨ ਕਾਨੂੰਨ ਦੇ ਹਾਲਾਤ ਨੂੰ ਕਾਬੂ ਨਾ ਰੱਖ ਸਕਣ ਦਾ ਇਲਜ਼ਾਮ ਲਗਾ ਰਹੀਆਂ ਅਤੇ ਸਰਕਾਰ ਹਾਲਾਤ ਨਾ ਵਿਗੜਣ ਦੇਣ ਦੇ ਦਾਅਵੇ ਕਰ ਰਹੀ ਹੈ।

ਪੌਪ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਨੇ ਤਾਂ ਪੰਜਾਬ ਦੇ ਹਾਲਾਤ ਨੂੰ ਕੌਮਾਂਤਰੀ ਪੱਧਰ ਦੀ ਚਰਚਾ ਵਿੱਚ ਲਿਆ ਦਿੱਤਾ ਹੈ। ਅਜਿਹਾ ਨਹੀਂ ਹੈ ਜੁਰਮ ਦੀਆਂ ਘਟਨਾਵਾਂ ਕੋਈ ਨਵੀਂ ਗੱਲ ਹੈ। ਪਰ ਮੌਜੂਦਾ ਸਰਕਾਰ ਬਣਨ ਤੋਂ ਬਾਅਦ ਇਨ੍ਹਾਂ ਦਾ ਇੱਕ ਲਗਾਤਾਰ ਸਿਲਸਿਲਾ ਜਿਹਾ ਬਣ ਗਿਆ ਹੈ। ਇਸ ਰਿਪੋਰਟ ਵਿੱਚ ਪੰਜਾਬ ਸਰਕਾਰ ਦੇ 8 ਮਹੀਨੇ ਦੇ ਕਾਰਜਕਾਲ ਦੌਰਾਨ ਅਮਨ ਕਾਨੂੰਨ ਨਾਲ ਸਬੰਧਤ 7 ਵੱਡੀਆਂ ਵਾਰਦਾਤਾਂ ਦਾ ਜ਼ਿਕਰ ਕਰਾਂਗੇ।

### ਡੇਰਾ ਪ੍ਰੇਮੀ ਦਾ ਗੋਲੀਆਂ ਮਾਰ ਕੇ ਕਤਲ

10 ਨਵੰਬਰ ਸਵੇਰੇ ਕਰੀਬ 7 ਵਜੇ ਕੋਟਕਪੂਰਾ 'ਚ ਪ੍ਰਦੀਪ ਸਿੰਘ ਨਾਂ ਦੇ ਡੇਰਾ ਪ੍ਰੇਮੀ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਕੁਝ ਹਥਿਆਰਬੰਦ ਲੋਕਾਂ ਨੇ ਉਨ੍ਹਾਂ ਦੀ ਦੁਕਾਨ ਵਿੱਚ ਵੜਕੇ ਗੋਲੀਆਂ ਮਾਰੀਆਂ ਅਤੇ ਫਰਾਰ ਹੋ ਗਏ। ਇਹ ਘਟਨਾ ਠੀਕ ਉਸੇ ਤਰ੍ਹਾਂ ਅੰਜਾਮ ਦਿੱਤੀ ਗਈ ਜਿਵੇਂ ਸਿੱਧੂ ਮੂਸੇਵਾਲਾ ਦਾ ਕਤਲ ਕੀਤਾ ਗਿਆ ਸੀ। ਪੁਲਿਸ ਵੱਲੋਂ ਦਰਜ ਮੁੱਢਲੀ ਜਾਂਚ ਰਿਪੋਰਟ ਮੁਤਾਬਕ ਘਟਨਾ ਨੂੰ ਉਸ ਵੇਲੇ ਅੰਜਾਮ ਦਿੱਤਾ ਗਿਆ ਜਦੋਂ ਡੇਰਾ ਪ੍ਰੇਮੀ ਪ੍ਰਦੀਪ ਸਿੰਘ ਦੁਕਾਨ ਖੋਲ੍ਹਣ ਲਈ ਪਹੁੰਚੇ ਸਨ। ਹਮਲਾਵਰ ਮੋਟਰਸਾਈਕਲਾਂ 'ਤੇ ਆਏ ਸਨ। ਲਾਰੈਂਸ਼ ਬਿਸ਼ਨੋਈ ਗੈਂਗ ਦੇ ਜਿਸ ਸਰਗਨਾ, ਗੋਲਡੀ ਬਰਾੜ ਨੇ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਸੀ, ਉਸੇ ਨੇ ਪੋਸਟ ਪਾ ਕੇ ਇਸ ਕਤਲ ਦੀ ਵੀ ਜ਼ਿੰਮੇਵਾਰੀ ਲਈ ਹੈ। ਮਾਰੇ ਗਏ ਡੇਰਾ ਪ੍ਰੇਮੀ ਦਾ ਨਾਮ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਵਿੱਚ ਆਇਆ ਸੀ, ਸਾਲ 2021 ਤੋਂ ਉਨ੍ਹਾਂ ਨੂੰ ਜ਼ਮਾਨਤ ਮਿਲੀ ਹੋਈ ਸੀ।

ਪ੍ਰਦੀਪ ਸਿੰਘ ਨੂੰ ਸੁਰੱਖਿਆ ਮਿਲੀ ਹੋਈ ਸੀ ਅਤੇ ਹਮਲੇ ਦੌਰਾਨ ਉਸ ਦਾ ਸੁਰੱਖਿਆ ਕਰਮੀ ਵੀ ਜ਼ਖ਼ਮੀ ਹੋਇਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਘਟਨਾ ਉੱਤੇ ਪ੍ਰਤੀਕਰਮ ਦਿੱਤਾ ਅਤੇ ਕਿਹਾ, "ਪੰਜਾਬ ਇੱਕ ਅਮਨ ਪਸੰਦ ਸੂਬਾ ਹੈ। ਇੱਥੇ ਲੋਕਾਂ ਦਾ ਆਪਸੀ ਭਾਈਚਾਰਾ ਬਹੁਤ ਮਜ਼ਬੂਤ ਹੈ। ਕਿਸੇ ਨੂੰ ਵੀ ਪੰਜਾਬ ਦੀ ਸ਼ਾਂਤੀ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।"

### ਸੰਦੀਪ ਨੰਗਲ ਅੰਬੀਆ ਦਾ ਕਤਲ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਸਹੁੰ ਚੁੱਕਣ ਤੋਂ ਦੋ ਦਿਨ ਪਹਿਲਾਂ ਹੀ ਪਹਿਲੀ ਵਾਰਦਾਤ ਘਟ ਗਈ ਸੀ। 14 ਮਾਰਚ ਨੂੰ ਜਲੰਧਰ ਸ਼ਹਿਰ ਨੇੜੇ ਪਿੰਡ ਮੱਲੀਆਂ ਕਲਾਂ ਵਿੱਚ ਕੌਮਾਂਤਰੀ ਪੱਧਰ ਦੇ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਨੂੰ ਟੂਰਨਾਮੈਂਟ ਦੌਰਾਨ ਅੰਨ੍ਹੇਵਾਹ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਸੰਦੀਪ ਨੰਗਲ ਉਰਫ਼ ਸੰਦੀਪ ਸਿੰਘ ਸੰਧੂ ਅੰਬੀਆਂ ਸ਼ਾਹਕੋਟ ਨੇੜਲੇ ਪਿੰਡ ਨੰਗਲ ਅੰਬੀਆਂ ਦਾ ਰਹਿਣ ਵਾਲਾ ਸੀ। ਸੰਦੀਪ ਕਬੱਡੀ ਦੀ ਦੁਨੀਆਂ



ਦਾ ਚਰਚਿਤ ਅਤੇ ਹਲੀਮੀ ਨਾਲ ਭਰਿਆ ਨਾਮ ਸੀ। ਸੰਦੀਪ ਦੀ ਮੌਤ ਤੋਂ ਬਾਅਦ ਪੰਜਾਬ ਤੋਂ ਲੈ ਕੇ ਆਲਮੀ ਪੱਧਰ ਤੱਕ ਕਬੱਡੀ ਨੂੰ ਪਸੰਦ ਕਰਨ ਵਾਲੇ ਲੋਕਾਂ ਵਿੱਚ ਸੋਗ ਦੀ ਲਹਿਰ ਦੌੜ ਗਈ ਸੀ। ਅਜੇ ਕੁਝ ਦਿਨ ਪਹਿਲਾਂ ਹੀ ਸੰਦੀਪ ਦੀ ਪਤਨੀ ਨੇ ਇੱਕ ਵੀਡੀਓ ਸੰਦੇਸ਼ ਰਾਹੀ ਪੰਜਾਬ ਸਰਕਾਰ ਤੋਂ ਇਨਸਾਫ਼ ਦੀ ਮੰਗ ਕੀਤੀ ਸੀ। ਉਨ੍ਹਾਂ ਇਲਜ਼ਾਮ ਲਾਇਆ ਸੀ ਕਿ ਸੰਦੀਪ ਦਾ ਕਤਲ ਕਰਵਾਉਣ ਪਿੱਛੇ ਪਰਿਵਾਰ ਨੂੰ ਜਿਸ ਵਿਅਕਤੀ ਉੱਤੇ ਸ਼ੱਕ ਹੈ, ਉਸ ਬਾਰੇ ਪੁਲਿਸ ਨੂੰ ਸੂਚਨਾ ਦਿੱਤੇ ਜਾਣ ਦੇ ਬਾਵਜੂਦ ਕਾਰਵਾਈ ਨਹੀਂ ਹੋਈ। ਪੁਲਿਸ ਇਸ ਮਾਮਲੇ ਵਿੱਚ ਕੁਝ ਗ੍ਰਿਫ਼ਤਾਰੀਆਂ ਕਰਨ ਦਾ ਵੀ ਦਾਅਵਾ ਕਰ ਚੁੱਕੀ ਹੈ।

### ਪਟਿਆਲਾ ਕਾਲੀ ਮੰਦਿਰ ਘਟਨਾ

ਭਾਰਤ ਸਰਕਾਰ ਵੱਲੋਂ ਪਾਬੰਦੀਸ਼ੁਦਾ ਸੰਸਥਾ 'ਸਿੱਖਸ ਫਾਰ ਜਸਟਿਸ' ਵੱਲੋਂ ਅਪ੍ਰੈਲ ਮਹੀਨੇ ਵਿੱਚ ਡੀਸੀ ਦਫਤਰਾਂ 'ਤੇ ਖ਼ਾਲਿਸਤਾਨ ਪੱਖੀ ਝੰਡੇ ਲਹਿਰਾਉਣ ਦੀ ਅਪੀਲ ਕੀਤੀ ਗਈ ਸੀ। ਪਟਿਆਲਾ ਵਿੱਚ ਸ਼ਿਵ ਸੈਨਾ ਵੱਲੋਂ ਇਸ ਅਪੀਲ ਦੇ ਵਿਰੋਧ ਵਿੱਚ ਮਾਰਚ ਦਾ ਸੱਦਾ ਦਿੱਤਾ ਗਿਆ ਸੀ। ਇਸ ਤੋਂ ਬਾਅਦ ਇਸੇ ਮਾਰਚ ਦੇ ਵਿਰੋਧ ਵਿਚ ਕਈ ਸਿੱਖ ਸੰਗਠਨ ਵੀ ਵਿਰੋਧ ਪ੍ਰਦਰਸ਼ਨ ਲਈ ਸੜਕਾਂ ਉੱਤੇ ਉਤਰ ਆਏ ਸਨ। ਇਹ ਮਾਰਚ ਪਟਿਆਲਾ ਦੇ ਫ਼ੁਹਾਰਾ ਚੌਂਕ ਤੋਂ ਸ਼ੁਰੂ ਹੋਇਆ ਅਤੇ ਕਾਲੀ ਮਾਤਾ ਮੰਦਿਰ ਤੱਕ ਪਹੁੰਚਿਆ, ਜਿੱਥੇ ਇਨ੍ਹਾਂ ਦਾ ਆਪਸੀ ਵਿੱਚ ਟਕਰਾਅ ਹੋ ਗਿਆ ਸੀ।

ਦੋਵਾਂ ਧਿਰਾਂ ਵਿਚਾਲੇ ਕਾਫੀ ਤਣਾਅ ਵਧਿਆ, ਪੱਥਰਬਾਜ਼ੀ ਹੋਈ ਤੇ ਤਲਵਾਰਾਂ ਲਹਿਰਾਈਆਂ ਗਈਆਂ। ਪੁਲਿਸ ਵੱਲੋਂ ਹਾਲਾਤ ਨੂੰ ਕਾਬੂ ਕਰਨ ਲਈ ਹਵਾਈ ਫਾਇਰਿੰਗ ਵੀ ਕੀਤੀ ਗਈ ਸੀ। ਹਾਲਾਂਕਿ, ਇਨ੍ਹਾਂ ਹਿੰਸਕ ਘਟਨਾਵਾਂ ਤੋਂ ਬਾਅਦ ਪੁਲਿਸ ਵੱਲੋਂ ਇਸ ਮਾਮਲੇ ਵਿੱਚ ਮੁੱਖ ਮੁਲਜ਼ਮ ਦੱਸੇ ਜਾ ਰਹੇ ਹਰੀਸ਼ ਸਿੰਗਲਾ ਤੇ ਬਰਜਿੰਦਰ ਸਿੰਘ ਪਰਵਾਨਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਬਰਜਿੰਦਰ ਸਿੰਘ ਪਰਵਾਨਾ ਦਮਦਮੀ ਟਕਸਾਲ ਰਾਜਪੁਰਾ ਨਾਲ ਸਬੰਧਿਤ ਹੈ ਜਦ ਕਿ ਹਰੀਸ਼ ਸਿੰਗਲਾ ਦਾ ਸਬੰਧ ਸ਼ਿਵ ਸੈਨਾ ਨਾਲ ਸੀ। ਪਟਿਆਲਾ ਦੇ ਆਈਜੀ ਮੁਖਵਿੰਦਰ ਸਿੰਘ ਛੀਨਾ ਨੇ ਜਾਣਕਾਰੀ ਦਿੱਤੀ ਸੀ ਕਿ ਇਸ ਮਾਮਲੇ ਵਿੱਚ 6 ਹੋਰ ਗ੍ਰਿਫ਼ਤਾਰੀਆਂ ਕੀਤੀਆਂ ਸਨ।

### ਪੰਜਾਬ ਪੁਲਿਸ ਦੇ ਖ਼ੁਫ਼ੀਆ ਹੈੱਡਕੁਆਟਰ 'ਤੇ ਹਮਲਾ

9 ਮਈ ਦੀ ਰਾਤ ਮੁਹਾਲੀ ਵਿੱਚ ਪੰਜਾਬ ਪੁਲਿਸ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਸ਼ਾਮ 7:45 ਵਜੇ ਹਮਲਾ ਹੋਇਆ ਸੀ। ਜਿਸ ਨੇ ਪੰਜਾਬ ਦੀ ਸੁਰੱਖਿਆ ਨੂੰ ਡੂੰਘੀ ਚਿੰਤਾ ਦਾ ਵਿਸ਼ਾ ਬਣਾ ਦਿੱਤਾ ਸੀ। ਪੰਜਾਬ ਪੁਲਿਸ ਦੇ ਡੀਜੀਪੀ ਵੀਕੇ ਭੰਵਰਾ ਨੇ ਉਸ ਵੇਲੇ ਕਿਹਾ ਸੀ ਕਿ ਇੱਕ ਪ੍ਰੋਜੈਕਟਾਈਲ ਵੱਜੀ ਹੈ ਅਤੇ ਵਿਸਫੋਟਕ ਟੀਐਨਟੀ ਲੱਗ ਰਿਹਾ ਹੈ। ਇਸ ਧਮਾਕੇ ਲਈ ਵਰਤੇ ਗਏ ਲਾਂਚਰ ਨੂੰ ਬਰਾਮਦ ਕਰ ਲਿਆ ਗਿਆ ਸੀ। ਪੰਜਾਬ ਇੱਕ ਵੱਖਰਾ ਖ਼ੁਫ਼ੀਆ ਹੈਡ ਕੁਆਰਟਰ ਰੱਖਣ ਵਾਲੇ ਬਹੁਤ ਘੱਟ ਸੂਬਿਆਂ ਵਿੱਚੋਂ ਇੱਕ ਹੈ। ਪੁਲਿਸ ਨੇ ਇਸ ਨੂੰ ਸੂਬੇ ਵਿੱਚ ਸਰਗਰਮ ਗੈਂਗਸਟਰਾਂ ਅਤੇ ਵਿਦੇਸ਼ਾਂ ਵਿੱਚ ਬੈਠੇ ਖਾਲਿਸਤਾਨ ਪੱਖ਼ੀ ਕਾਰਕੁਨਾਂ ਦੀ ਰਲੀ-ਮਿਲੀ ਸਾਜਿਸ਼ ਕਰਾਰ ਦਿੱਤਾ ਸੀ।

### ਗਾਇਕ ਸਿੱਧੂ ਮੂਸੇਵਾਲਾ ਕਤਲ

29 ਮਈ ਨੂੰ ਪੰਜਾਬੀ ਗਾਇਕ ਅਤੇ ਕਾਂਗਰਸੀ ਆਗੂ ਸਿੱਧੂ ਮੂਸੇਵਾਲਾ ਉੱਪਰ ਮਾਨਸਾ ਵਿਖੇ ਅਣਪਛਾਤੇ ਲੋਕਾਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਕਤਲ ਨੇ ਪੰਜਾਬ ਦੇ ਨਾਲ-ਨਾਲ ਦੇਸ਼ਾਂ-ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਨੂੰ ਝੰਜੋੜ ਦਿੱਤਾ ਸੀ। ਸਿੱਧੂ ਮੂਸੇਵਾਲਾ ਪੰਜਾਬੀ ਦਾ ਕੌਮਾਂਤਰੀ ਪੱਧਰ ਦਾ ਪੌਪ ਸਟਾਰ ਸੀ। ਉਸ ਨੂੰ ਘੇਰ ਕੇ ਦਿਨ-ਦਿਹਾੜੇ ਅਤਿਆਧੁਨਿਕ ਹਥਿਆਰਾਂ ਨਾਲ ਕਤਲ ਕੀਤਾ ਗਿਆ ਸੀ। ਸਿੱਧੂ ਮੂਸੇਵਾਲਾ ਦੇ ਕਤਲ ਨੂੰ ਪੰਜਾਬ ਪੁਲਿਸ ਨੇ ਗੈਂਗਵਾਰ ਨਾਲ ਜੋੜਿਆ। ਜਿਸ ਦਿਨ ਘਟਨਾ ਵਾਪਰੀ ਸੀ ਉਸ ਤੋਂ ਇੱਕ ਦਿਨ ਪਹਿਲਾਂ ਹੀ ਪੰਜਾਬ ਵਿਚਲੀ ਆਮ ਆਦਮੀ ਪਾਰਟੀ ਸਰਕਾਰ ਨੇ ਵੱਖ-ਵੱਖ ਖੇਤਰਾਂ ਨਾਲ ਸੰਬੰਧਿਤ 424 ਹਸਤੀਆਂ ਨੂੰ ਦਿੱਤੀ ਪੁਲਿਸ ਸੁਰੱਖਿਆ ਨੂੰ ਘਟਾਇਆ ਜਾਂ ਖ਼ਤਮ ਕੀਤਾ ਸੀ।

### ਚਰਚ 'ਚ ਭੰਨਤੋੜ ਦਾ ਮਾਮਲਾ

ਅਗਸਤ ਦੇ ਅਖ਼ੀਰ ਵਿੱਚ ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੇ ਪੱਟੀ ਨਜ਼ਦੀਕ ਪਿੰਡ ਠੱਕਰਪੁਰ ਵਿੱਚ ਇੱਕ ਚਰਚ ਵਿੱਚ ਭੰਨਤੋੜ ਕੀਤੀ ਗਈ। ਇਸ ਘਟਨਾ ਨੂੰ ਮੁਲਜ਼ਮ ਵੱਲੋਂ ਅੰਜਾਮ ਦੇਣ ਦੀਆਂ ਤਸਵੀਰਾਂ ਵੀ ਸੀਸੀਟੀਵੀ ਕੈਮਰੇ ਰਾਹੀਂ ਸਾਹਮਣੇ ਆਈਆਂ ਸੀ। ਤਸਵੀਰਾਂ ਵਿੱਚ




ਨਜ਼ਰ ਆ ਰਿਹਾ ਸੀ ਕਿ ਇੱਕ ਵਿਅਕਤੀ ਚਰਚ ਦੇ ਅੰਦਰ ਜਾ ਕੇ ਧਾਰਮਿਕ ਮੂਰਤੀਆਂ ਨੂੰ ਤੋੜ ਰਿਹਾ ਹੈ। ਇਸ ਤੋਂ ਇਲਾਵਾ ਚਰਚ ਵਿੱਚ ਇੱਕ ਕਾਰ ਨੂੰ ਵੀ ਅੱਗ ਲਗਾਈ ਗਈ ਸੀ। ਤਰਨਤਾਰਨ ਦੇ ਐੱਸਐੱਸਪੀ ਆਰਐੱਸ ਢਿੱਲੋਂ ਨੇ ਇਸ ਘਟਨਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਸੀ ਕਿ ਮਾਮਲੇ ਵਿੱਚ ਐੱਫਆਈਆਰ ਦਰਜ ਕਰ ਲਈ ਗਈ ਹੈ। ਧਾਰਮਿਕ ਭਾਵਨਾਵਾਂ ਭੜਕਾਉਣ ਦੀ ਕੋਸ਼ਿਸ਼ ਅਤੇ ਧਾਰਮਿਕ ਸਥਾਨ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਤਹਿਤ ਇਹ ਮਾਮਲਾ ਦਰਜ ਕੀਤਾ ਗਿਆ ਹੈ। ਇਸ ਘਟਨਾ ਤੋਂ ਬਾਅਦ ਈਸਾਈ ਭਾਈਚਾਰੇ ਦੇ ਲੋਕਾਂ ਵੱਲੋਂ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ ਸੀ ਜਿਸ ਨੂੰ ਬਾਅਦ ਵਿੱਚ ਪ੍ਰਸ਼ਾਸਨ ਦੇ ਭਰੋਸੇ ਤੋਂ ਬਾਅਦ ਖ਼ਤਮ ਕਰ ਦਿੱਤਾ ਗਿਆ ਸੀ।

### ਨਵੰਬਰ ਵਿੱਚ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦਾ ਕਤਲ

4 ਨਵੰਬਰ ਨੂੰ ਅੰਮ੍ਰਿਤਸਰ ਵਿੱਚ ਸ਼ਿਵ ਸੈਨਾ (ਟਕਸਾਲੀ) ਆਗੂ ਸੁਧੀਰ ਸੂਰੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਸ਼ਹਿਰ ਦੇ ਗੋਪਾਲ ਮੰਦਿਰ ਬਾਹਰ ਉਨ੍ਹਾਂ ਉੱਤੇ ਹਮਲਾ ਹੋਇਆ। ਉਹ ਹਮਲੇ ਤੋਂ ਪਹਿਲਾਂ ਇੱਕ ਮੰਦਰ ਵਲੋਂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਕੂੜੇ ਵਿੱਚ ਸੁੱਟੇ ਜਾਣ ਦੇ ਵਿਰੋਧ ਵਿੱਚ ਉਹ ਧਰਨੇ ਉੱਤੇ ਬੈਠੇ ਸਨ। ਸੋਸ਼ਲ ਮੀਡੀਆ ਉੱਤੇ ਵਾਇਰਲ ਵੀਡੀਓ ਮੁਤਾਬਕ ਉਨ੍ਹਾਂ ਨਾਲ ਕਿਸੇ ਦੀ ਬਹਿਸਬਾਜ਼ੀ ਹੁੰਦੀ ਦਿਖਾਈ ਦੇ ਰਹੀ ਹੈ, ਅਤੇ ਫਿਰ ਉਨ੍ਹਾਂ ਉੱਤੇ ਗੋਲੀਆਂ ਚਲਾਈਆਂ ਜਾਂਦੀਆਂ ਹਨ। ਹਾਲਾਂਕਿ, ਇਸ ਮਾਮਲੇ ਵਿੱਚ ਪੁਲਿਸ ਨੇ ਇੱਕ ਮੁਲਜ਼ਮ ਨੂੰ ਘਟਨਾ ਵਾਲੀ ਥਾਂ ਤੋਂ ਹੀ ਗ੍ਰਿਫ਼ਤਾਰ ਕਰ ਲਿਆ ਸੀ। ਗੋਲੀਆਂ ਲੱਗਣ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ, ਪਰ ਉਸ ਤੋਂ ਪਹਿਲਾਂ ਹੀ ਉਨ੍ਹਾਂ ਦੀ ਮੌਤ ਹੋ ਚੁੱਕੀ ਸੀ। ਜਿਸ ਤੋਂ ਬਾਅਦ ਇਲਾਕੇ ਵਿੱਚ ਤਣਾਅ ਦਾ ਮਾਹੌਲ ਪੈਦਾ ਹੋ ਗਿਆ ਸੀ। ਸ਼ਿਵ ਸੈਨਾ ਦੇ ਗੁੱਟਾ ਨੇ ਇਸ ਤੋਂ ਬਾਅਦ ਪੰਜਾਬ ਬੰਦ ਦਾ ਸੱਦਾ ਵੀ ਦਿੱਤਾ ਅਤੇ ਦੋ ਦਿਨ ਬਾਅਦ ਸਸਕਾਰ ਕੀਤਾ।

# ਪੰਜਾਬੀ ਨੌਜਵਾਨ ਪੀੜ੍ਹੀ ਦੀ ਦਸ਼ਾ ਅਤੇ ਦਿਸ਼ਾ



ਪੰਜਾਬ ਦੀਆਂ ਫਿਜ਼ਾਵਾਂ ਵਿਚੋਂ ਇਕ ਵਾਰ ਫਿਰ 1978ਵਿਆਂ ਵਾਲੇ ਦੌਰ ਵਰਗੀ ਗੰਧ ਆਉਣੀ ਸ਼ੁਰੂ ਹੋ ਚੁੱਕੀ ਹੈ। ਵੱਖ ਵੱਖ ਵੰਨਗੀ ਦੀਆਂ ਬੁਨਿਆਦਪ੍ਰਸਤ ਸ਼ਕਤੀਆਂ, ਅਮਨ ਕਾਨੂੰਨ ਕਾਇਮ ਰੱਖਣ ਵਾਲੀ ਮਸ਼ੀਨਰੀ ਦੇ ਲਾਲਚੀ ਅਧਿਕਾਰੀਆਂ ਅਤੇ ਸਮਾਜ ਵਿਰੋਧੀ ਅਨਸਰਾਂ ਦਾ ਗਠਜੋੜ ਉੱਭਰਦਾ ਦਿਖਾਈ ਦੇ ਰਿਹਾ ਹੈ। ਭੜਕਾਊ ਅਨਸਰਾਂ ਦੀ ਸਮੁੱਚੀ ਹਾਲਤ ਅਜੇ ਬੇਸ਼ਕ ਹਾਸ਼ੀਏ ਉੱਤੇ ਹੀ ਜਾਪਦੀ ਹੈ ਪਰ ਦੇਖਿਆ ਜਾਵੇ ਤਾਂ ਇਸ ਦੀ ਧਮਕ ਦੂਰ ਤੱਕ ਸੁਣਾਈ ਦਿੰਦੀ ਹੈ। ਡੇਢ ਸਾਲ ਚੱਲੇ ਬੇਮਿਸਾਲ ਕਿਸਾਨ ਮੋਰਚੇ ਦੌਰਾਨ ਵੱਖ ਵੱਖ ਤਬਕਿਆਂ ਦੀ ਵਿਸ਼ਾਲ ਏਕਤਾ ਉੱਭਰੀ ਸੀ। ਉਸ ਸੰਘਰਸ਼ ਵਿਚ ਪੰਜਾਬ ਦੇ ਨੌਜਵਾਨਾਂ ਦੀ ਵਿਸ਼ੇਸ਼ ਭੂਮਿਕਾ ਰਹੀ ਸੀ। ਇਹ ਗੱਲ ਮੰਨਣ ਵਿਚ ਵੀ ਝਿਜਕ ਨਹੀਂ ਹੋਣੀ ਚਾਹੀਦੀ ਕਿ ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੇ ਮਾਲੀ ਮਦਦ ਕਰਨ ਵਿਚ ਤਕੜੀ ਭੂਮਿਕਾ ਨਿਭਾਈ ਸੀ। ਇਹ ਵੀ ਸਪੱਸ਼ਟ ਤੌਰ 'ਤੇ ਸਾਹਮਣੇ ਆ ਗਿਆ ਸੀ ਕਿ ਕੁਝ ਵਿਅਕਤੀਆਂ ਨੇ ਕਿਸਾਨ ਮੋਰਚੇ ਨੂੰ ਧਰਮ ਆਧਾਰਿਤ ਅੰਦੋਲਨ ਵਿਚ ਬਦਲਣ ਲਈ ਵੀ ਪੂਰੀ ਵਾਹ ਲਾਈ। ਕਿਸਾਨ ਅੰਦੋਲਨ ਦੀ ਸੁਯੋਗ ਲੀਡਰਸ਼ਿਪ ਨੇ ਕਿਵੇਂ ਨਾ ਕਿਵੇਂ ਮੌਕਾ ਸੰਭਾਲ ਕੇ ਅੰਦੋਲਨ ਨੂੰ ਧਰਮ ਨਿਰਪੱਖ ਲੀਹਾਂ ਤੋਂ ਖਿੜਕਣ ਨਹੀਂ ਦਿੱਤਾ ਅਤੇ ਆਪਣੀ ਏਕਤਾ ਕਾਇਮ ਰੱਖਦੇ ਹੋਏ ਜਿੱਤ ਪ੍ਰਾਪਤ ਕਰਨ ਵਿਚ ਸਫਲ ਰਹੀ।

ਇਹ ਵੀ ਸੱਚ ਹੈ ਕਿ ਜ਼ਮੀਨੀ ਪੱਧਰ ਅਤੇ ਸੋਸ਼ਲ ਮੀਡੀਆ ਉਪਰ ਉਹ ਤਾਕਤਾਂ ਲਗਾਤਾਰ ਸਰਗਰਮੀ ਰੱਖ ਰਹੀਆਂ ਹਨ ਜੋ ਕਿਸਾਨ ਲਹਿਰ ਨੂੰ ਹਿੰਸਕ ਦਿਸ਼ਾ ਦੇਣ ਲਈ ਤਤਪਰ ਸਨ ਅਤੇ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਕਾਰਜਸ਼ੀਲ ਹਨ। ਪੰਜਾਬ ਵਿਚ ਬੇਸ਼ਕ ਦਹਿਸ਼ਤ-ਗਰਦੀ ਨਾਲ ਸਬੰਧਿਤ ਵੱਡੀਆਂ ਘਟਨਾਵਾਂ ਨਹੀਂ ਵਾਪਰੀਆਂ ਪਰ ਲੁਧਿਆਣਾ ਦੀਆਂ ਕਚਹਿਰੀਆਂ ਵਿਚ ਹੋਏ ਬੰਬ ਧਮਾਕੇ, ਪੁਲੀਸ ਦੇ ਮੁਹਾਲੀ ਸਥਿਤ ਮੁੱਖ ਦਫ਼ਤਰ ਉਪਰ

**ਕਰਮ ਬਰਸਟ**

ਹੋਏ ਰਾਕਟ ਹਮਲੇ ਅਤੇ ਅੰਮ੍ਰਿਤਸਰ ਵਿਚ ਇਕ ਪੁਲੀਸ ਅਧਿਕਾਰੀ ਦੀ ਗੱਡੀ ਹੇਠਾਂ ਬੰਬ ਫਿੱਟ ਕਰਨ ਵਰਗੀਆਂ ਅਸਫਲ ਕਾਰਵਾਈਆਂ ਵਿਚੋਂ ਖਾੜਕੂ ਲਹਿਰ ਨੂੰ ਮੁੜ ਸੁਰਜੀਤ ਕਰਨ ਦੀ ਧੁਨੀ ਸਪੱਸ਼ਟ ਸੁਣਾਈ ਦੇ ਰਹੀ ਹੈ। 'ਸਿੱਖ ਕੌਮ' ਦੀ ਗੁਲਾਮੀ ਦਾ ਨਵਾਂ ਬਿਰਤਾਂਤ ਵੀ ਸਿਰਜਿਆ ਜਾ ਰਿਹਾ ਹੈ। ਇਸ ਦੇ ਮੁਕਾਬਲੇ ਸ਼ਿਵ ਸੈਨਾ ਵਰਗੀਆਂ ਮੂਲਵਾਦੀ ਜਥੇਬੰਦੀਆਂ ਵੀ ਹਰਕਤ ਕਰ ਰਹੀਆਂ ਹਨ। ਹੁਣੇ ਹੀ ਸ਼ਿਵ ਸੈਨਾ ਦੇ ਘੱਟ ਜਾਣੇ ਜਾਂਦੇ ਧੜੇ ਦੇ ਆਗੂ ਦੀ ਹੱਤਿਆ ਨਾਲ ਭਾਵੇਂ ਸਮਾਜਿਕ ਮਾਹੌਲ ਦੇ ਫ਼ੌਰੀ ਤੌਰ 'ਤੇ ਹੋਰ ਦੂਸ਼ਿਤ ਹੋ ਜਾਣ ਦੀਆਂ ਸੰਭਾਵਨਾਵਾਂ ਨਹੀਂ ਹਨ ਪਰ ਇਸ ਘਟਨਾ ਦੀ ਮੱਧਮ ਗੂੰਜ ਦੂਰ ਤੱਕ ਸਫਰ ਕਰ ਸਕਦੀ ਹੈ। ਹਾਲ ਹੀ ਵਿਚ ਡੇਰਾ ਪ੍ਰੇਮੀ ਦੇ ਕਤਲ ਨੇ ਵੀ ਚਰਚਾ ਛੇੜ ਦਿੱਤੀ ਹੈ। ਮੋਟੇ ਤੌਰ 'ਤੇ ਪੰਜਾਬ ਦੇ ਅਮਨ ਕਾਨੂੰਨ ਦੀ ਹਾਲਤ ਸਰਕਾਰ ਦੇ ਕੰਟਰੋਲ ਵਿਚ ਹੈ ਪਰ ਇਸ ਹਾਲਤ ਨੂੰ ਵਡੇਰੇ ਪ੍ਰਸੰਗ ਤੋ ਅੱਖੋਂ ਪਰੋਖੇ ਕਰ ਕੇ ਦੇਖਣਾ ਖ਼ਤਰਨਾਕ ਸਾਬਤ ਹੋ ਸਕਦਾ ਹੈ।

ਫਰਵਰੀ 2022 ਦੀਆਂ ਚੋਣਾਂ ਦੌਰਾਨ ਚੁਣ ਕੇ ਆਈ ਨਵੀਂ ਵਿਧਾਨ ਸਭਾ ਵੱਲ ਨਜ਼ਰ ਮਾਰੀਏ ਤਾਂ ਸਿਫ਼ਤੀ ਤਬਦੀਲੀ ਦੀ ਆਸ ਬੱਝੀ ਸੀ। ਪੰਜਾਬ ਦੇ ਚੋਣ ਇਤਿਹਾਸ ਵਿਚ ਪਹਿਲੀ ਵਾਰ ਸਭ ਤੋਂ ਛੋਟੀ ਉਮਰ ਦਾ ਆਗੂ ਭਗਵੰਤ ਮਾਨ ਵਿਧਾਇਕਾਂ ਦੀ ਬਹੁਤ ਵੱਡੀ ਬਹੁਗਿਣਤੀ ਨਾਲ ਮੁੱਖ ਮੰਤਰੀ ਬਣਿਆ (ਬੇਸ਼ਕ 1970 ਵਿਚ ਪ੍ਰਕਾਸ਼ ਸਿੰਘ ਬਾਦਲ ਸਭ ਤੋਂ ਛੋਟੀ ਉਮਰ ਦਾ ਮੁੱਖ ਮੰਤਰੀ ਸੀ ਪਰ ਉਹ ਨਿਰੋਲ ਸਿਆਸੀ ਜੋੜ-ਤੋੜ ਵਾਲੀ ਘੱਟਗਿਣਤੀ ਵਾਲੀ ਥੋੜ੍ਹ-ਚਿਰੀ ਸਰਕਾਰ ਸੀ)। ਪੰਜਾਬ ਦੀ ਮੌਜੂਦਾ ਵਿਧਾਨ ਸਭਾ ਦੇ ਵਿਧਾਇਕਾਂ ਦੀ ਔਸਤ ਉਮਰ 50 ਸਾਲ ਹੈ ਜੋ ਰਿਕਾਰਡ ਹੈ। 117 ਵਿਚੋਂ 85 ਵਿਧਾਇਕ ਪਹਿਲੀ ਵਾਰ ਚੁਣੇ ਗਏ ਹਨ ਜਿਨ੍ਹਾਂ ਵਿਚੋਂ 12 ਤਾਂ ਐਮਬੀਬੀਐਸ ਡਾਕਟਰ ਹਨ; 11 ਦੀ ਉਮਰ 35 ਸਾਲ ਤੋਂ ਘੱਟ ਅਤੇ 39 ਦੀ ਉਮਰ 35 ਤੋ 45 ਸਾਲ ਦੇ ਵਿਚਕਾਰ ਹੈ। ਕੈਬਨਿਟ ਮੰਤਰੀਆਂ ਦੀ ਔਸਤ ਉਮਰ 47 ਸਾਲ ਹੈ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬ ਦੀ ਜਨਤਾ ਨੇ ਹਰ ਪ੍ਰਕਾਰ ਅਤੇ ਸਿਆਸੀ ਰੰਗ ਦੀ ਬੁੱਢੀ ਲੀਡਰਸ਼ਿਪ ਨੂੰ ਨਕਾਰ ਕੇ ਨੌਜਵਾਨਾਂ ਨੂੰ ਮੌਕਾ ਦਿੱਤਾ ਹੈ। ਇਸ ਲਈ ਹੁਣ ਇਹ ਨਹੀਂ ਕਿਹਾ ਜਾ ਸਕਦਾ ਕਿ ਪੰਜਾਬ ਨੂੰ ਬੁੱਢੀ ਅਤੇ ਪਰਿਵਾਰ-ਪ੍ਰਸਤ ਲੀਡਰਸ਼ਿਪ ਜੱਫਾ ਮਾਰੀ ਬੈਠੀ ਹੈ। ਇਸੇ ਲਈ ਇਸ

(ਬਾਕੀ ਸਫਾ 22 'ਤੇ)

# ਯੂਬਾ ਸਿਟੀ ਦਾ ਨਗਰ ਕੀਰਤਨ ਐਤਕੀ 43ਵੇਂ ਸਾਲ 'ਚ



**ਯੂਬਾ ਸਿਟੀ–** ਪਿਛਲੇ ਹਫਤੇ ਯੂਬਾ ਸਿਟੀ ਵਿਖੇ 43ਵਾਂ ਨਗਰ ਕੀਰਤਨ ਸੰਪੂਰਨ ਹੋਇਆ ਤੇ ਇਸ ਸਾਲ ਦੋ ਸਾਲਾਂ ਮਗਰੋਂ ਇਸ ਨਗਰ ਕੀਰਤਨ ਵਿਚ ਪਹਿਲੇ ਸਾਲਾਂ ਦੀ ਤਰ੍ਹਾਂ ਰੌਣਕਾਂ ਵਾਪਸ ਆ ਗਈਆਂ।

ਸੰਗਤਾਂ ਨੇ ਵੀ ਪਹਿਲੇ ਸਾਲਾਂ ਤੋਂ ਵੱਧ-ਚੜ੍ਹ ਕੇ ਇਸ ਸ਼ੁਭ ਦਿਨ ਨੂੰ ਮਨਾਉਣ ਲਈ ਯੋਗਦਾਨ ਪਾਇਆ।

ਪਹਿਲੇ ਸਾਲਾਂ ਤੋਂ ਵੱਧ ਲੰਗਰਾਂ ਦੀ ਸੇਵਾ ਵੀ ਸਿੱਖ ਪਰਿਵਾਰਾਂ ਵੱਲੋਂ ਕੀਤੀ ਗਈ। ਦੂਰ-ਦੁਰਾਡਿਉਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਇਸ ਸ਼ੁਭ ਮੌਕੇ 'ਤੇ ਪਹੁੰਚੀਆਂ ਤੇ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦੇ ਉਪਰ ਹੈਲੀਕਾਪਟਰ ਨਾਲ ਫੁੱਲਾਂ ਦੀ ਵਰਖਾ ਕੀਤੀ ਗਈ।

ਇਸ ਨਗਰ ਕੀਰਤਨ ਦੀ ਸ਼ੁਰੂਆਤ ਸਵਰਗੀ ਸ: ਦੀਦਾਰ ਸਿੰਘ ਬੈਂਸ ਹੁਰਾਂ ਵੱਲੋਂ 1979-80 'ਚ (ਪਹਿਲੀ ਵਾਰ) ਕੀਤੀ ਗਈ ਸੀ ਤੇ ਅੱਜ ਤੱਕ ਸ: ਦੀਦਾਰ ਸਿੰਘ ਬੈਂਸ ਨੇ ਇਸ ਨਗਰ ਕੀਰਤਨ ਨੂੰ ਸੰਬੋਧਨ ਕਰਨ ਲਈ ਅੱਗੇ ਹੋ ਕੇ ਕੰਮ ਕੀਤਾ।

ਐਤਕੀ ਦੀਦਾਰ ਸਿੰਘ ਬੈਂਸ ਦੋ ਮਹੀਨੇ ਪਹਿਲਾਂ ਸਵਰਗਵਾਸ (ਸਤੰਬਰ 3, 2022) ਹੋ ਗਏ। ਉਹਨਾਂ ਦੀ ਘਾਟ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ।

ਟਾਇਰਾ ਬੁਏਨਾ ਰੋਡ ਦੇ ਉਪਰ ਹੀ ਐਤਕੀ ਸ. ਗੁਰਨਾਮ ਸਿੰਘ ਪੰਮਾ, ਦਲਬੀਰ ਗਿੱਲ, ਸ. ਰੌਣਕ ਸਿੰਘ (ਅਕਾਲੀ ਦਲ ਦੇ ਲੀਡਰ), ਸ. ਗੁਰਮੇਜ਼ ਸਿੰਘ ਗਿੱਲ, ਸ. ਕਰਮਵੀਰ ਸਿੰਘ ਬੈਂਸ, ਮਨਜੀਤ ਸਿੰਘ ਬੈਂਸ (ਸ. ਦੀਦਾਰ ਸਿੰਘ ਬੈਂਸ ਦੇ ਸਪੁੱਤਰ), ਸ. ਪਰਮਿੰਦਰ ਸਿੰਘ ਗਰੇਵਾਲ, ਢੇਰੀ ਸਾਹਿਬ, ਢਿੱਲੋਂ ਬ੍ਰਦਰਜ਼ ਤੇ ਹੋਰ ਪਤਵੰਤੇ ਸੱਜਣਾਂ ਵੱਲੋਂ ਚਲਾਏ ਜਾਂਦੇ ਲੰਗਰਾਂ 'ਚ ਬਹੁਤ ਯੋਗਦਾਨ ਪਾਇਆ।

ਸ. ਰੌਣਕ ਸਿੰਘ ਤੇ ਸ. ਗੁਰਨਾਮ ਸਿੰਘ ਪੰਮਾ ਵੱਲੋਂ ਸ. ਹਰਜਿੰਦਰ ਸਿੰਘ ਧਾਮੀ ਸਾਹਿਬ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਈਆਂ ਚੋਣਾਂ 'ਚ ਫਿਰ ਤੋਂ ਪ੍ਰਧਾਨ ਚੁਣੇ ਜਾਣ ਤੇ ਵਧਾਈਆਂ ਦਿੱਤੀਆਂ ਗਈਆਂ। ਉਹਨਾਂ ਵੱਲੋਂ ਸਾਰੀ ਲੋਕਾਈ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀਆਂ ਲੱਖ-ਲੱਖ ਵਧਾਈਆਂ।

**– ਬਲਬੀਰ ਸਿੰਘ ਐਮ. ਏ.**

# ਅਪਰਾਧਿਕ ਪਿਛੋਕੜ ਵਾਲਿਆਂ ਤੋਂ ਹਥਿਆਰ ਵਾਪਸ ਲਵੇਗੀ 'ਆਪ' ਸਰਕਾਰ

ਚੰਡੀਗੜ੍ਹ- 'ਆਪ' ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਇਥੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਅਪਰਾਧਿਕ ਪਿ-ਛੋਕੜ ਵਾਲੇ ਵਿਅਕਤੀਆਂ ਕੋਲੋਂ ਹਥਿਆਰ ਵਾਪਸ ਲਏ ਜਾਣਗੇ।

ਪੰਜਾਬ ਸਰਕਾਰ ਵੱਲੋਂ ਹਥਿਆਰਾਂ ਦੇ ਲਾਇਸੈਂਸਾਂ ਦੀ ਸਮੀਖਿਆ ਕਰਨ ਤੇ ਗ਼ੈਰ-ਜ਼ਰੂਰੀ ਲਾਇਸੈਂਸਾਂ ਨੂੰ ਰੱਦ ਕਰਨ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਪੰਜਾਬ ਵਿੱਚੋਂ ਗੰਨ ਕਲਚਰ ਨੂੰ ਪੂਰੀ ਤਰ੍ਹਾਂ ਖਤਮ ਕਰੇਗੀ।





**ਸੂਬੇ ਅੰਦਰ ਗੈਂਗਸਟਰਾਂ ਕਾਰਨ ਖ਼ੌਫ ਵਧਿਆ: ਜਾਖੜ**

ਸਾਬਕਾ ਸੰਸਦ ਮੈਂਬਰ ਤੇ ਭਾਜਪਾ ਆਗੂ ਸੁਨੀਲ ਜਾਖੜ ਨੇ ਕਿਹਾ ਕਿ ਸੂਬੇ ਅੰਦਰ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ ਕਿਉਂਕਿ ਪੰਜਾਬ 'ਚ ਗੈਂਗਸਟਰਾਂ ਦਾ ਬੋਲ ਬਾਲਾ ਹੈ। ਲੋਕਾਂ ਅੰਦਰ ਸਹਿਮ ਹੈ ਤੇ ਕਿਸੇ ਨੂੰ ਖ਼ੁਦ ਦੀ ਸੁਰੱਖਿਆ ਦਾ ਭਰੋਸਾ ਨਹੀਂ। ਸ੍ਰੀ ਜਾਖੜ ਨੇ ਅੱਜ ਇੱਥੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੀ ਮਾਤਾ ਦੇ ਸ਼ਰਧਾਂਜਲੀ ਸਮਾਗਮ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੋਕ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ ਕਿਉਂਕਿ 'ਆਪ' ਪਾਰਟੀ ਦੀ ਸਰਕਾਰ ਲੋਕਾਂ ਦੀਆਂ ਆਸਾਂ 'ਤੇ ਖ਼ਰੀ ਨਹੀਂ ਉਤਰੀ। ਉਨ੍ਹਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਕੋਲ ਗ੍ਰਹਿ ਵਿਭਾਗ ਵੀ ਹੈ, ਪਰ ਜਾਨਲੇਵਾ ਘਟਨਾਵਾਂ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ ਹੈ। 'ਆਪ' ਆਗੂ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿਚ ਚੋਣ ਪ੍ਰਚਾਰ ਕਰਨ ਨੂੰ ਤਾਂ ਤਰਜੀਹ ਦੇ ਰਹੇ ਹਨ ਪਰ ਸੂਬੇ ਦਾ ਉਨ੍ਹਾਂ ਨੂੰ ਕੋਈ ਫ਼ਿਕਰ ਨਹੀਂ।

# ਗੁਜਰਾਤ ਚੋਣਾਂ ਲਈ ਹਰਭਜਨ ਸਿੰਘ 'ਆਪ' ਦੇ ਸਟਾਰ ਪ੍ਰਚਾਰਕ



ਨਵੀਂ ਦਿੱਲੀ- ਕ੍ਰਿਕਟਰ ਤੋਂ ਸਿਆਸੀ ਨੇਤਾ ਬਣੇ ਹਰਭਜਨ ਸਿੰਘ ਗੁਜਰਾਤ ਵਿਧਾਨ ਸਭਾ ਚੋਣਾਂ ਵਿਚ 'ਆਪ' ਦੇ ਸਟਾਰ ਪ੍ਰਚਾਰਕ ਹੋਣਗੇ। 'ਆਪ' ਦੇ ਸਟਾਰ ਪ੍ਰਚਾਰਕਾਂ ਦੀ ਸੂਚੀ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਪਾਰਟੀ ਆਗੂ ਸੰਜੈ ਸਿੰਘ ਤੇ ਰਾਘਵ ਚੱਢਾ ਦਾ ਨਾਂ ਸ਼ਾਮਲ ਹੈ। ਇਸ ਤੋਂ ਇਲਾਵਾ ਮਨੀਸ਼ ਸਿਸੋਦੀਆ ਵੀ ਸਟਾਰ ਪ੍ਰਚਾਰਕ ਹਨ। ਦੱਸਣਯੋਗ ਹੈ ਕਿ ਭਾਜਪਾ, ਕਾਂਗਰਸ, 'ਸਪਾ' ਤੇ ਕਈ ਹੋਰ ਪਾਰਟੀਆਂ ਨੇ ਆਪਣੇ ਸਟਾਰ ਪ੍ਰਚਾਰਕਾਂ ਦੀ ਸੂਚੀ ਚੋਣ ਕਮਿਸ਼ਨ ਨੂੰ ਸੌਂਪ ਦਿੱਤੀ ਹੈ। ਭਾਜਪਾ ਦੀ ਸੂਚੀ ਵਿਚ 40 ਸਟਾਰ ਪ੍ਰਚਾਰਕ ਹਨ ਜਿਨ੍ਹਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਮੰਤਰੀ ਅਮਿਤ ਸ਼ਾਹ ਤੇ ਹੋਰ ਸ਼ਾਮਲ ਹਨ। ਕਾਂਗਰਸ ਦੀ ਸੂਚੀ ਵਿਚ ਸੋਨੀਆ ਗਾਂਧੀ, ਰਾਹੁਲ ਤੇ ਪ੍ਰਿਯੰਕਾ ਗਾਂਧੀ ਸਣੇ 40 ਆਗੂਆਂ ਦਾ ਨਾਂ ਹੈ।

SINGHWORLDtravel
Lycamobile Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com

1248 Franklin Ave. #A
Yuba City CA, 95991

To buy Home, business or any kind of property
Please consult before finalizing your deal or decision
To get polite and best service call
Gurjeet Rai
DRE 02149422
408-802-5303

Address -
2221 Oakland Road ,
Suite 268 San Jose 95131

# ਸੰਪਾਦਕੀ

## ਪੰਜਾਬ ਦੀ ਅਮਨ-ਕਾਨੂੰਨ ਵਿਵਸਥਾ

ਪੰਜਾਬ ਵਿਚ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਕਾਨੂੰਨ ਵਿਵਸਥਾ ਵਿਵਾਦਾਂ ਦੇ ਘੇਰੇ ਵਿਚ ਆਉਂਦੀ ਜਾ ਰਹੀ ਹੈ। ਸਿਆਸਤਦਾਨਾਂ ਦੁਆਰਾ ਪੈਦਾ ਕੀਤਾ ਗਿਆ ਗੁੰਡਾ ਕਲਚਰ ਅੱਜ ਦੇ ਸਮੇਂ ਵਿਚ ਗੈਂਗਸਟਰ ਕਲਚਰ ਬਣ ਚੁੱਕਿਆ ਹੈ। ਇਹਨਾਂ ਦੀ ਜੁਅਰਤ ਇੰਨੀ ਵੱਧ ਚੁੱਕੀ ਹੈ ਕਿ ਇਹ ਸ਼ਰੇਆਮ ਕਤਲ ਕਰਕੇ ਉਸ ਦੀ ਜ਼ਿੰਮੇਵਾਰੀ ਵੀ ਲੈਂਦੇ ਹਨ ਅਤੇ ਕਾਨੂੰਨ ਵਿਵਸਥਾ ਹੱਕ ਮਲਦੀ ਰਹਿ ਜਾਂਦੀ ਹੈ। ਪੰਜਾਬ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਦੇ ਵਿਦਿਆਰਥੀ ਇਹਨਾਂ ਦਾ ਆਸਾਨੀ ਨਾਲ ਸ਼ਿਕਾਰ ਬਣ ਜਾਂਦੇ ਹਨ ਅਤੇ ਅਪਰਾਧ ਦੀ ਦਲਦਲ ਵਿਚ ਫਸਦੇ ਚਲੇ ਜਾਂਦੇ ਹਨ। ਹੁਣ ਹਾਲਾਤ ਬਹੁਤ ਹੀ ਨਾਜ਼ੁਕ ਦੌਰ ਵਿਚ ਹਨ ਅਤੇ ਪੰਜਾਬ ਵਿਚ ਆਮ ਲੋਕਾਂ ਦਾ ਵਿਸ਼ਵਾਸ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਡਗਮਗਾ ਰਿਹਾ ਹੈ। ਆਖਿਰ ਇਸ ਦੇ ਲਈ ਜ਼ਿੰਮੇਵਾਰ ਕੌਣ ਹੈ? ਇਸ ਦੇ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ ਸਰਕਾਰ ਦੀਆਂ ਨੀਤੀਆਂ। ਸਿਵਲ ਸੁਸਾਇਟੀ ਵਿਚ ਅਮਨ-ਸ਼ਾਂਤੀ ਬਹਾਲ ਰੱਖਣ ਦੀ ਜ਼ਿੰਮੇਵਾਰੀ ਪੁਲਿਸ ਨੂੰ ਦਿੱਤੀ ਜਾਂਦੀ ਹੈ ਪਰ ਪੁਲਿਸ ਦੀ ਹਾਲਤ ਅਜਿਹੀ ਹੈ ਕਿ ਇਹ ਕੋਈ ਪ੍ਰਭਾਵਸ਼ਾਲੀ ਕਦਮ ਚੁੱਕਣ ਤੋਂ ਅਸਮਰੱਥ ਹੁੰਦੀ ਜਾ ਰਹੀ ਹੈ। ਪੰਜਾਬ ਇਕ ਬਾਰਡਰ ਸਟੇਟ ਹੋਣ ਕਾਰਨ ਪਹਿਲਾਂ ਨਸ਼ਿਆਂ ਦੀ ਦਲਦਲ ਵਿਚ ਫਸਾਇਆ ਗਿਆ ਅਤੇ ਹੁਣ ਨਜਾਇਜ਼ ਹਥਿਆਰ ਵੀ ਨਾਲ ਹੀ ਪੰਜਾਬ ਵਿਚ ਵਧਣੇ ਆਰੰਭ ਹੋ ਗਏ ਹਨ। ਦੁਨੀਆਂ ਭਰ ਵਿਚ ਬੈਠੇ ਅਪਰਾਧੀਆਂ ਨਾਲ ਵੀ ਨਸ਼ਾ ਸਮਗਲਰਾਂ ਅਤੇ ਅਪਰਾਧੀਆਂ ਦੇ ਤਾਰ ਜੁੜ ਗਏ ਹਨ। ਇਸ ਸਥਿਤੀ ਨੂੰ ਕਾਬੂ ਕਰਨ ਲਈ ਜੋ ਕਦਮ ਚੁੱਕੇ ਜਾ ਰਹੇ ਹਨ, ਉਹ ਨਾਕਾਫੀ ਹਨ।

ਗੈਂਗਸਟਰ ਹੁਣ ਹਥਿਆਰ ਆਪਣੇ ਹੱਥ 'ਚ ਫੜ ਕੇ ਖ਼ੁਦ ਨੂੰ ਯਮਰਾਜ ਦੇ ਹਰਕਾਰੇ ਸਮਝਣ ਲੱਗ ਪਏ ਹਨ। ਸਰਕਾਰ ਤੇ ਪੁਲਿਸ ਪ੍ਰਸ਼ਾਸਨ ਦਾ ਕਿਸੇ ਨੂੰ ਕੋਈ ਡਰ ਨਹੀਂ ਰਿਹਾ। ਇਸੇ ਲਈ ਦਰਜਨਾਂ ਉੱਚ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ 'ਚ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦਾ ਕਤਲ ਹੋ ਜਾਂਦਾ ਹੈ। ਇਕ ਹਫ਼ਤੇ ਅੰਦਰ ਪੰਜਾਬ 'ਚ ਦੂਜਾ ਕਤਲ ਆਪਣੇ ਆਪ 'ਚ ਇਕ ਸ਼ਰਮਨਾਕ ਘਟਨਾ ਹੈ। ਗੈਂਗਸਟਰਾਂ ਨੂੰ ਕਿਸੇ ਸੀਸੀਟੀਵੀ ਕੈਮਰੇ ਦਾ ਵੀ ਕੋਈ ਡਰ ਨਹੀਂ। ਉਨ੍ਹਾਂ ਨੇ ਇਸ ਵਾਰਦਾਤ ਨੂੰ ਅੰਜਾਮ ਦਿੰਦਿਆਂ ਆਪਣੇ ਮੂੰਹ ਵੀ ਨਹੀਂ ਢਕੇ। ਇਸ ਤੋਂ ਉਨ੍ਹਾਂ ਦੇ ਖੁੱਲ੍ਹੇ ਜੇਰਿਆਂ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਪੰਜਾਬ ਸਰਹੱਦੀ ਸੂਬਾ ਹੈ ਤੇ ਇੱਥੋਂ ਦੇ ਹਾਲਾਤ ਸਮੁੱਚੇ ਦੇਸ਼ 'ਤੇ ਅਸਰਅੰਦਾਜ਼ ਹੁੰਦੇ ਹਨ। ਇੱਥੋਂ ਦੀ ਜਨਤਾ ਕਦੇ ਨਹੀਂ ਚਾਹੁੰਦੀ ਕਿ ਉਨ੍ਹਾਂ ਦਾ ਖ਼ੁਸ਼ਹਾਲ ਸੂਬਾ ਇਕ ਵਾਰ ਫਿਰ ਕਾਲੇ ਦਿਨਾਂ ਵੱਲ ਪਰਤੇ। ਜੇਕਰ ਪੰਜਾਬ ਸਰਕਾਰ ਹੁਣ ਵੀ ਨਾ ਸੰਭਲੀ ਤਾਂ ਹਾਲਾਤ ਹੋਰ ਜ਼ਿਆਦਾ ਵਿਗੜ ਜਾਣਗੇ ਅਤੇ ਕਾਬੂ ਤੋਂ ਬਾਹਰ ਹੋ ਜਾਣਗੇ। ਪੰਜਾਬ ਨੂੰ ਫਿਰ ਐਮਰਜੈਂਸੀ ਅਤੇ ਸਖਤ ਕਾਨੂੰਨਾਂ ਦੀ ਮਾਰ ਸਹਿਣ ਕਰਨੀ ਪਵੇਗੀ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771
36415 RUSCHIN DR. NEWARK, CA 94560
Ranjit Kandola ,Managing Editor
email-Kandola@macloans.net
Buta Ram joshi Staff Reporter, Fresno 559-803-0055
Sanjeev Garg Kali, Reporter Malwa Area, 96713-53789
RAJ BUDWAL
MEDIA PARTNER / REPRESENTATIVE
8350202@gmail.com 408-835-0202
Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਨਾਜ਼ਕ ਦੌਰ ਵਿਚੋਂ ਲੰਘ ਰਿਹਾ ਹੈ ਪੰਜਾਬ


**ਜਗਰੂਪ ਸਿੰਘ ਸੇਖੋਂ**

ਪੰਜਾਬ ਇਸ ਸਮੇਂ ਫਿਰ ਇਕ ਵਾਰ ਬਹੁਤ ਨਾਜ਼ਕ ਦੌਰ ਵਿਚੋਂ ਲੰਘ ਰਿਹਾ ਹੈ। ਪੰਜਾਬ ਵਿਚ ਲੰਮੇ ਸਮੇਂ ਦੀ ਰਾਜਨੀਤਕ, ਆਰਥਿਕ ਅਤੇ ਸੱਭਿਆਚਾਰਕ ਅਰਾਜਕਤਾ ਕਰ ਕੇ ਹਾਲਾਤ ਕਾਫ਼ੀ ਗੰਭੀਰ ਦਿਖਾਈ ਦਿੰਦੇ ਹਨ। ਸੂਬੇ ਨੂੰ ਗੈਂਗਵਾਰ, ਸ਼ਰੇਆਮ ਕਤਲੋਗ਼ਾਰਤ, ਕਾਨੂੰਨ ਪ੍ਰਬੰਧ ਦੇ ਵਧਦੇ ਵਿਰੋਧ, ਲੋਕਾਂ ਦਾ ਸੰਸਥਾਵਾਂ 'ਚੋਂ ਘਟਦੇ ਵਿਸ਼ਵਾਸ, ਵਧ ਰਹੀ ਧਾਰਮਿਕ ਕੱਟੜਤਾ ਅਤੇ ਟਕਰਾਅ, ਕੇਂਦਰ ਅਤੇ ਰਾਜ ਵਿਚਕਾਰ ਵਧ ਰਹੀ ਤਲਖ਼ੀ, ਸਿਆਸੀ ਪਾਰਟੀਆਂ ਦੇ ਆਗੂਆਂ ਦੇ ਨੈਤਿਕ ਪਤਨ ਆਦਿ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਦੇ ਹਰ ਤਬਕੇ ਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਵੱਡੀਆਂ ਸਮੱਸਿਆਵਾਂ ਪੈਦਾ ਹੋਣਗੀਆਂ। ਇਹ ਵਰਤਾਰਾ ਖ਼ਾਸ ਕਰ ਕੇ ਪਿਛਲੇ 20-25 ਸਾਲਾਂ ਤੋਂ ਸ਼ੁਰੂ ਹੋਇਆ ਜਿਸ ਨੇ ਹੁਣ ਲੋਕਾਂ ਅਤੇ ਸਰਕਾਰ ਸਾਹਮਣੇ ਵੱਡੇ ਸਵਾਲ ਪੈਦਾ ਕਰ ਦਿੱਤੇ ਹਨ। ਇਸ ਦੇ ਨਾਲ ਹੀ ਲਗਾਤਾਰ ਵਧ ਰਹੀ ਅਨਪੜ੍ਹਤਾ ਤੇ ਮਾੜਾ ਵਿੱਦਿਅਕ ਪ੍ਰਬੰਧ, ਡੇਰਾਵਾਦ, ਰੂੜੀਵਾਦੀ ਸੋਚ ਆਦਿ ਨੇ ਹਮੇਸ਼ਾ ਹੀ ਪਿਛਾਂਹ-ਖਿੱਚੂ ਤਾਕਤਾਂ ਲਈ ਜ਼ਮੀਨ ਤਿਆਰ ਕੀਤੀ ਹੈ।

ਇੱਥੇ ਇਹ ਦੱਸਣਾ ਬਣਦਾ ਹੈ ਕਿ ਛੋਟੇ ਜਿਹੇ ਪ੍ਰਾਂਤ ਪੰਜਾਬ ਵਿਚ 2011 ਦੀ ਮਰਦਮਸ਼ੁਮਾਰੀ ਮੁਤਾਬਕ ਕੁੱਲ ਆਬਾਦੀ ਦਾ ਚੌਥਾ ਹਿੱਸਾ ਅਨਪੜ੍ਹ ਸੀ ਅਤੇ ਜੋ ਪੜ੍ਹੇ-ਲਿਖ ਵੀ ਗਏ, ਉਨ੍ਹਾਂ ਵਿਚ ਬਹੁਤ ਸਾਰੇ ਮੌਜੂਦਾ ਸਮੇਂ ਦੀਆਂ ਹਕੀਕੀ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਸਮਰੱਥ ਨਹੀਂ ਹਨ। ਇਸ ਤੋਂ ਇਲਾਵਾ ਦਮਨਕਾਰੀ, ਗ਼ੈਰ-ਜਮਹੂਰੀ, ਬੇਈਮਾਨ ਅਤੇ ਲੋਕਾਂ ਦੀਆਂ ਉਮੀਦਾਂ ਤੋਂ ਉਲਟ ਕੰਮ ਕਰਨ ਵਾਲੀਆਂ ਸਰਕਾਰਾਂ ਦੇ ਮਾੜੇ ਫ਼ੈਸਲੇ, ਅਤਿ ਦਰਜੇ ਦਾ ਭ੍ਰਿਸ਼ਟਾਚਾਰੀ ਪ੍ਰਬੰਧ, ਨੌਕਰਸ਼ਾਹੀ ਦਾ ਆਪ-ਹੁਦਰਾਪਣ ਤੇ ਭ੍ਰਿਸ਼ਟਾਚਾਰ, ਖੇਤੀ ਦੀ ਖੜੋਤ ਤੇ ਨਿਘਾਰ, ਲੋਕਾਂ ਦੇ ਸਾਧਨਾਂ, ਭਾਵ ਕੁਦਰਤੀ ਸਾਧਨਾਂ ਤੇ ਸਰਕਾਰ ਵਿਚ ਕਾਬਜ਼ ਕੁਝ ਲੋਕਾਂ ਜਾਂ ਪਰਿਵਾਰਾਂ ਦਾ ਕਬਜ਼ਾ, ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਜਾਂ ਸੌਦੇਬਾਜ਼ੀ ਆਦਿ ਨੇ ਅਜਿਹਾ ਮਾਹੌਲ ਸਿਰਜਿਆ ਜਿਸ ਕਰ ਕੇ ਲੋਕਾਂ ਦਾ ਰਾਜ ਕਰਦੀਆਂ ਧਿਰਾਂ ਦੇ ਨਾਲ ਨਾਲ ਸੰਸਥਾਵਾਂ ਤੋਂ ਵੀ ਵਿਸ਼ਵਾਸ ਉੱਠਣਾ ਸ਼ੁਰੂ ਹੋ ਗਿਆ। ਅਜਿਹੇ ਮਾਹੌਲ ਵਿਚ ਕੋਈ ਨਵਾਂ ਘਟਨਾਕ੍ਰਮ ਜਾਂ ਉੱਭਰੀ ਸ਼ਖ਼ਸੀਅਤ ਕਈ ਵਾਰੀ ਕੁਝ ਲੋਕਾਂ ਜਾਂ ਸਮੂਹਾਂ ਨੂੰ ਆਪਣੇ ਵੱਲ ਖਿੱਚਦੀ ਹੈ ਜਿਸ ਨਾਲ ਇਹੋ ਜਿਹੇ ਵਰਤਾਰੇ ਮਾੜੀ ਹਾਲਤ ਦਾ ਰੂਪ ਧਾਰਨ ਕਰ ਲੈਂਦੇ ਹਨ ਜਿਸ ਤਰ੍ਹਾਂ ਪੰਜਾਬ ਵਿਚ ਅੱਜ ਤੋਂ 40-45 ਸਾਲ ਪਹਿਲਾਂ ਹੋਇਆ ਸੀ।

ਹੁਣ ਅਸੀਂ ਕੁਝ ਅਜਿਹੀਆਂ ਘਟਨਾਵਾਂ ਦੀ ਗੱਲ ਕਰਦੇ ਹਾਂ ਜੋ ਪੰਜਾਬ ਦੇ ਲੋਕਾਂ ਲਈ ਕਈ ਸ਼ੰਕੇ ਪੈਦਾ ਕਰ ਰਹੀਆਂ ਹਨ, ਖ਼ਾਸ ਕਰ ਕੇ ਉਨ੍ਹਾਂ ਲਈ ਜਿਨ੍ਹਾਂ ਨੇ 1978-93 ਤੱਕ ਦਾ ਦੌਰ ਦੇਖਿਆ ਜਾਂ ਹੰਢਾਇਆ ਹੈ। ਇਨ੍ਹਾਂ ਸਾਲਾਂ ਵਿਚ ਹੋਈਆਂ ਕੁਝ ਘਟਨਾਵਾਂ ਵਿਚ ਖ਼ਾਸ ਕਰ ਕੇ ਸਿੱਖਾਂ ਦੇ ਕੁਝ ਧੜਿਆਂ ਦਾ ਅਤੇ ਡੇਰਾ ਸੱਚਾ ਸੌਦੇ ਦੇ ਰਾਮ ਰਹੀਮ ਸਿੰਘ ਤੇ ਉਸ ਦੇ ਪੈਰੋਕਾਰਾਂ ਵਿਚ ਤਲਖ਼ੀਆਂ ਤੇ ਲੜਾਈ ਝਗੜੇ, ਬਰਗਾੜੀ ਤੇ ਬਹਿਬਲ ਕਲਾਂ ਵਿਚ ਹੋਈਆਂ ਘਟਨਾਵਾਂ ਤੇ ਸਿੱਖਾਂ ਦੇ ਧਾਰਮਿਕ ਗ੍ਰੰਥਾਂ ਦੀ ਲਗਾਤਾਰ ਹੁੰਦੀ ਬੇਅਦਬੀ, ਕਿਸਾਨੀ ਅੰਦੋਲਨ ਵਿਚੋਂ ਉਭਰੀ ਸਿੱਖ-ਕਾਮਰੇਡ ਬਹਿਸ ਦੀ ਸ਼ੁਰੂਆਤ, ਅਕਾਲੀ, ਭਾਜਪਾ ਤੇ ਕਾਂਗਰਸ ਦਾ ਪੰਜਾਬ ਦੀ ਰਾਜਨੀਤੀ ਵਿਚ 2022 ਦੀਆਂ ਚੋਣਾਂ ਵਿਚ ਹਾਸ਼ੀਏ 'ਤੇ ਜਾਣਾ, ਆਮ ਆਦਮੀ ਪਾਰਟੀ ਦਾ ਸੰਗਰੂਰ ਦੀ ਉਪ ਚੋਣ ਹਾਰਨਾ ਅਤੇ ਹੁਣ ਉੱਠ ਰਹੇ ਧਾਰਮਿਕ ਵਿਵਾਦ ਵੀ 1978 ਵਿਚ ਵਾਪਰੇ ਸਿੱਖ-ਨਿਰੰਕਾਰੀ ਝਗੜੇ ਦੀ ਯਾਦ ਤਾਜ਼ਾ ਕਰਵਾ ਰਹੇ ਹਨ। ਇੱਥੇ ਇਹ ਦੱਸਣਾ ਬਣਦਾ ਹੈ ਕਿ ਵੱਡੀ ਗਿਣਤੀ ਵਿਚ ਪੰਜਾਬ ਤੇ ਪੰਜਾਬ ਤੋਂ ਬਾਹਰ ਰਹਿ ਰਹੇ ਸਿੱਖ ਅਜਿਹੀਆਂ ਘਟਨਾਵਾਂ ਤੋਂ ਕਾਫ਼ੀ ਚਿੰਤਤ ਦਿਖਾਈ ਦਿੰਦੇ ਹਨ।

ਸਕਾਟਿਸ਼ ਵਿਦਵਾਨ ਵਿਲਿਕਨਸ ਮੁਤਾਬਿਕ ਲੋਕਾਂ ਵਿਚ ਡਰ ਹੀ ਅਤਿਵਾਦ ਦਾ ਮੁੱਖ ਹਥਿਆਰ ਹੁੰਦਾ ਹੈ ਜਿਸ ਵਿਚ ਸਾਰੀਆਂ ਸੰਸਥਾਵਾਂ ਭਾਵ ਪੁਲੀਸ, ਅਦਾਲਤਾਂ, ਪੰਚਾਇਤਾਂ, ਵਿੱਦਿਅਕ, ਸਿਹਤ ਆਦਿ ਬੁਰੀ ਤਰ੍ਹਾਂ ਬੇਸਹਾਰਾ ਹੋ ਜਾਂਦੀਆਂ ਹਨ। ਪੰਜਾਬੀਆਂ ਨੇ ਅਜਿਹੇ ਵਰਤਾਰੇ ਦਾ 1978 ਦੇ ਸਿੱਖ-ਨਿਰੰਕਾਰੀਆਂ ਦੇ ਝਗੜੇ ਤੋਂ ਬਾਅਦ ਸੰਤਾਪ ਹੰਢਾਇਆ ਹੈ। ਉਨ੍ਹਾਂ ਵਿਚ ਬਹੁਤਿਆਂ 'ਤੇ ਹੋਏ ਜ਼ੁਲਮਾਂ ਦੇ ਨਿਸ਼ਾਨ ਅੱਜ ਵੀ ਮੌਜੂਦ ਹਨ। ਇਸ ਤੋਂ ਇਲਾਵਾ ਹਜ਼ਾਰਾਂ ਮਨੁੱਖਾਂ ਦੀਆਂ ਜਾਨਾਂ ਸਰਕਾਰੀ ਤੇ ਗ਼ੈਰ-ਸਰਕਾਰੀ ਦਹਿਸ਼ਤਵਾਦ ਕਰ ਕੇ ਚਲੀਆਂ ਗਈਆਂ। ਪੰਜਾਬ ਲੰਮਾ ਸਮਾਂ ਰਾਸ਼ਟਰਪਤੀ ਰਾਜ (1987-92) ਥੱਲੇ ਰਿਹਾ ਜਿਸ ਨਾਲ ਸਾਰੀਆਂ ਸੰਸਥਾਵਾਂ ਦਾ ਘਾਣ ਹੋਇਆ। ਪੰਜਾਬ ਪੁਲੀਸ ਰਾਜ ਵਿਚ ਬਦਲ ਦਿੱਤਾ ਜਿਸ ਵਿਚ ਸੁਰੱਖਿਆ ਅਮਲੇ ਨੂੰ ਅਥਾਹ ਸ਼ਕਤੀਆਂ ਦਿੱਤੀਆਂ ਗਈਆਂ। ਇਸ ਨਾਲ ਵੱਡੀ ਗਿਣਤੀ ਲੋਕਾਂ ਦੇ ਹੱਕਾਂ ਦਾ ਘਾਣ ਹੋਇਆ। ਪੰਜਾਬ ਵਿਚੋਂ ਅਤੇ ਪੰਜਾਬ ਵੱਲ ਵੱਡੀ ਗਿਣਤੀ ਵਿਚ ਅਣਚਾਹੀ ਹਿਜਰਤ ਹੋਈ ਜਿਸ ਨੇ ਪੰਜਾਬ ਦੇ ਸੱਭਿਆਚਾਰਕ ਤਾਣੇ-ਬਾਣੇ ਨੂੰ ਢਾਹ ਲਾਈ। 1987 ਵਿਚ ਸਮਾਜਿਕ ਸੁਧਾਰ ਅੰਦੋਲਨ ਲਾਗੂ ਹੋਣ ਨਾਲ ਪੰਜਾਬ ਦੇ ਹਾਲਾਤ ਬਹੁਤ ਵਿਗੜ ਗਏ। ਪੰਜਾਬ, ਖ਼ਾਸ ਕਰ ਕੇ ਮਾਝਾ ਇਲਾਕੇ ਦੇ ਲੋਕ ਇਸ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਤੇ ਵੱਡੀ ਗਿਣਤੀ ਵਿਚ ਖਾਂਦੇ ਪੀਂਦੇ ਸਿੱਖ ਕਿਸਾਨਾਂ ਨੇ ਪਿੰਡ ਛੱਡ ਕੇ ਸ਼ਹਿਰਾਂ ਵੱਲ ਹਿਜਰਤ ਕੀਤੀ। ਸਾਡੇ ਆਪਣੇ ਅਧਿਐਨ ਵਿਚ ਇਹ ਤੱਥ ਸਾਹਮਣੇ ਆਇਆ ਕਿ ਬਹੁਤ ਸਾਰੇ ਪਿੰਡਾਂ ਦੀ ਆਬਾਦੀ 1981 ਦੀ ਮਰਦਮਸ਼ੁਮਾਰੀ ਨਾਲੋਂ 1991 ਵਿਚ ਘਟ ਗਈ। ਮਿਸਾਲ ਦੇ ਤੌਰ 'ਤੇ ਮਾਝੇ ਦੇ ਮਸ਼ਹੂਰ ਪਿੰਡ ਸਹਿੰਸਰਾ ਦੀ ਆਬਾਦੀ 1981 ਦੇ ਮੁਕਾਬਲੇ 1991 ਵਿਚ ਚੌਥਾ ਹਿੱਸਾ ਘਟ ਗਈ। ਇਸ ਤੋਂ ਇਲਾਵਾ ਖਾਂਦੇ ਪੀਂਦੇ ਤੇ ਪੜ੍ਹੇ-ਲਿਖੇ ਲੋਕਾਂ ਦਾ ਪਿੰਡਾਂ ਵਿਚੋਂ ਸ਼ਹਿਰ ਵਿਚ ਆਉਣ ਨਾਲ ਪਿੰਡਾਂ ਦਾ ਵਿੱਦਿਅਕ ਢਾਂਚਾ, ਪੰਚਾਇਤੀ ਪ੍ਰਬੰਧ ਤੇ ਹੋਰ ਤਾਣਾ-ਬਾਣਾ ਖ਼ਤਮ ਹੋ ਗਿਆ ਜਿਸ ਦਾ ਖ਼ਮਿਆਜ਼ਾ ਅੱਜ ਵੀ ਪਿੰਡਾਂ ਵਿਚ ਰਹਿਣ ਵਾਲੇ ਲੋਕ ਭੁਗਤ ਰਹੇ ਹਨ।



ਹੁਣ ਸਵਾਲ ਉੱਠਦਾ ਹੈ: ਕੀ ਅਸੀਂ ਫਿਰ ਉਸ ਹਾਲਾਤ ਵੱਲ ਮੁੜ ਰਹੇ ਹਾਂ? ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬਿਲਕੁਲ ਨਹੀਂ। ਇਸ ਦੇ ਬਹੁਤ ਸਾਰੇ ਕਾਰਨ ਦਿੱਤੇ ਜਾ ਸਕਦੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਹੁਣ ਦੇ ਹਾਲਾਤ ਅੱਜ ਤੋਂ ਸਾਢੇ ਚਾਰ ਦਹਾਕਿਆਂ ਵਾਲੇ ਹਾਲਾਤ ਨਾਲੋਂ ਬਿਲਕੁਲ ਵੱਖਰੇ ਹਨ ਜਿਸ ਦਾ ਗਿਆਨ ਅਸੀਂ ਉਸ ਸਮੇਂ ਤੇ ਉਸ ਤੋਂ ਬਾਅਦ ਪ੍ਰਕਾਸ਼ਿਤ ਹੋਏ ਹਜ਼ਾਰਾਂ ਦਸਤਾਵੇਜ਼ਾਂ ਤੇ ਪੰਜਾਬ ਦੇ ਲੋਕਾਂ ਦੇ ਤਜਰਬਿਆਂ ਤੋਂ ਪ੍ਰਾਪਤ ਕਰ ਸਕਦੇ ਹਾਂ। ਹੁਣ ਹਾਲਾਤ ਕਾਫ਼ੀ ਬਦਲੇ ਹੋਏ ਹਨ। ਹੁਣ ਭਾਵੇਂ ਕੇਂਦਰ ਅਤੇ ਰਾਜਾਂ ਦੇ ਸਬੰਧਾਂ ਵਿਚ ਕੁਝ ਤਲਖ਼ੀ ਹੈ ਪਰ ਇੰਦਰਾ ਗਾਂਧੀ ਦੇ ਸਮੇਂ ਵਾਲੀ ਸਰਕਾਰ ਅਤੇ ਪੰਜਾਬ ਦੀ ਕਾਂਗਰਸ ਪਾਰਟੀ ਦੀ ਉਸ ਸਮੇਂ ਦੀ ਕਾਰਗੁਜ਼ਾਰੀ ਤੇ ਪੰਜਾਬ ਦੇ ਦੋ ਵੱਡੇ ਲੀਡਰਾਂ, ਭਾਵ ਮੁੱਖ ਮੰਤਰੀ ਦਰਬਾਰਾ ਸਿੰਘ ਅਤੇ ਕੇਂਦਰੀ ਗ੍ਰਹਿ ਮੰਤਰੀ ਤੇ ਬਾਅਦ ਵਿਚ ਰਾਸ਼ਟਰਪਤੀ ਬਣੇ ਗਿਆਨੀ ਜ਼ੈਲ ਸਿੰਘ ਦੀ ਆਪਸੀ ਰਾਜਸੀ ਖਹਿਬਾਜ਼ੀ, ਕਿਸਾਨੀ ਦੇ ਹਾਲਾਤ, ਵੱਡੀ ਗਿਣਤੀ ਵਿਚ ਆਮ ਲੋਕਾਂ ਦੇ ਮਨਾਂ ਵਿਚੋਂ ਗ਼ੈਰ-ਸਿੱਖਾਂ ਪ੍ਰਤੀ ਨਫ਼ਰਤ, ਦਿਨੋ-ਦਿਨ ਹੱਥੋਂ ਨਿਕਲਦੀ ਕਾਨੂੰਨ ਤੇ ਪ੍ਰਬੰਧ ਵਿਵਸਥਾ ਦੀ ਹਾਲਤ ਤੇ ਹੋਰ ਬਹੁਤ ਸਾਰੀਆਂ ਘਟਨਾਵਾਂ ਹੁਣ ਜ਼ਿਆਦਾ ਤੌਰ 'ਤੇ ਉਸ ਸਮੇਂ ਦੇ ਹਾਲਾਤ ਵਰਗੀਆਂ ਨਹੀਂ ਹਨ। ਇਸ ਦੇ ਨਾਲ ਹੁਣ ਤਕਨੀਕ ਅਤੇ ਪਹੁੰਚ ਮਾਰਗਾਂ ਤੇ ਸੁਰੱਖਿਆ ਦਸਤਿਆਂ ਦੀ ਵਧੀ ਹੋਈ ਤਾਕਤ ਨੇ ਰਾਜ ਨੂੰ ਪਹਿਲਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਤਾਕਤਵਰ ਬਣਾ ਦਿੱਤਾ ਹੈ। ਇਸ ਦੇ ਨਾਲ ਹੀ ਪੰਜਾਬ ਦੇ ਲੋਕਾਂ ਦੇ ਬਹੁਤ ਵੱਡੇ ਹਿੱਸੇ ਦੀ ਨੌਜਵਾਨ ਪੀੜ੍ਹੀ ਦਾ ਰੁਝਾਨ ਤੇ ਵਰਤਾਰਾ ਵੀ ਪੂਰੀ ਤਰ੍ਹਾਂ ਬਦਲ ਚੁੱਕਾ ਹੈ। ਅਜਿਹੇ ਹਾਲਾਤ ਵਿਚ ਇਹ ਆਸ ਰੱਖੀ ਜਾ ਸਕਦੀ ਹੈ ਕਿ ਪੰਜਾਬ ਮੌਜੂਦਾ ਮਸਲਿਆਂ ਨੂੰ ਨਜਿੱਠਦਾ ਹੋਇਆ ਅਗਾਂਹ ਹੀ ਵਧੇਗਾ।

# ਸਿਹਤ ਵੀ ਮੌਲਿਕ ਅਧਿਕਾਰਾਂ ਦੇ ਦਾਇਰੇ ਵਿਚ ਹੋਵੇ

**ਡਾ ਅਰੁਣ ਮਿੱਤਰਾ**

ਲੋਕਤੰਤਰੀ ਪ੍ਰਣਾਲੀ ਵਿਚ ਵੋਟਾਂ ਰਾਹੀਂ ਅਸੀਂ ਇਹ ਫ਼ੈਸਲਾ ਕਰਦੇ ਹਾਂ ਕਿ ਅਸੀਂ ਕਿਹੋ ਜਿਹਾ ਸ਼ਾਸਨ ਚਾਹੁੰਦੇ ਹਾਂ। ਵੋਟਰਾਂ ਨੂੰ ਲੁਭਾਉਣ ਲਈ ਸਿਆਸੀ ਪਾਰਟੀਆਂ ਅਜਿਹਾ ਏਜੰਡਾ ਤੈਅ ਕਰਦੀਆਂ ਹਨ ਜੋ ਉਨ੍ਹਾਂ ਦੀ ਸੋਚ ਮੁਤਾਬਿਕ ਉਨ੍ਹਾਂ ਨੂੰ ਸੱਤਾ ਦੇ ਗਲਿਆਰਿਆਂ ਵਿਚ ਪਹੁੰਚਣ ਲਈ ਵੋਟਾਂ ਦਿਵਾਉਣ 'ਚ ਸਹਾਈ ਹੁੰਦਾ ਹੈ। ਉਹ ਲੋਕ-ਲੁਭਾਊ ਨਾਅਰੇ ਦਿੰਦੇ ਹਨ; ਇਹ ਵੱਖਰਾ ਸਵਾਲ ਹੈ ਕਿ ਉਹ ਆਪਣੇ ਕੀਤੇ ਵਾਅਦਿਆਂ ਨੂੰ ਪੂਰਾ ਕਰ ਸਕਦੇ ਹਨ ਜਾਂ ਨਹੀਂ। ਸਾਡੇ ਦੇਸ਼ ਦੇ ਗ਼ਰੀਬੀ ਵਿਚ ਘਿਰੇ ਲੋਕਾਂ ਲਈ ਥੋੜ੍ਹੀ ਜਿਹੀ ਰਾਹਤ ਵੀ ਬਹੁਤ ਮਾਅਨੇ ਰੱਖਦੀ ਹੈ। ਸਿੱਖਿਆ ਅਤੇ ਸਿਹਤ ਕਿਸੇ ਵੀ ਸਮਾਜ ਲਈ ਅਸਲ ਸੰਪੱਤੀ ਹੁੰਦੇ ਹਨ ਜੋ ਸਮਾਵੇਸ਼ੀ ਤੇ ਸਰਬਪੱਖੀ ਵਿਕਾਸ ਦਾ ਆਧਾਰ ਬਣਦੇ ਹਨ। ਇਸ ਦੇ ਬਾਵਜੂਦ ਸਰਕਾਰਾਂ ਵੱਲੋਂ ਇਨ੍ਹਾਂ ਦੀ ਲਗਾਤਾਰ ਅਣਦੇਖੀ ਕੀਤੀ ਗਈ ਹੈ।

ਕਿਸੇ ਵੀ ਵਿਅਕਤੀ ਲਈ ਸਮਾਜ ਦੇ ਵਿਕਾਸ ਵਿਚ ਯੋਗਦਾਨ ਪਾਉਣ

(ਬਾਕੀ ਸਫਾ 22 'ਤੇ)

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | | |
|---|---|---|---|
| (1) ਸ. ਦੀਦਾਰ ਸਿੰਘ ਬੈਂਸ | (10) ਡਾ. ਚਰਨਜੀਤ ਸਿੰਘ ਉਪਲ | (19) ਕਸ਼ਮੀਰ ਸਿੰਘ ਧੁੱਗਾ | (28) ਹੈਰੀ ਸਿੱਧੂ |
| (2) ਅਵਤਾਰ ਸਿੰਘ ਸਹੋਤਾ | (11) ਕੁਲਦੀਪ ਸਿੰਘ ਅਟਵਾਲ | (20) ਅਮੋਲਕ ਸਿੰਘ ਗਾਖਲ | (29) ਜਸਵੀਰ ਸਿੰਘ ਕੁਲਾਰ |
| (3) ਗੈਰੀ ਬਸਰਾਏ | (12) ਸੁਰਜੀਤ ਸਿੰਘ ਅਟਵਾਲ | (21) ਹਰਨੇਕ ਸਿੰਘ ਅਟਵਾਲ | (30) ਰਾਜ ਬਡਵਾਲ |
| (4) ਹਰਦੀਪ ਸਿੰਘ ਢਾਡਲੀ | (13) ਬਘੇਲ ਸਿੰਘ ਜਸਵਾਲ | (22) ਬਲਦੇਵ ਸਿੰਘ ਮਾਨ | (31) ਕਮਲਜੀਤ ਸਿੰਘ ਅਟਵਾਲ |
| (5) ਬਲਬੀਰ ਸਿੰਘ ਸੋਹਲ | (14) ਗੁਰਵਿੰਦਰ ਸਿੰਘ ਮਾਵੀ | (23) ਸ੍ਰੀ ਸੁੱਚਾ ਰਾਮ ਜੀ | (32) ਡਾ. ਭੁਪਿੰਦਰ ਭੰਡਾਰੀ |
| (6) ਗੁਰਨਾਮ ਸਿੰਘ ਪੰਮਾ | (15) ਡਾ ਦਲਵੀਰ ਪੰਨੂ | (24) ਜੌਹਨ ਸਿੰਘ ਗਿੱਲ | (33) ਅਜੈਬ ਸਿੰਘ ਮੱਲੀ |
| (7) ਦਲਵੀਰ ਸਿੰਘ ਗਿੱਲ | (16) ਡਾ. ਹਰਮੇਸ਼ ਕੁਮਾਰ | (25) ਉਂਕਾਰ ਸਿੰਘ ਸੈਣੀ | (34) ਹਰਜੀਤ ਗਿੱਲ |
| (8) ਗੁਰਮੇਜ ਸਿੰਘ ਗਿੱਲ | (17) ਸੁਰਿੰਦਰ ਸਿੰਘ ਧਨੋਆ | (26) ਕੁਲਵੰਤ ਸਿੰਘ ਨਿਜਰ | (35) ਸਰਬਜੀਤ ਸਿੰਘ ਸਾਬੀ |
| (9) ਸੁਖਰਾਜ ਸਿੰਘ ਢਿੱਲੋਂ | (18) ਅਵਤਾਰ ਸਿੰਘ ਤਾਰੀ | (27) ਸੁਖਵੀਰ ਸਿੰਘ ਨਿਜਰ | (36) ਕੁਲਦੀਪ ਸਿੰਘ ਸਹੋਤਾ (ਡੀਪੀਈ) |

# ਧਾਮੀ ਦੇ ਜਿੱਤਣ ਨਾਲ ਸੁਖਬੀਰ ਬਾਦਲ ਨੂੰ ਫਾਇਦਾ ਤਾਂ ਹੋਇਆ ਪਰ ਨਵੀਂ ਚੁਣੌਤੀ ਵੀ ਆਈ

ਸਿੱਖਾਂ ਦੀ 'ਮਿੰਨੀ ਪਾਰਲੀਮੈਂਟ' ਕਹੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਇਸ ਵਾਰ ਜਿੰਨੀ ਦਿਲਚਸਪ ਸੀ, ਓਨੀ ਸ਼ਾਇਦ ਪਹਿਲਾਂ ਕਦੇ ਨਹੀਂ ਰਹੀ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੂਜੀ ਵਾਰ ਪ੍ਰਧਾਨ ਚੁਣੇ ਗਏ ਹਨ। ਉਨ੍ਹਾਂ ਦੀ ਇਸ ਚੋਣ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸਥਿਤੀ ਥੋੜ੍ਹੀ ਮਜ਼ਬੂਤ ਹੋਈ ਹੈ ਤੇ ਨਿੱਘਰਦੀ ਜਾ ਰਹੀ ਉਨ੍ਹਾਂ ਦੀ ਪਾਰਟੀ ਨੂੰ ਥੋੜ੍ਹੀ ਆਕਸੀਜਨ ਮਿਲ ਗਈ ਹੈ। ਪੰਜਾਬ ਵਿਧਾਨ ਸਭਾ ਚੋਣਾਂ 'ਚ ਕਰਾਰੀ ਹਾਰ ਦਾ ਸਾਹਮਣਾ ਕਰਨ ਤੋਂ ਬਾਅਦ ਛੋਟੇ ਬਾਦਲ ਦੀ ਲਗਾਤਾਰ ਆਲੋਚਨਾ ਹੋ ਰਹੀ ਸੀ ਪਰ ਉਨ੍ਹਾਂ ਦੇ ਉਮੀਦਵਾਰ ਦੀ ਜਿੱਤ ਨਾਲ ਯਕੀਨੀ ਤੌਰ 'ਤੇ ਉਨ੍ਹਾਂ ਦੀ ਹੋ ਰਹੀ ਨੁਕਤਾਚੀਨੀ ਨੂੰ ਠੱਲ੍ਹ ਪਵੇਗੀ। ਇਹ ਮੰਨਿਆ ਜਾਂਦਾ ਹੈ ਕਿ ਜਿਸ ਕੋਲ ਸ਼੍ਰੋਮਣੀ ਕਮੇਟੀ ਦੀ ਕਮਾਂਡ ਹੈ, ਉਹੀ ਪੰਥਕ ਤੌਰ 'ਤੇ ਮਜ਼ਬੂਤ ਹੈ ਕਿਉਂਕਿ ਇਸੇ ਨੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਾਕੀ ਦੇ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦੀ ਨਿਯੁਕਤੀ ਕਰਨੀ ਹੁੰਦੀ ਹੈ। ਉਂਝ ਇਸ ਚੋਣ ਪ੍ਰਕਿਰਿਆ ਦੌਰਾਨ ਬੀਬੀ ਜਗੀਰ ਕੌਰ ਦ੍ਰਿੜ੍ਹ ਇਰਾਦੇ ਵਾਲੀ ਸੰਕਲਪਬੱਧ ਤੇ ਮਜ਼ਬੂਤ ਔਰਤ ਵਜੋਂ ਉੱਭਰੇ ਹਨ। ਅੰਕੜੇ ਸ਼ੁਰੂ ਤੋਂ ਹੀ ਅਕਾਲੀ ਦਲ ਦੇ ਹੱਕ 'ਚ ਵਿਖਾਈ ਦੇ ਰਹੇ ਸਨ, ਫਿਰ ਵੀ ਉਨ੍ਹਾਂ ਨੇ ਆਪਣਾ ਧਿਆਨ ਪੂਰੀ ਤਰ੍ਹਾਂ ਕੇਂਦ੍ਰਿਤ ਕਰ ਕੇ ਇਹ ਚੋਣ ਲੜੀ ਤੇ ਸਖ਼ਤ ਟੱਕਰ ਦਿੰਦਿਆਂ 28.17 ਫ਼ੀਸਦੀ ਵੋਟਾਂ ਹਾਸਲ ਕੀਤੀਆਂ। ਉਹ 1999 'ਚ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬਣਨ ਵਾਲੀ ਪਹਿਲੀ ਔਰਤ



ਸਨ, ਉਦੋਂ ਗੁਰਚਰਨ ਸਿੰਘ ਟੌਹੜਾ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਲਾਂਭੇ ਕੀਤਾ ਗਿਆ ਸੀ। ਉਸ ਤੋਂ ਬਾਅਦ ਉਹ ਕੁੱਲ ਚਾਰ ਵਾਰ ਸਿੱਖ ਧਰਮ ਲਈ ਗੇਟਵੇਅ ਮੰਨੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹਿ ਚੁੱਕੇ ਹਨ। ਦਰਅਸਲ ਬੀਬੀ ਦਾ ਮੁਕਾਬਲਾ ਉਨ੍ਹਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਸੀ, ਜਿਨ੍ਹਾਂ 'ਚੋਂ ਬਹੁਤੇ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜੇ ਸਨ। ਉਹ ਬਾਦਲਾਂ ਪ੍ਰਤੀ ਬੇਵਫ਼ਾਈ ਦਾ ਸਿੱਧਾ ਇਜ਼ਹਾਰ ਕਿਸੇ ਵੀ ਹਾਲਤ 'ਚ ਨਹੀਂ ਸਨ ਕਰ ਸਕਦੇ।

ਇਸ 'ਚ ਕੋਈ ਅਤਿਕਥਨੀ ਨਹੀਂ ਕਿ ਅਕਾਲੀ ਦਲ ਹਾਲੇ ਵੀ ਆਪਣੀਆਂ ਖਿਲਰੀਆਂ ਤੀਲਾਂ ਚੁਗ ਸਕਦਾ ਹੈ। ਇਸ ਦੇ ਨਾਲ ਹੀ ਪਾਰਟੀ 'ਤੇ ਲੱਗੇ ਬੇਅਦਬੀ ਦੇ ਦਾਗ਼ ਧੋਣ ਦੀ ਪ੍ਰਕਿਰਿਆ ਵੀ ਸ਼ੁਰੂ ਹੋਣੀ ਚਾਹੀਦੀ ਹੈ। ਬੇਅਦਬੀ ਤੋਂ ਬਾਅਦ ਹੀ ਬਹੁਤ ਸਾਰੇ ਸੀਨੀਅਰ ਤੇ ਹੋਰ ਆਗੂਆਂ ਦਾ ਪੂਰ ਅਕਾਲੀ ਦਲ ਨੂੰ ਅਲਵਿਦਾ ਆਖ ਗਿਆ ਸੀ। 102 ਵਰ੍ਹੇ ਪੁਰਾਣੀ ਪਾਰਟੀ ਦੀ ਪ੍ਰੰਪਰਾ ਤੇ ਮਾਣ-ਮਰਿਆਦਾ ਬਰਕਰਾਰ ਰਹਿਣੀ ਚਾਹੀਦੀ ਹੈ। ਸਾਲ 1919 'ਚ ਜਦੋਂ ਅੰਗਰੇਜ਼ ਹਾਕਮਾਂ ਦਾ ਹਿੰਸਕ ਜਬਰ ਵਿਸਾਖੀ ਦੇ ਦਿਹਾੜੇ ਜੱਲ੍ਹਿਆਂਵਾਲਾ ਬਾਗ਼ ਸਾਕੇ ਦੇ ਰੂਪ 'ਚ ਵਿਖਾਈ ਦਿੱਤਾ ਸੀ, ਉਦੋਂ ਪੰਜਾਬ 'ਚ ਬ੍ਰਿਟਿਸ਼ ਸਥਾਪਤੀ ਵਿਰੁੱਧ ਜ਼ੋਰਦਾਰ ਲਾਮਬੰਦੀ ਆਰੰਭ ਹੋ ਗਈ ਸੀ। ਜਿੱਥੇ ਇਕ ਪਾਸੇ ਮਹਾਤਮਾ ਗਾਂਧੀ ਨੇ 4 ਸਤੰਬਰ, 1920 ਨੂੰ ਨਾ-ਮਿਲਵਰਤਣ ਲਹਿਰ ਸ਼ੁਰੂ ਕੀਤੀ ਸੀ, ਉੱਥੇ ਹੀ ਮੁਸਲਿਮ ਲੀਗ ਵੀ ਤੁਰੰਤ ਪਹਿਲਾਂ ਦੇ ਮੁਕਾਬਲੇ ਵਧੇਰੇ ਸਰਗਰਮ ਹੋ ਗਈ ਸੀ। ਉਸ ਤੋਂ ਬਾਅਦ 15 ਨਵੰਬਰ, 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੱਖਾਂ ਦਾ ਵੱਡਾ ਇਕੱਠ ਹੋਇਆ ਸੀ, ਜਿਸ ਦਾ ਮਕਸਦ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਅਹਿਮ ਇਤਿਹਾਸਕ ਗੁਰੂਘਰਾਂ ਦੀ ਦੇਖਭਾਲ ਲਈ ਮੋਹਤਬਰਾਂ ਦੀ ਚੋਣ ਕਰਨਾ ਸੀ।

ਉੱਥੇ 36 ਪ੍ਰਤੀਨਿਧਾਂ ਦੀ ਚੋਣ ਕੀਤੀ ਗਈ ਤੇ ਉਨ੍ਹਾਂ ਨੇ ਅੱਗੇ 175 ਮੈਂਬਰਾਂ ਦੀ ਇਕ ਵੱਡੀ ਕਮੇਟੀ ਦੀ ਚੋਣ ਕੀਤੀ ਤੇ ਉਸੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਾਂ ਦਿੱਤਾ ਗਿਆ ਸੀ।

## ਬੀਬੀ ਜਗੀਰ ਕੌਰ ਬਣ ਸਕਦੀ ਹੈ ਅਕਾਲੀ ਦਲ ਲਈ ਨਵੀਂ ਮੁਸੀਬਤ

ਹਰ ਸਾਲ ਪ੍ਰਧਾਨ ਅਤੇ ਹੋਰ ਅਹੁਦੇਦਾਰ ਚੁਣਨ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਇਸ ਵਾਰ ਦਿਲਚਸਪ ਰਹੀ। ਲਗਭਗ ਦੋ ਦਹਾਕਿਆਂ ਵਿਚ ਪਹਿਲੀ ਵਾਰ ਚੋਣ ਵਾਲੇ ਦਿਨ ਤੋਂ ਲਗਭਗ ਪੰਜ ਦਿਨ ਪਹਿਲਾਂ ਦੋਵੇਂ ਉਮੀਦਵਾਰਾਂ ਦਾ ਐਲਾਨ ਹੋ ਗਿਆ। ਸ਼੍ਰੋਮਣੀ ਅਕਾਲੀ ਦਲ ਤੋਂ ਬਾਗੀ ਹੋ ਕੇ ਚੋਣ ਲੜਨ ਵਾਲੀ ਬੀਬੀ ਜਗੀਰ ਕੌਰ ਨੇ ਲਿਫ਼ਾਫ਼ੇ ਵਿਚੋਂ ਪ੍ਰਧਾਨ ਨਿਕਲਣ ਦਾ ਮੁੱਦਾ ਉਠਾ ਕੇ ਅਕਾਲੀ ਦਲ ਉੱਤੇ ਦਬਾਅ ਪਾਇਆ। ਪਾਰਟੀ ਨੇ ਬੀਬੀ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਬਰਖ਼ਾਸਤ ਕਰ ਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਆਪਣਾ ਅਧਿਕਾਰਤ ਉਮੀਦਵਾਰ ਬਣਾਇਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਉਮੀਦਵਾਰ ਨੂੰ ਜਿਤਾਉਣ ਲਈ ਕਾਫ਼ੀ



ਜ਼ੋਰ ਲਗਾਉਣਾ ਪਿਆ। ਧਾਮੀ 146 ਵਿਚੋਂ 104 ਵੋਟਾਂ ਲੈ ਕੇ ਜੇਤੂ ਰਹੇ।

ਬੀਬੀ ਜਗੀਰ ਕੌਰ ਨੂੰ 42 ਵੋਟਾਂ ਮਿਲੀਆਂ। ਪਿਛਲੇ ਸਾਲਾਂ ਵਿਚ ਵਿਰੋਧੀਆਂ ਨੂੰ 20-22 ਵੋਟਾਂ ਪੈਂਦੀਆਂ ਰਹੀਆਂ ਹਨ; ਇਸ ਵਾਰ ਹੋਰ ਵੀਹ ਮੈਂਬਰ ਅਕਾਲੀ ਦਲ ਨਾਲੋਂ ਟੁੱਟ ਕੇ ਵਿਰੋਧੀ ਖੇਮੇ ਵਿਚ ਚਲੇ ਗਏ। ਇਹ ਅਕਾਲੀ ਦਲ ਲਈ ਚਿੰਤਾ ਦਾ ਕਾਰਨ ਹੈ। ਬੀਬੀ ਜਗੀਰ ਕੌਰ ਨੇ ਕੁਝ ਪੰਥਕ ਮੁੱਦੇ ਵੀ ਏਜੰਡੇ ਦੇ ਰੂਪ ਵਿਚ ਰੱਖੇ। ਇਨ੍ਹਾਂ ਵਿਚ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਦੀ ਖ਼ੁਦਮੁਖ਼ਤਾਰੀ ਦੇ ਨਾਲ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਲਾਂ ਕਾਂਡ ਮਾਮਲਿਆਂ ਵਿਚ ਸ਼੍ਰੋਮਣੀ ਕਮੇਟੀ ਵਲੋਂ ਇਨਸਾਫ਼ ਲੈਣ ਵਿਚ ਜ਼ੋਰ ਲਗਾਉਣਾ ਅਤੇ ਸਾਰੇ ਗੁਰਦੁਆਰਿਆਂ ਵਿਚ ਇਕੋ ਤਰ੍ਹਾਂ ਦੀ ਮਰਿਆਦਾ ਲਾਗੂ ਕਰਵਾਉਣਾ ਸ਼ਾਮਿਲ ਹਨ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲਾ ਮੁੱਦਾ ਸਹੀ ਤਰ੍ਹਾਂ ਨਾਲ ਹੱਲ ਨਾ ਕਰਨ ਦਾ ਮੁੱਦਾ ਵੀ ਉਠਾਇਆ ਗਿਆ।

ਚੋਣ ਨਤੀਜਿਆਂ ਤੋਂ ਪਿੱਛੋਂ ਕਈ ਨਵੇਂ ਸਵਾਲ ਖੜ੍ਹੇ ਹੋ ਗਏ ਹਨ। ਹਰ ਕੋਈ ਇਨ੍ਹਾਂ ਨਤੀਜਿਆਂ ਨੂੰ ਆਪੋ-ਆਪਣੀ ਜਿੱਤ ਦੇ ਰੂਪ ਵਿਚ ਪੇਸ਼ ਕਰ ਰਿਹਾ ਹੈ। ਅਕਾਲੀ ਦਲ ਦੀ ਸਾਖ਼ ਨੂੰ ਲਗਾਤਾਰ ਲੱਗ ਰਹੇ ਖ਼ੋਰੇ ਦਾ ਰੁਝਾਨ ਅੰਦਰੂਨੀ ਤੌਰ ਉੱਤੇ ਵਿਚਾਰ ਦਾ ਹਿੱਸਾ ਜ਼ਰੂਰ ਬਣੇਗਾ। ਕੇਂਦਰ ਸਰਕਾਰ ਦੁਆਰਾ ਵਿਰੋਧੀ ਧਿਰ ਨਾਲ ਸੁਰ ਮਿਲਾ ਕੇ ਸ਼੍ਰੋਮਣੀ ਕਮਟੀ ਦੀਆਂ ਚੋਣਾਂ ਕਰਵਾਉਣਾ ਅਕਾਲੀ ਦਲ ਲਈ ਨਵੀਆਂ ਸਮੱਸਿਆਵਾਂ ਖੜ੍ਹੀਆਂ ਕਰ ਸਕਦਾ ਹੈ। ਪੰਥਕ ਵੋਟ ਬੈਂਕ ਦੀ ਅਕਾਲੀ ਦਲ ਪ੍ਰਤੀ ਨਾਰਾਜ਼ਗੀ ਬਰਕਰਾਰ ਹੈ। ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਵਿਚ ਬਣਾਈ ਗਈ ਕਮੇਟੀ ਦੀਆਂ ਸਿਫਾਰਿਸ਼ਾਂ ਨੂੰ ਸਿਧਾਂਤਕ ਤੌਰ ਉੱਤੇ ਤਾਂ ਪ੍ਰਵਾਨ ਕਰ ਲਿਆ ਗਿਆ ਹੈ ਪਰ ਪਾਰਟੀ ਉਨ੍ਹਾਂ 'ਤੇ ਅਮਲ ਕਰਨ ਤੋਂ ਕੰਨੀ ਕਤਰਾਅ ਰਹੀ ਹੈ। ਅਕਾਲੀ ਦਲ ਅੰਦਰ ਜਮਹੂਰੀਅਤ ਦੀ ਬਹਾਲੀ ਇਸ ਦਾ ਕੇਂਦਰੀ ਨੁਕਤਾ ਹੈ। ਬੀਬੀ ਜਗੀਰ ਕੌਰ ਵੱਲੋਂ ਉਠਾਏ ਮੁੱਦਿਆਂ ਨੂੰ ਜਲਦੀ ਕੀਤੇ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਪਹਿਲੀ ਵਾਰ ਅਕਾਲੀ ਦਲ ਨੇ ਕਾਂਗਰਸ ਵਾਂਗ ਭਾਰਤੀ ਜਨਤਾ ਪਾਰਟੀ 'ਤੇ ਵੀ ਧਾਰਮਿਕ ਮਾਮਲਿਆਂ ਵਿਚ ਦਖਲ ਦੇਣ ਦਾ ਇਲਜ਼ਾਮ ਲਗਾਇਆ ਹੈ। ਕੌਮੀ ਸਿਆਸਤ ਵਿਚ ਅਕਾਲੀ ਦਲ ਨੂੰ ਆਪਣੀ ਹੋਂਦ ਬਚਾਉਣ ਲਈ ਖੇਤਰੀ ਧਿਰਾਂ ਨਾਲ ਤਾਲਮੇਲ ਕਰਨ ਦੀ ਜ਼ਰੂਰਤ ਹੈ।

# ਲੂਲਾ ਡਾ ਸਿਲਵਾ ਦੇ ਤੀਜੀ ਵਾਰ ਬ੍ਰਾਜ਼ੀਲ ਦੀ ਸੱਤਾ 'ਚ ਪਰਤੇ

ਕਰੀਬ ਤਿੰਨ ਦਹਾਕੇ ਪਹਿਲਾਂ ਬ੍ਰਾਜ਼ੀਲ 'ਚ ਲੋਕਤੰਤਰ ਦੀ ਸਥਾਪਤੀ ਤੋਂ ਬਾਅਦ ਖੱਬੇਪੱਖੀ ਆਗੂ ਲੂਇਜ਼ ਇਨਾਸੀਓ ਲੂਲਾ ਡਾ ਸਿਲਵਾ ਦੀ ਜਿੱਤ ਅੱਤ ਦੇ ਫਸਵੇਂ ਮੁਕਾਬਲੇ 'ਚ ਹੋਈ ਹੈ। ਇਸ ਮੁਕਾਬਲੇ 'ਚ ਉਨ੍ਹਾਂ ਨੂੰ 50.9 ਜਦਕਿ ਸੱਤਾਧਾਰੀ ਸੱਜੇਪੱਖੀ ਰਾਸ਼ਟਰਪਤੀ ਜ਼ੈਰ ਬੋਲਸੋਨਾਰੋ ਨੂੰ 49.1 ਫ਼ੀਸਦੀ ਵੋਟ ਹਾਸਲ ਹੋਏ। ਭਾਵੇਂ ਰਾਸ਼ਟਰਪਤੀ ਜ਼ੈਰ ਬੋਲਸੋਨਾਰੋ ਅਜੇ ਤਕ ਉਨ੍ਹਾਂ ਦੀ ਜਿੱਤ ਨੂੰ ਸਵੀਕਾਰ ਕਰਨ ਲਈ ਟਾਲ-ਮਟੋਲ ਵਿਖਾ ਰਹੇ ਹਨ ਪਰ ਜਨਤਕ ਗੁੱਸੇ ਤੇ ਉਤਸ਼ਾਹ ਅੱਗੇ ਸਿਰ ਝੁਕਾਉਂਦਿਆਂ ਉਨ੍ਹਾਂ ਨੇ ਆਪਣੇ ਸਟਾਫ ਦੇ ਮੁਖੀ ਸੈਲੇਟਰ ਸੀਰੋ ਨੋਗੁਈਹਾ ਨੂੰ ਸੱਤਾ ਤਬਦੀਲੀ ਲਈ ਸਹਿਯੋਗ ਕਰਨ ਲਈ ਕਹਿ ਦਿੱਤਾ।

ਲੂਲਾ ਡਾ ਸਿਲਵਾ ਤੀਜੀ ਵਾਰ ਬ੍ਰਾਜ਼ੀਲ ਦੀ ਸੱਤਾ 'ਚ ਪਰਤੇ ਹਨ। ਪਹਿਲੀ ਵਾਰ ਗ਼ਰੀਬ ਮਜ਼ਦੂਰ ਮਾਪਿਆਂ ਦੇ 8 ਬੱਚਿਆਂ 'ਚੋਂ ਸਭ ਤੋਂ ਛੋਟੇ ਲੂਲਾ ਨੇ ਸੰਨ 2002 'ਚ ਰਾਸ਼ਟਰਪਤੀ ਦੀ ਚੋਣ ਜਿੱਤੀ ਸੀ। ਉਨ੍ਹਾਂ ਦਾ ਮੁੱਢਲਾ ਜੀਵਨ ਬਹੁਤ ਜੋਖ਼ਮ ਭਰਿਆ ਰਿਹਾ। ਉਨ੍ਹਾਂ ਦਾ ਪਰਿਵਾਰ ਚੰਗੇ ਭਵਿੱਖ ਲਈ ਗ਼ੁਰਬਤ ਮਾਰੇ ਉੱਤਰ-ਪੂਰਬੀ ਖੇਤਰ 'ਚੋਂ ਸਾਓ ਪਾਓਲੋ ਰਾਜ 'ਚ ਆ ਗਿਆ। ਜਦੋਂ ਉਨ੍ਹਾਂ ਦਾ ਪਿਤਾ ਕਿਸੇ ਹੋਰ ਔਰਤ ਪਿੱਛੇ ਪਰਿਵਾਰ ਤੋਂ ਵੱਖ ਹੋ ਗਿਆ ਤਾਂ ਮਾਂ ਲਈ 8 ਬੱਚਿਆਂ ਨੂੰ ਪਾਲਣਾ ਦੁਸ਼ਵਾਰ ਹੋ ਗਿਆ। ਮਜਬੂਰੀ ਵੱਸ 14 ਸਾਲਾ ਲੂਲਾ ਨੂੰ ਵੀ ਸਾਓ ਪਾਓਲੋ ਸ਼ਹਿਰ ਦੇ ਬਾਹਰੀ ਖੇਤਰ 'ਚ ਮੈਟਲ ਵਰਕਰ ਵਜੋਂ ਹੱਡ-ਭੰਨਵੀ ਮਜ਼ਦੂਰੀ ਕੀਤੀ। ਇੱਥੋਂ ਹੀ ਇਕ ਸਿਆਸੀ ਕਾਮੇ ਵਜੋਂ ਵਰਕਰ ਯੂਨੀਅਨ ਆਗੂ ਦਾ ਸਫ਼ਰ ਸ਼ੁਰੂ ਹੋਇਆ। ਸੰਨ 1989 ਦੀਆਂ ਰਾਸ਼ਟਰਪਤੀ ਦੀਆਂ ਚੋਣਾਂ 'ਚ ਕੁੱਦਣ ਤੋਂ ਬਾਅਦ 4 ਵਾਰ ਹਾਰ ਉਪਰੰਤ ਉਹ ਸੰਨ 2002 'ਚ ਜਿੱਤ ਹਾਸਲ ਕਰ ਕੇ ਦੇਸ਼ ਦੇ ਖੱਬੇਪੱਖੀ ਗਤੀਸ਼ੀਲ ਰਾਸ਼ਟਰਪਤੀ ਬਣੇ। ਸੰਨ 2003 'ਚ ਉਨ੍ਹਾਂ ਨੇ ਦੇਸ਼ 'ਚੋਂ ਗ਼ੁਰਬਤ ਤੇ ਨਾਬਰਾਬਰੀ ਘਟਾਉਣ ਦੇ ਮੰਤਵ ਲਈ ਇਕ ਇਨਕਲਾਬੀ ਆਰਥਿਕ ਪ੍ਰੋਗਰਾਮ 'ਪਰਿਵਾਰਕ ਭੱਤਾ' ਸ਼ੁਰੂ ਕੀਤਾ, ਜੋ ਬਹੁਤ ਮਕਬੂਲ ਹੋਇਆ। ਗ਼ਰੀਬਾਂ, ਪੱਛੜਿਆਂ, ਸਥਾਨਕ ਸਦੀਵੀ ਵਾਸੀ ਲੋਕਾਂ ਦੀ ਬਿਹਤਰੀ ਲਈ ਨਵੀਆਂ ਨੀਤੀਆਂ ਆਧਾਰਤ ਪ੍ਰੋਗਰਾਮ ਲਾਗੂ ਕੀਤੇ। ਇਸੇ ਕਰਕੇ ਸੰਨ 2006 ਦੀਆਂ ਰਾਸ਼ਟਰਪਤੀ ਚੋਣਾਂ 'ਚ 60 ਫ਼ੀਸਦੀ ਵੋਟ ਹਾਸਲ ਕਰ ਕੇ ਉਹ ਮੁੜ ਦੇਸ਼ ਦੇ ਰਾਸ਼ਟਰਪਤੀ ਚੁਣੇ ਗਏ। ਸੰਨ 2010 'ਚ ਉਹ ਬ੍ਰਾਜ਼ੀਲ ਦੇ ਪਹਿਲੇ ਰਾਸ਼ਟਰਪਤੀ ਸਨ, ਜਿਨ੍ਹਾਂ ਨੇ ਇਜ਼ਰਾਈਲ ਦਾ ਦੌਰਾ ਕੀਤਾ। ਚੀਨ ਨਾਲ ਵਪਾਰ ਤੇ ਬਰਾਮਦ ਵਸਤਾਂ ਦੇ ਵਾਧੇ ਕਰਕੇ ਕੌਮੀ ਖ਼ਜ਼ਾਨਾ ਭਰਨਾ ਸ਼ੁਰੂ ਹੋਇਆ। ਦੂਜੇ ਦੇਸ਼ਾਂ ਨਾਲ ਵੀ ਵਪਾਰ, ਤਕਨੀਕ, ਸਨਅਤ ਖੇਤਰਾਂ 'ਚ ਵੱਡਾ ਵਾਧਾ ਵੇਖਣ ਨੂੰ ਮਿਲਿਆ। ਜਨਤਕ ਭਲਾਈ ਸਕੀਮਾਂ ਕਰਕੇ ਕਰੋੜਾਂ ਗ਼ਰੀਬਾਂ, ਪੱਛੜੇ, ਮੱਧਵਰਗੀ ਲੋਕਾਂ ਨੂੰ ਲਾਭ ਮਿਲਿਆ। ਉਨ੍ਹਾਂ ਦੀ ਰਾਸ਼ਟਰਪਤੀ ਵਜੋਂ ਦੂਜੀ ਪਾਰੀ ਦੇ ਅੰਤ ਤਕ ਉਨ੍ਹਾਂ ਦੀ ਮਕਬੂਲੀਅਤ ਦਾ ਪੱਧਰ 90 ਫ਼ੀਸਦੀ ਵੱਧ ਚੁੱਕਿਆ ਸੀ। ਤਤਕਾਲੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਉਸ ਨੂੰ 'ਇਸ ਧਰਤੀ 'ਤੇ ਸਭ ਤੋਂ ਮਕਬੂਲ ਰਾਜਨੀਤੀਵਾਨ' ਗਰਦਾਨਿਆ ਸੀ।

ਲੂਲਾ ਦੇ ਵਧੀਆ, ਲੋਕ ਪੱਖੀ, ਪਾਰਦਰਸ਼ੀ ਸ਼ਾਸਨ ਕਰਕੇ ਬ੍ਰਾਜ਼ੀਲ ਆਰਥਿਕ ਪੱਖੋਂ ਵੱਡੀਆਂ ਪੁਲਾਂਘਾ ਪੁੱਟਦਾ ਹੋਇਆ ਦੁਨੀਆ ਦੀ 7ਵੀਂ ਸ਼ਕਤੀਸ਼ਾਲੀ ਆਰਥਿਕ ਸ਼ਕਤੀ ਵਜੋਂ ਉੱਭਰ ਕੇ ਅੱਗੇ ਆਇਆ। ਇਸ ਦੀਆਂ ਨੀਤੀਆਂ, ਪ੍ਰੋਗਰਾਮਾਂ ਤੇ ਵਧੀਆ ਲੀਡਰਸ਼ਿਪ ਦਾ ਪ੍ਰਭਾਵ ਦੂਜੇ ਲਾਤੀਨੀ ਦੇਸ਼ਾਂ 'ਤੇ ਪੈਂਦਾ ਵੇਖਿਆ ਗਿਆ। ਨਤੀਜੇ ਵਜੋਂ ਖੱਬੇਪੱਖੀ ਲਹਿਰ ਰੁਮਕਦੀ ਵੇਖਣ ਨੂੰ ਮਿਲੀ। ਬ੍ਰਾਜ਼ੀਲ ਦੇ ਸੰਵਿਧਾਨ ਅਨੁਸਾਰ ਦੋ ਵਾਰ ਲਗਾਤਾਰ ਰਾਸ਼ਟਰਪਤੀ

**ਦਰਬਾਰਾ ਸਿੰਘ ਕਾਹਲੋਂ**

ਤੀਜੀ ਵਾਰ ਚੋਣ ਨਹੀਂ ਲੜ ਸਕਦਾ, ਇਸ ਲਈ ਉਨ੍ਹਾਂ ਦੀ ਉੱਤਰਾਧਿਕਾਰੀ ਡਿਲਮਾ ਰੌਸੈਂਫ ਸੰਨ 2011 'ਚ ਰਾਸ਼ਟਰਪਤੀ ਚੁਣੀ ਗਈ ਪਰ ਬ੍ਰਾਜ਼ੀਲ ਕਾਂਗਰਸ ਨੇ ਉਨ੍ਹਾਂ ਵਿਰੁੱਧ ਵਿੱਤੀ ਹੇਰਾਫੇਰੀਆਂ ਦੇ ਦੋਸ਼ਾਂ ਹੇਠ ਮੁਕੱਦਮਾ ਚਲਾ ਕੇ ਸੱਤਾ ਤੋਂ ਲਾਂਭੇ ਕਰ ਦਿੱਤਾ। ਲੂਲਾ ਗਲੇ ਦੇ ਕੈਂਸਰ ਦੀ ਮਾਰੂ ਬਿਮਾਰੀ ਤੋਂ ਉੱਭਰ ਰਹੇ



ਸਨ। ਉਨ੍ਹਾਂ ਨੂੰ ਵੀ ਸਿਆਸੀ ਵਿਰੋਧੀਆਂ ਨੇ 'ਅਪਰੇਸ਼ਨ ਕਾਰ ਵਾਸ਼' ਤਹਿਤ ਭ੍ਰਿਸ਼ਟਾਚਾਰ ਤੇ ਮਨੀ ਲਾਂਡਰਿੰਗ ਦੇ ਦੋਸ਼ਾਂ 'ਚ ਫਸਾ ਕੇ ਮੁਕੱਦਮਾ ਚਲਾਇਆ। ਉਨ੍ਹਾਂ ਨੂੰ 12 ਸਾਲ ਦੀ ਕੈਦ ਹੋਈ। ਉਨ੍ਹਾਂ ਨੂੰ ਫੈਡਰਲ ਪੁਲਿਸ ਇਮਾਰਤ ਦੀ ਚੌਥੀ ਮੰਜ਼ਿਲ ਦੇ 160 ਵਰਗ ਫੁੱਟ ਕਮਰੇ 'ਚ ਕੁਰੀਤੀਬਾ ਸ਼ਹਿਰ 'ਚ 580 ਦਿਨ ਬੰਦ ਰੱਖਿਆ ਪਰ ਸੁਪਰੀਮ ਕੋਰਟ ਨੇ ਕਿਹਾ ਕਿ ਕੇਸ ਅੰਦਰ ਫੈਡਰਲ ਜੱਜ ਦੀ ਸਰਕਾਰੀ ਵਕੀਲ ਦੀ ਮਿਲੀਭੁਗਤ ਨਾਲ ਝੂਠੇ ਕੇਸ 'ਚ ਉਨ੍ਹਾਂ ਨੂੰ ਫਸਾਇਆ ਗਿਆ ਹੈ।

ਨਤੀਜੇ ਵਜੋਂ ਉਨ੍ਹਾਂ ਦੀ ਸਜ਼ਾ ਮਾਫ਼ ਕਰ ਦਿੱਤੀ। ਰਾਜਨੀਤੀ 'ਚ ਅਕਸਰ ਹੈਰਾਨਕੁੰਨ ਵਾਪਸੀਆਂ ਦੇ ਕਿੱਸੇ ਮਸ਼ਹੂਰ ਹਨ। ਅਮਰੀਕੀ ਰਾਸ਼ਟਰਪਤੀ ਨਿਕਸਨ ਨੂੰ ਵਾਟਰਗੇਟ ਮਹਾਦੋਸ਼ ਡਰੋਂ ਅਸਤੀਫ਼ਾ ਦੇਣਾ ਪਿਆ ਸੀ, ਪਹਿਲਾਂ 1960 'ਚ ਰਾਸ਼ਟਰਪਤੀ ਜੌਨ ਐੱਫ ਕੈਨੇਡੀ ਤੇ ਫਿਰ ਸੰਨ 1962 'ਚ ਗਵਰਨਰ ਚੋਣਾਂ 'ਚ ਐਡਮੰਡ ਬਰਾਊਨ ਤੋਂ ਹਾਰਨ ਮਗਰੋਂ ਬੜਾ ਨਿਰਾਸ਼ ਹੋ ਕੇ ਰਾਜਨੀਤੀ ਤੋਂ ਲਾਂਭੇ ਹੋ ਗਿਆ ਪਰ ਸਮੇਂ ਦਾ ਕ੍ਰਿਸ਼ਮਾ ਵੇਖੋ, ਸੰਨ 1968 'ਚ ਡੈਮੋਕ੍ਰੈਟ ਹੂਬਰਟ ਹੰਫਰੀ ਨੂੰ ਹਰਾ ਕੇ ਆਖ਼ਰ ਰਾਸ਼ਟਰਪਤੀ ਬਣ ਗਏ। ਇਵੇਂ ਹੀ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇਸ਼ ਅੰਦਰ ਸੰਨ 1975 'ਚ ਐਮਰਜੈਂਸੀ ਲਾਗੂ ਕਰਨ ਦੇ ਵੱਡੇ ਵਿਰੋਧ ਕਾਰਨ ਸੰਨ 1977 ਦੀਆਂ ਲੋਕ ਸਭਾ ਚੋਣਾਂ 'ਚ ਬੁਰੀ ਤਰ੍ਹਾਂ ਹਾਰ ਗਈ ਪਰ ਪੰਜ ਸਾਲ ਬਾਅਦ ਸੰਨ 1980 'ਚ ਮੁੜ ਸੱਤਾ 'ਚ ਪਰਤ ਆਈ। ਸੰਨ 1980 'ਚ ਇੰਦਰਾ ਗਾਂਧੀ ਸਰਕਾਰ ਵੱਲੋਂ ਹੋਰ ਗ਼ੈਰ-ਕਾਂਗਰਸੀ ਮੁੱਖ ਮੰਤਰੀ ਲਾਂਭੇ ਕਰਨ ਵਾਂਗ ਪੰਜਾਬ 'ਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਸੱਤਾ ਤੋਂ ਲਾਂਭੇ ਕਰ ਦਿੱਤੇ ਗਏ ਪਰ ਸੰਨ 1997 'ਚ ਮੁੜ ਮੁੱਖ ਮੰਤਰੀ ਵਜੋਂ ਵਾਪਸੀ ਕੀਤੀ। ਇਵੇਂ ਹੀ ਲੂਲਾ ਡਾ ਸਿਲਵਾ ਨੇ ਸੱਤਾ ਵਾਪਸੀ ਲਈ ਬ੍ਰਾਜ਼ੀਲ ਦੇ ਲੋਕਾਂ ਨੂੰ ਵੰਗਾਰਿਆ ਕਿ 'ਲੋਕਤੰਤਰ ਅਤੇ ਫਾਸ਼ੀਵਾਦ', 'ਲੋਕਤੰਤਰ ਤੇ ਬਰਾਬਰਤਾ' 'ਚੋਂ ਇਕ ਨੂੰ ਚੁਣੋ। ਉਨ੍ਹਾਂ ਦੇ ਵਿਰੋਧੀ ਸੱਜੇਪੱਖੀ ਫਾਸ਼ੀਵਾਦੀ ਰਾਸ਼ਟਰਪਤੀ ਬੋਲਸੋਨਾਰੋ ਨੇ ਲੋਕਾਂ ਨੂੰ ਕਿਹਾ ਕਿ ਕੀ ਉਹ ਇਕ ਚੋਰ ਨੂੰ ਮੁੜ ਅਪਰਾਧ ਦੇ ਸੀਨ 'ਤੇ ਵਾਪਸ ਲਿਆਉਣਾ ਚਾਹੁੰਦੇ ਹਨ। ਉਨ੍ਹਾਂ ਨੇ 17.5 ਬਿਲੀਅਨ ਡਾਲਰ ਦਾ ਲੋਕ ਲੁਭਾਊ ਰਿਸ਼ਵਤੀ ਪ੍ਰੋਗਰਾਮ ਲੋਕਾਂ ਨੂੰ ਦੇ ਕੇ ਭਰਮਾਉਣ ਦਾ ਯਤਨ ਕੀਤਾ।

ਉਨ੍ਹਾਂ ਨੇ ਮੀਡੀਆ, ਯੂਨੀਵਰਸਿਟੀ, ਨਿਆਪਾਲਿਕਾ, ਆਲਮੀ ਸਾਜ਼ਿਸ਼ਾਂ ਨੂੰ ਲੂਲਾ ਡਾ ਸਿਲਵਾ ਵਿਰੁੱਧ ਵਰਤਣ ਦੇ ਯਤਨ ਕੀਤੇ। ਕਰੀਬ 6000 ਫ਼ੌਜੀ ਔਰਤਾਂ ਤੇ ਆਦਮੀ ਵੱਖ-ਵੱਖ ਸਰਕਾਰੀ ਵਿਭਾਗਾਂ 'ਚ ਤਾਇਨਾਤ ਕਰ ਕੇ ਜਨਤਕ ਦਬਾਅ ਵਧਾਉਣ ਦੀਆਂ ਕੋਝੀਆਂ ਚਾਲਾਂ ਚੱਲੀਆਂ ਪਰ ਲੋਕ ਸੱਤਾਧਾਰੀ ਰਾਸ਼ਟਰਪਤੀ ਤੋਂ ਨਾਰਾਜ਼ ਸਨ। ਦੇਸ਼ ਅੰਦਰ ਐਮਾਜ਼ੋਨ ਖੇਤਰ 'ਚ ਅੰਨ੍ਹੇਵਾਹ ਦਰੱਖ਼ਤਾਂ ਦੀ ਕਟਾਈ, ਭੂ-ਮਾਫ਼ੀਆ ਗਿਰੋਹਾਂ ਵੱਲੋਂ ਵੱਡੇ ਪੱਧਰ 'ਤੇ ਗ਼ੈਰ ਕਾਨੂੰਨੀ ਕਬਜ਼ਿਆਂ, ਸਥਾਨਕ ਲੋਕਾਂ ਦੇ ਹੱਕਾਂ ਤੇ ਹਿੱਤਾਂ ਵਿਰੋਧੀ ਨੀਤੀਆਂ, ਗ਼ਲਤ ਸਰਮਾਏਦਾਰ ਪੱਖੀ ਵਿੱਤੀ ਤੇ ਆਰਥਿਕ ਨੀਤੀਆਂ ਕਰਕੇ ਬ੍ਰਾਜ਼ੀਲ ਦੀ ਆਰਥਿਕਤਾ ਦਾ 7ਵੇਂ ਸਥਾਨ ਤੋਂ 13ਵੇਂ ਸਥਾਨ 'ਤੇ ਖਿਸਕ ਜਾਣਾ ਆਦਿ ਮਸਲਿਆਂ ਕਰਕੇ ਲੋਕ ਉਨ੍ਹਾਂ ਵਿਰੁੱਧ ਸਨ। ਫ਼ੌਜ, ਪੁਲਿਸ ਪ੍ਰਸ਼ਾਸਨ, ਕਾਰਪੋਰੇਟ ਘਰਾਣਿਆਂ ਦੀ ਹਮਾਇਤ ਦੇ ਬਾਵਜੂਦ ਜਨਤਕ ਉਲਾਰ ਉਨ੍ਹਾਂ ਵਿਰੁੱਧ ਹੋ ਜਾਣ ਕਰਕੇ ਅੱਤ ਦੇ ਫਸਵੇਂ ਮੁਕਾਬਲੇ ਕਰਕੇ ਲੂਲਾ ਡਾ ਸਿਲਵਾ ਨੇ ਉਨ੍ਹਾਂ ਨੂੰ ਹਰਾ ਦਿਤਾ। ਦੁਨੀਆ ਦੇ ਨਾਮਵਰ ਬੁੱਧੀਜੀਵੀ, ਰਾਜਨੀਤੀਵਾਨ ਤੇ ਸਿਆਸੀ ਵਿਸ਼ਲੇਸ਼ਕ ਲੂਲਾ ਦੀ ਜਿੱਤ ਨੂੰ ਨਾ ਸਿਰਫ਼ ਬ੍ਰਾਜ਼ੀਲ ਸਗੋਂ ਸਮੁੱਚੀ ਦੁਨੀਆ ਲਈ ਲਾਹੇਵੰਦ ਮੰਨ ਰਹੇ ਹਨ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਬ੍ਰਾਜ਼ੀਲ ਦੇ ਬਾਰਸ਼ੀ ਜੰਗਲ ਤੇ ਜਲਵਾਯੂ ਬਚਾਅ ਲਈ 20 ਮਿਲੀਅਨ ਡਾਲਰ ਦਾ ਪ੍ਰਸਤਾਵ ਰੱਖਿਆ ਹੈ। ਨਾਰਵੇ ਨੇ ਵੀ ਲੂਲਾ ਨਾਲ ਸਹਿਯੋਗ ਲਈ ਹੱਥ ਵਧਾਇਆ ਹੈ। ਉਨ੍ਹਾਂ ਨੂੰ ਜਿਨ੍ਹਾਂ ਫਾਸ਼ੀਵਾਦੀ ਸ਼ਕਤੀਆਂ ਨੇ ਸਿਆਸੀ ਤੌਰ 'ਤੇ ਦਫ਼ਨ ਕਰਨ ਦੀਆਂ ਵੱਡੀਆਂ ਸਾਜ਼ਿਸ਼ਾਂ ਰਚੀਆਂ, ਅਜੇ ਚੁੱਪ ਬੈਠਣ ਵਾਲੀਆਂ ਨਹੀਂ। ਉਹ ਫ਼ੌਜ ਸਹਾਰੇ ਸੱਤਾ ਪ੍ਰਾਪਤੀ ਲਈ ਗੋਂਦਾਂ ਗੁੰਦਦੇ ਰਹਿਣਗੇ। ਐਮਾਜ਼ੋਨ ਖੇਤਰ ਦੀਆਂ ਸਮੱਸਿਆਵਾਂ ਦੂਰ ਕਰਨਾ, ਦਰੱਖ਼ਤਾਂ ਦੀ ਅੰਨ੍ਹੇਵਾਹ ਕਟਾਈ 'ਤੇ ਰੋਕ ਲਾਉਣਾ, ਬੋਲਸੋਨਾਰੋ ਪੱਖੀ ਗਵਰਨਰਾਂ ਤੇ ਕਾਂਗਰਸ ਨਾਲ ਨਜਿੱਠਣਾ, ਭੂ-ਮਾਫ਼ੀਆ ਦੁਆਰਾ ਕਬਜ਼ਾਈਆਂ ਜ਼ਮੀਨਾਂ ਵਾਪਸ ਲੈਣੀਆਂ, ਮਾਲਕਾਂ ਨੂੰ ਵਾਪਸ ਕਰਨਾ, ਨਿਰਪੱਖ ਜਲਵਾਯੂ ਨੀਤੀ ਅਮਲ 'ਚ ਲਿਆਉਣਾ, ਗ਼ੁਰਬਤ, ਬੇਰੁਜ਼ਗਾਰੀ, ਆਰਥਿਕ-ਸਮਾਜਿਕ ਨਾਬਰਾਬਰੀ ਖ਼ਤਮ ਕਰਨਾ, ਔਰਤਾਂ ਦੇ ਅਧਿਕਾਰਾਂ ਦੀ ਬਹਾਲੀ ਤੇ ਰਾਖੀ ਕਰਨਾ ਲੂਲਾ ਸਰਕਾਰ ਲਈ ਵੱਡੀਆਂ ਚੁਣੌਤੀਆਂ ਹਨ। ਬ੍ਰਾਜ਼ੀਲ ਕਾਂਗਰਸ ਤੇ ਵਿਰੋਧੀਆਂ ਦੀ ਬਹੁਤਾਤ ਕਰਕੇ ਲੂਲਾ ਨੂੰ ਉਨ੍ਹਾਂ ਨਾਲ ਕੂਟਨੀਤਕ ਸਮਝੌਤੇ ਕਰਨੇ ਪੈਣਗੇ। ਵਿਰੋਧੀ ਫ਼ੌਜ, ਕਾਰਪੋਰੇਟ ਵਾਦੀਆਂ, ਸਰਮਾਏਦਾਰਾਂ, ਤਾਕਤਵਰ ਭੂ, ਮਾਈਨਿੰਗ ਤੇ ਜੰਗਲ ਮਾਫ਼ੀਆ, ਨਿਆਂਪਾਲਿਕਾ ਆਦਿ ਨਾਲ ਮਿਲ ਕੇ ਲੂਲਾ ਖੱਬੇ ਪੱਖੀ ਸਰਕਾਰ ਦਾ ਤਖ਼ਤਾ ਪਲਟਣ ਲਈ ਤਿਆਰ ਰਹਿਣਗੇ ਪਰ ਲੂਲਾ ਨੇ ਕਿਹਾ ਹੈ ਕਿ ਬ੍ਰਾਜ਼ੀਲ ਮੇਰਾ ਨੇਕ ਕਾਰਜ ਹੈ, ਬ੍ਰਾਜ਼ੀਲੀਅਨ ਹੀ ਮੇਰਾ ਨੇਕ ਕਾਰਜ ਹਨ। ਮੈਂ ਆਪਣੇ ਰਾਸ਼ਟਰ ਤੇ ਲੋਕਾਂ ਨੂੰ ਸਮਰਪਿਤ ਹਾਂ। ਉਹ ਪਹਿਲੀ ਜਨਵਰੀ 2023 ਨੂੰ ਸੱਤਾ ਸੰਭਾਲਣਗੇ। ਬ੍ਰਾਜ਼ੀਲ ਦਾ ਖੁੱਸਾ ਵੱਕਾਰ ਬਹਾਲ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ। ਇਹ ਉਨ੍ਹਾਂ ਦਾ ਆਖ਼ਰੀ ਕਾਰਜਕਾਲ ਹੋਵੇਗਾ।

# ‘ਪਾਕਿਸਤਾਨ 'ਚ ਕਿਸੇ ਵੀ ਵਜ਼ੀਰ-ਏ-ਆਜ਼ਮ ਦੀ ਫ਼ੌਜ ਨਾਲ ਨਹੀਂ ਬਣੀ, ਕਿਸੇ ਨੂੰ ਗੋਲੀ ਤੇ ਕਿਸੇ ਨੂੰ ਫਾਂਸੀ’

ਅਸੀਂ ਮੈਟ੍ਰਿਕ ਦਾ ਇਮਤਿਹਾਨ ਦੇ ਕੇ ਲਾਹੌਰ ਸ਼ਹਿਰ ਦੀਆਂ ਬੱਤੀਆਂ ਵੇਖਣ ਗਏ ਤਾਂ ਦੋ ਕੰਮ ਹੋਏ। ਜਰਨਲ ਦਾ ਮਾਰਸ਼ਲ ਲਾਅ ਲੱਗਿਆ ਹੋਇਆ ਸੀ, ਉਨ੍ਹਾਂ ਨੇ ਭੁੱਟੋ ਨੂੰ ਫਾਏ ਲਾ ਛੱਡਿਆ। ਉਸ ਤੋਂ ਥੋੜ੍ਹੀ ਦੇਰ ਬਾਅਦ ਇੱਕ ਫ਼ਿਲਮ ਰਿਲੀਜ਼ ਹੋਈ ਜਿਸ ਦਾ ਨਾਮ ਸੀ- ਮੌਲਾ ਜੱਟ। ਫ਼ਿਲਮ ਨੇ ਖਿੜਕੀ ਤੋੜ ਰੱਸ਼ ਲਿਆ ਅਤੇ ਐਨੀ ਚੱਲੀ ਕਿ ਲੋਕਾਂ ਨੂੰ ਉਸ ਦੇ ਡਾਇਲਾਗ ਤੱਕ ਯਾਦ ਹੋ ਗਏ। ਬਲਕਿ ਇੰਝ ਸਮਝ ਲਵੋ ਕਿ ਉਸ ਦੇ ਡਾਇਲਾਗ ਪੰਜਾਬੀ ਜ਼ੁਬਾਨ ਦੇ ਮੁਹਾਵਰੇ ਬਣ ਗਏ। ਫ਼ਿਲਮ ਦਾ ਇੱਕ ਖ਼ਲਨਾਇਕ ਸੀ- ਨੂਰੀ ਨੱਥ, ਇੱਕ ਅੱਖੜ ਬਦਮਾਸ਼, ਜਿਸ ਨੂੰ ਨਾ ਜੇਲ੍ਹ 'ਚ ਕੈਦ ਪਾ ਸਕੋ, ਜੇ ਉਸ ਨੂੰ ਕੋੜੇ ਮਾਰੋ ਤਾਂ ਸਵਾਦ ਨਾਲ ਖਾਵੇ, ਇੱਕ ਪਿੰਡ ਤੋਂ ਦੂਜੇ ਪਿੰਡ ਜਾਵੇ ਅਤੇ ਆਪਣੇ ਜੋੜ ਦਾ ਦੁਸ਼ਮਣ ਲੱਭਦਾ ਫਿਰੇ। ਫ਼ਿਲਮ ਦਾ ਹੀਰੋ ਸੀ, ਮੌਲਾ ਜੱਟ, ਜਿਹੜਾ ਗੰਢਾਸਾ ਚੁੱਕੀ ਘੋੜਾ ਇੱਧਰ-ਉੱਧਰ ਨਸਾ ਕੇ ਇੱਜ਼ਤਾਂ ਬਚਾਉਂਦਾ ਫਿਰਦਾ ਸੀ। ਪਰ ਸੱਚੀ ਗੱਲ ਇਹ ਹੈ ਕਿ ਲੋਕਾਂ ਨੂੰ ਤਾਂ ਫ਼ਿਲਮ ਦਾ ਨੂਰੀ ਨੱਥ ਹੀ ਯਾਦ ਰਿਹਾ।

ਉਸ ਦੇ ਡਾਇਲਾਗ ਇੰਨੇ ਕੁ ਮਸ਼ਹੂਰ ਹੋਏ ਕਿ ਫ਼ਿਲਮ ਦੇ ਜੋ ਲਿਖਾਰੀ ਸਨ ਨਾਸਿਰ ਆਦੀਬ ਸਾਹਿਬ, ਉਨ੍ਹਾਂ ਦੇ ਬਾਰੇ 'ਚ ਕਿਹਾ ਗਿਆ ਕਿ ਪੰਜਾਬੀ ਜ਼ੁਬਾਨ ਨੂੰ ਇੱਕ ਨਵਾਂ ਸ਼ੇਖਸਪੀਅਰ ਮਿਲ ਗਿਆ ਹੈ। ਹੁਣ ਚਾਲੀ ਵਰ੍ਹਿਆਂ ਬਾਅਦ ਫ਼ਿਲਮ ਦੁਬਾਰਾ ਬਣੀ ਅਤੇ ਲੋਕਾਂ ਨੂੰ ਇੱਕ ਵਾਰ ਫਿਰ ਨੂਰੀ ਨੱਥ ਹੀ ਚੰਗਾ ਲੱਗਿਆ ਹੈ।




### ਇਮਰਾਨ ਖ਼ਾਨ ਅਤੇ ਨੂਰੀ ਨੱਥ

ਨਾਸਿਰ ਆਦੀਬ ਸਾਹਿਬ ਨੇ ਇੱਕ ਇੰਟਰਵਿਊ 'ਚ ਫ਼ਰਮਾਇਆ ਹੈ ਕਿ ਜਦੋਂ ਉਨ੍ਹਾਂ ਨੇ ਪਹਿਲੀ ਮੌਲਾ ਜੱਟ ਲਿਖੀ ਸੀ, ਉਦੋਂ ਮੁਲਕ 'ਚ ਮਾਰਸ਼ਲ ਲਾਅ ਲੱਗਿਆ ਸੀ ਅਤੇ ਉਨ੍ਹਾਂ ਨੇ ਨੂਰੀ ਨੱਥ ਨੂੰ ਖਲਨਾਇਕ ਬਣਾ ਕੇ ਮਾਰਸ਼ਲ ਲਾਅ ਦਾ ਜ਼ੁਲਮ ਵਿਖਾਇਆ ਸੀ ਅਤੇ ਮੌਲਾ ਜੱਟ ਆਵਾਮ ਦੀ ਆਵਾਜ਼ ਸੀ। ਪਰ ਸਾਡੀ ਆਵਾਮ ਦੀ ਮੱਤ ਵੀ ਪੁੱਠੀ ਹੈ। ਉਨ੍ਹਾਂ ਨੂੰ ਉਦੋਂ ਵੀ ਨੂਰੀ ਨੱਥ ਚੰਗਾ ਲੱਗਿਆ ਸੀ ਤੇ ਹੁਣ ਵੀ ਅੱਜ ਦਾ ਨੂਰੀ ਨੱਥ ਜੋ ਕਿ ਇਮਰਾਨ ਖ਼ਾਨ ਹੈ, ਜਿਹੜਾ ਰੋਜ਼ ਹਰ ਨਵੇਂ ਸ਼ਹਿਰ ਜਾ ਕੇ ਲਲਕਾਰਦਾ ਹੈ ਕਿ ਬਈ ਜੇ ਕੋਈ ਮੇਰੇ ਜਿਹਾ ਜਣਾ ਹੈ ਤਾਂ ਸਾਹਮਣੇ ਆਵੇ। ਪੁਰਾਣੀ ਮੌਲਾ ਜੱਟ 'ਚ ਨੂਰੀ ਨੱਥ ਨੂੰ ਪੁੱਛਿਆ ਜਾਂਦਾ ਹੈ, ਕਿ ਤੂੰ ਚਾਹੁੰਦਾ ਕੀ ਹੈ ? ਉਸ ਦਾ ਜਵਾਬ ਪੂਰੀ ਨਸਲ ਨੂੰ ਯਾਦ ਹੈ।

ਉਹ ਕਹਿੰਦਾ ਹੈ ਕਿ ਮੈਂ ਇਹ ਜੁੜਿਆ ਪਿੰਡਾ ਵੱਖੋ-ਵੱਖ ਵੇਖਣਾ ਚਾਹੁੰਦਾ ਹਾਂ, ਆਖਿਰ ਇਹ ਧਰਤੀ ਨੱਥ ਦੇ ਲਹੂ ਦਾ ਰੰਗ ਕਦੋਂ ਵੇਖੇਗੀ। ਇਮਰਾਨ ਖ਼ਾਨ ਵੀ ਇਸੇ ਆਵਾਮੀ ਜ਼ੁਬਾਨ 'ਚ ਗੱਲ ਕਰਦਾ ਹੈ- ਆਓ ਮੈਨੂੰ ਫੜੋ, ਮੈਨੂੰ ਜੇਲ੍ਹ 'ਚ ਪਾਓ, ਇਲੈਕਸ਼ਨ ਦਾ ਪਿੜ ਲਾਓ, ਇਸ ਧਰਤੀ 'ਤੇ ਕੋਈ ਜੰਮਿਆ ਹੈ ਤਾਂ ਸਾਹਮਣੇ ਆਵੇ, ਹੱਥੋ ਹੱਥੀ ਲੜਾ ਲਓ ਜਾਂ ਇਲੈਕਸ਼ਨ ਕਰਵਾ ਲਓ, ਮੇਰਾ ਕੁਝ ਕਰੋ ਨਹੀਂ ਤਾਂ ਮੈਂ ਸ਼ਹਿਰ-ਸ਼ਹਿਰ ਜਾ ਕੇ ਇਹੋ ਹੀ ਲਲਕਾਰਦਾ ਰਹਾਂਗਾ- ਗੋਲੀ ਮਾਰਨੀ ਜੇ ਤਾਂ ਮਾਰ ਲਵੋ ਤੇ ਗੋਲੀ ਲੱਗੀ ਵੀ ਤਾਂ ਇੰਝ ਉੱਠ ਕੇ ਖਲੋਤਾ ਜਿਵੇਂ ਪੰਜਾਬੀ ਫ਼ਿਲਮਾਂ ਦਾ ਹੀਰੋ ਖਲਾਉਂਦਾ ਹੈ ਤੇ ਨਾਲ ਹੀ ਫ਼ਰਮਾਇਆ ਹੈ ਕਿ ਅੱਲ੍ਹਾ ਨੇ ਮੈਨੂੰ ਇਸੇ ਲਈ ਦੁਬਾਰਾ ਜ਼ਿੰਦਗੀ ਦਿੱਤੀ ਹੈ ਤਾਂ ਜੋ ਮੈਂ ਤੁਹਾਨੂੰ ਸਾਰਿਆਂ ਨੂੰ ਸਿੱਧਾ ਕਰਕੇ ਜਾਵਾਂ।

### ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਫ਼ੌਜ ਦੇ ਰਿਸ਼ਤੇ

ਪਾਕਿਸਤਾਨ 'ਚ ਅੱਜ ਤੱਕ ਕਿਸੇ ਵੀ ਵਜ਼ੀਰ-ਏ-ਆਜ਼ਮ ਦੀ ਫੌਜ ਨਾਲ ਨਹੀਂ ਬਣੀ ਹੈ। ਕੋਈ ਫਾਂਸੀ ਚੜ੍ਹਿਆ ਹੈ, ਕਿਸੇ ਨੂੰ ਗੋਲੀ ਵੱਜੀ ਹੈ, ਕਿਸੇ ਨੂੰ ਦੇਸ਼ ਨਿਕਾਲਾ ਮਿਲਿਆ ਹੈ। ਫੌਜ ਵੀ ਹਰ ਵਜ਼ੀਰ-ਏ-ਆਜ਼ਮ ਲਈ ਮੌਲਾ ਜੱਟ ਦਾ ਇੱਕ ਹੀ ਡਾਇਲਾਗ ਇਸਤੇਮਾਲ ਕਰਦੀ ਹੈ- 'ਬਈ ਤੂੰ ਨਵਾਂ ਆਇਆ ਏ ਸੋਹਣਿਆ'। ਸਿਆਸਤਦਾਨਾਂ ਨੂੰ ਹਮੇਸ਼ਾਂ ਹੀ ਫੌਜ ਨੇ ਗੱਦਾਰ ਕਹਿ ਕੇ ਫ਼ਾਰਗ ਕੀਤਾ ਹੈ। ਹੁਣ ਸਾਡਾ ਨੂਰੀ ਨੱਥ ਸੀਨੇ 'ਤੇ ਹੱਥ ਮਾਰ ਕੇ ਫੌਜ ਨੂੰ ਗੱਦਾਰ ਕਹਿੰਦਾ ਹੈ ਅਤੇ ਆਵਾਮ ਤਾੜੀਆਂ ਮਾਰਦੀ ਹੈ।

ਖ਼ਾਨ ਦੇ ਵੈਰੀ ਵੀ ਬੜ੍ਹੇ ਨੇ, ਉਹ ਕਹਿੰਦੇ ਹਨ ਕਿ ਇਹ ਮੌਲਾ ਜੱਟ ਦਾ ਕੋਈ ਕਰੈਕਟਰ ਨਹੀਂ ਬਲਕਿ ਇਮਰਾਨ ਖ਼ਾਨ ਆਪ ਪੂਰੀ ਫ਼ਿਲਮ ਹੈ। ਫੌਜ ਨੇ ਹੀ ਇਸ ਨੂੰ ਬਣਾਇਆ ਸੀ ਅਤੇ ਹੁਣ ਫੌਜ ਨੂੰ ਹੀ ਤੜੀਆਂ ਮਾਰਦਾ ਹੈ ਤੇ ਰਾਤ ਨੂੰ ਉਨ੍ਹਾਂ ਦੇ ਤਰਲੇ ਕੱਢਦਾ ਹੈ। ਕਿਸੇ ਨੇ ਆਖਿਆ ਕਿ ਖ਼ਾਨ ਤਾਂ ਜ਼ਿਆਦਾ ਕਿਸੇ ਉਸ ਫ਼ਿਲਮ ਦਾ ਉਹ ਗਾਣਾ ਲੱਗਦਾ ਹੈ, ਜਿਸ 'ਚ ਕਿਹਾ ਗਿਆ ਸੀ ਕਿ-

'ਮਾਂ ਦਾ ਲਾਡਲਾ ਵਿਗੜ ਗਿਆ, ਮਾਂ ਦਾ ਲਾਡਲਾ ਵਿਗੜ ਗਿਆ,
ਮੁੰਡਾ ਸਾਡਾ ਘੋੜੀ ਚੜ੍ਹਿਆ, ਬੈਂਡ ਵੱਜ ਗਿਆ,
ਮਾਂ ਦਾ ਲਾਡਲਾ ਵਿਗੜ ਗਿਆ'।

ਚਲੋ ਜੇਕਰ ਮੰਨ ਲਈਏ ਕਿ ਇਮਰਾਨ ਖ਼ਾਨ ਅੱਜ ਦਾ ਨੂਰੀ ਨੱਥ ਹੈ ਤਾਂ ਫਿਰ ਮੌਲਾ ਕੌਣ ਹੈ?

'ਬਾਜਵੇ ਨੂੰ ਬਾਜਵਾ ਨਾ ਮਾਰੇ ਤਾਂ ਬਾਜਵਾ ਨਹੀਂ ਮਰ ਸਕਦਾ'। ਫ਼ਿਲਮ ਮੌਲਾ ਜੱਟ 'ਚ ਆਖਰੀ ਜਿੱਤ ਮੌਲਾ ਜੱਟ ਦੀ ਹੁੰਦੀ ਹੈ, ਪਰ ਉਸ ਦਾ ਸਿਰਫ ਇੱਕੋ ਹੀ ਡਾਇਲਾਗ ਲੋਕਾਂ ਨੂੰ ਯਾਦ ਰਹਿ ਗਿਆ ਸੀ, ਉਹ ਇਹ ਸੀ ਕਿ 'ਮੌਲੇ ਨੂੰ ਮੌਲਾ ਨਾ ਮਾਰੇ ਤਾਂ ਮੌਲਾ ਨਹੀਂ ਮਰ ਸਕਦਾ ਹੈ'। ਨੂਰੀ ਨੱਥ ਫ਼ਿਲਮ 'ਚ ਜਿੰਨਾ ਵੀ ਗੱਜ ਲਵੇ ਆਖੀਰ 'ਚ ਉਸ ਨੂੰ ਆਪਣੇ ਹੱਥੀਂ ਆਪਣੀ ਲੱਤ ਵੱਢ ਕੇ ਆਪਣੀ ਜਾਨ ਛਡਾਉਣੀ ਪੈਂਦੀ ਹੈ।

ਇਸ ਦਫ਼ਾ ਸੈੱਟ ਵੱਖਰੇ ਹਨ, ਐਕਟਰ ਵੀ ਹੋਰ ਹਨ, ਡਾਇਰੈਕਟ ਵੀ ਬਦਲ ਗਏ ਹਨ, ਲੇਕਿਨ ਅਸੀਂ ਇਹ ਹੀ ਆਖ ਸਕਦੇ ਹਾਂ ਕਿ ਤੁਸੀਂ ਨਵੇਂ ਆਏ ਹੋ ਸੋਹਣਿਓ। ਅਸੀਂ ਇਹ ਫ਼ਿਲਮ ਪਹਿਲਾਂ ਵੀ ਵੇਖੀ ਹੈ। ਬਾਕੀ ਜਿਹੜਾ ਮੌਲਾ ਜੱਟ ਦਾ ਇੱਕੋ ਹੀ ਡਾਇਲਾਗ ਸੀ, ਉਸ ਨੂੰ ਬਦਲ ਕੇ ਕੁਝ ਇੰਝ ਕਰ ਲਵੋ ਕਿ 'ਬਾਜਵੇ ਨੂੰ ਬਾਜਵਾ ਨਾ ਮਾਰੇ ਤਾਂ ਬਾਜਵਾ ਨਹੀਂ ਮਰ ਸਕਦਾ'। ਫ਼ਿਲਮ ਦਾ ਇੰਟਰਵਲ ਆਉਣ ਲੱਗਾ ਹੈ। ਦੁਆ ਕਰੋ ਕਿ ਇਹ ਧਰਤੀ ਨੱਥ ਦੇ ਲਹੂ ਦਾ ਰੰਗ ਕਦੇ ਵੀ ਨਾ ਵੇਖੇ ਅਤੇ ਸਾਡਾ ਜੁੜਿਆ ਪਿੰਡਾ ਵੀ ਇੱਕ ਵਾਰ ਫਿਰ ਵੱਖੋ-ਵੱਖ ਨਾ ਹੋਵੇ।

# ਇਮਰਾਨ ਨੂੰ ਸਿਆਸੀ ਲਾਹਾ ਦਿਵਾ ਸਕਦਾ ਹੈ ਵਜ਼ੀਰਾਬਾਦ ਹਮਲਾ

**ਸੁਰਿੰਦਰ ਸਿੰਘ ਤੇਜ**

ਯਾਸਰ ਕਮਾਲ (1923-2015) ਤੁਰਕਿਸ਼ ਲੇਖਕ ਵੀ ਸੀ ਅਤੇ ਇਨਸਾਨੀ ਹੱਕਾਂ ਦਾ ਝੰਡਾਬਰਦਾਰ ਵੀ। 2012 ਵਿਚ ਉਸ ਦਾ ਨਾਮ ਸਾਹਿਤ ਦੇ ਨੋਬੇਲ ਪੁਰਸਕਾਰ ਲਈ ਵਿਚਾਰਿਆ ਗਿਆ ਪਰ ਐਨ ਆਖ਼ਿਰੀ ਮੌਕੇ ਚੀਨ ਦਾ ਮੋ ਯਾਂ ਬਾਜ਼ੀ ਮਾਰ ਗਿਆ। ਸਿਆਸਤ ਦੀ ਗ਼ਲਾਜ਼ਤ, ਕਮਾਲ ਦੀਆਂ ਕਹਾਣੀਆਂ ਦਾ ਉਭਰਵਾਂ ਹਿੱਸਾ ਬਣੀ ਰਹੀ ਹੈ। ਉਸ ਦੀ ਕਹਾਣੀ ‘ਜ਼ਰਦ ਤਪਸ਼’ (ਯੈਲੋ ਹੀਟ) ਪਾਕਿਸਤਾਨ ਦੀ ਵਰਤਮਾਨ ਦ੍ਰਿਸ਼ਾਵਲੀ ਨਾਲ ਬਹੁਤ ਮਿਲਦੀ-ਜੁਲਦੀ ਹੈ। ਕਹਾਣੀ ਦਾ ਨਾਇਕ ਮਹਿਮਦ ਬੇਹੱਦ ਮਕਬੂਲ ਰਾਜਸੀ ਨੇਤਾ ਹੈ ਪਰ ਉਸ ਦੀ ਪਾਰਟੀ ਵਿਚ ਗੰਭੀਰ ਫੁੱਟ ਹੈ। ਇਕ ਰੈਲੀ ਦੌਰਾਨ ਮਹਿਮਦ ’ਤੇ ਕਾਤਲਾਨਾ ਹਮਲਾ ਹੋ ਜਾਂਦਾ ਹੈ। ਇਹ ਹਮਲਾ ਪਾਰਟੀ ਅੰਦਰਲੀ ਗੁੱਟਬੰਦੀ ਕਾਰਨ ਹੋਇਆ ਪਰ ਇਸ ਨੇ ਮਹਿਮਦ ਦੇ ਵਿਰੋਧੀਆਂ ਦੇ ਖੇਮੇ ਵਿਚ ਗੰਭੀਰ ਵੰਡੀਆਂ ਪਾ ਦਿੱਤੀਆਂ। ਪਾਕਿਸਤਾਨ ਤਹਿਰੀਕ-ਇ-ਇਨਸਾਫ਼ ਪਾਰਟੀ (ਪੀਟੀਆਈ) ਦੇ ਸਰਬਰਾਹ ਇਮਰਾਨ ਖ਼ਾਨ ’ਤੇ ਵੀਰਵਾਰ ਨੂੰ ਵਜ਼ੀਰਾਬਾਦ (ਗੁੱਜਰ-ਾਂਵਾਲਾ) ਵਿਚ ਹੋਇਆ ਕਾਤਲਾਨਾ ਹਮਲਾ ਵੀ ‘ਜ਼ਰਦ ਤਪਸ਼’ ਵਾਲੀਆਂ ਸੰਭਾਵਨਾਵਾਂ ਉਭਾਰਦਾ ਹੈ। ਇਹ ਵਜ਼ੀਰੇ-ਆਜ਼ਮ ਸ਼ਹਿਬਾਜ਼ ਸ਼ਰੀਫ਼ ਦੀ ਸਰਕਾਰ ਤੇ ਪਾਕਿਸਤਾਨੀ ਫ਼ੌਜ ਦਰਮਿਆਨ ਕਿੰਨੀਆਂ ਗਹਿਰੀਆਂ ਵੰਡੀਆਂ ਪਾਏਗਾ, ਇਹ ਤਾਂ ਸਮਾਂ ਹੀ ਦੱਸੇਗਾ; ਹਾਂ, ਪਿਛਲੇ 48 ਘੰਟਿਆਂ ਦੌਰਾਨ ਜੋ ਪ੍ਰਤੀਕਰਮ ਸਾਹਮਣੇ ਆਏ ਹਨ, ਉਹ ‘ਜ਼ਰਦ ਤਪਸ਼’ ਵਾਲੀਆਂ ਸੰਭਾਵਨਾਵਾਂ ਜ਼ਰੂਰ ਉਭਾਰਦੇ ਹਨ।

ਹਮਲਾ ਸੂਬਾ ਪੰਜਾਬ ਵਿਚ ਹੋਇਆ ਜਿਥੇ ਸਰਕਾਰ ਦੇ ਮੁਖੀ ਪਾਕਿਸਤਾਨ ਮੁਸਲਿਮ ਲੀਗ (ਕੌਮੀ) ਦੇ ਨੇਤਾ ਚੌਧਰੀ ਪਰਵੇਜ਼ ਇਲਾਹੀ ਹਨ। ਉਨ੍ਹਾਂ ਕੋਲ ਗਿਣਤੀ ਦੇ ਹੀ ਵਿਧਾਨਕਾਰ ਹਨ; ਸਰਕਾਰ ਮੁੱਖ ਤੌਰ ’ਤੇ ਇਮਰਾਨ ਦੀ ਪਾਰਟੀ (ਪੀਟੀਆਈ) ਦੇ ਸਹਾਰੇ ਚੱਲ ਰਹੀ ਹੈ। ਇਮਰਾਨ ਦੇ ਲੰਮੇ ਮਾਰਚ ਲਈ ਸੁਰੱਖਿਆ ਦੀ ਜ਼ਿੰਮੇਵਾਰੀ ਮੁੱਖ ਤੌਰ ’ਤੇ ਇਲਾਹੀ ਦੀ ਸਰਕਾਰ ਦੀ ਸੀ। ਉਹ ਇਹ ਜ਼ਿੰਮੇਵਾਰੀ ਨਿਭਾਉਣ ਪੱਖੋਂ ਨਾਕਾਮ ਰਹੀ। ਲਿਹਾਜ਼ਾ, ਇਲਾਹੀ ਹੁਣ ਬੈਕ ਫੁੱਟ ’ਤੇ ਹੈ ਅਤੇ ਇਹ ਸਥਿਤੀ ਛੇਤੀ ਸੁਧਰਨ ਵਾਲੀ ਨਹੀਂ। ਇਕ ਸਾਬਕਾ ਪ੍ਰਧਾਨ ਮੰਤਰੀ ਜਿਸ ਦੀ ਜਾਨ ਨੂੰ ਖ਼ਤਰੇ ਦੀਆਂ ਚਿਤਾਵਨੀਆਂ ਰੋਜ਼ ਜਾਰੀ ਹੁੰਦੀਆਂ ਸਨ, ਦੇ ਐਨ ਨੇੜੇ ਅਸਲ੍ਹਾਧਾਰੀ ਹਮਲਾਵਰ ਨੂੰ ਪੁੱਜਣ ਦਿੱਤਾ ਗਿਆ, ਇਹ ਸਿਰੇ ਦੀ ਅਲਗਰਜ਼ੀ ਸੀ। ਉਪਰੋਂ ਹਮਲਾਵਰ ਦੇ ‘ਇਕਬਾਲੀਆ ਬਿਆਨ’ ਵਾਲੀ ਵੀਡੀਓ ਵੀ ਹਮਲੇ ਤੋਂ ਅੱਧੇ ਘੰਟੇ ਬਾਅਦ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਗਈ। ਇਸ ਅਲਗਰਜ਼ੀ ਦਾ ਅਸਰ ਪਰਵੇਜ਼ ਇਲਾਹੀ ’ਤੇ ਪੈਣਾ ਸੁਭਾਵਿਕ ਹੈ ਪਰ ਇਮਰਾਨ ਦੀ ਪਾਰਟੀ ਇਕ ਤੀਰ ਨਾਲ ਕਈ ਸ਼ਿਕਾਰ ਕਰ ਰਹੀ ਹੈ। ਉਹ ਇਲਾਹੀ ਤੋਂ ਇਲਾਵਾ ਸ਼ਹਿਬਾਜ਼ ਸ਼ਰੀਫ਼ ਦੀ ਮਰਕਜ਼ੀ ਸਰਕਾਰ ਅਤੇ ਫ਼ੌਜੀ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੂੰ ਵੀ ਸਿੱਧਾ ਨਿਸ਼ਾਨਾ ਬਣਾ ਰਹੀ ਹੈ। ਇਮਰਾਨ ਨੇ ਹਮਲੇ ਦੀ ‘ਸਾਜ਼ਿਸ਼’ ਰਚਣ ਦੀ ਜ਼ਿੰਮੇਵਾਰੀ ਸਿੱਧੇ ਤੌਰ ’ਤੇ ਸ਼ਹਿਬਾਜ਼ ਸ਼ਰੀਫ਼, ਕੌਮੀ ਗ੍ਰਹਿ ਮੰਤਰੀ ਰਾਣਾ ਸਨਾਉੱਲਾ ਅਤੇ ਮੇਜਰ ਜਨਰਲ ਫ਼ੈਸਲ ਉਤੇ ਸੁੱਟੀ ਹੈ। ਫ਼ੈਸਲ ਆਈਐੱਸਆਈ ਵਿਚ ਉੱਚ ਅਹੁਦੇ ’ਤੇ ਹੈ ਅਤੇ ਤਕਰੀਬਨ 10 ਵਰ੍ਹਿਆਂ ਤੱਕ ਜਨਰਲ ਬਾਜਵਾ ਦਾ ਸਹਾਇਕ ਰਿਹਾ ਹੈ। ਇਮਰਾਨ ਨੂੰ ਪਤਾ ਹੈ ਕਿ ਜੋ ਮਾਹੌਲ ਇਸ ਵੇਲੇ ਪਕਿਸਤਾਨ ਵਿਚ ਬਣਿਆ ਹੋਇਆ ਹੈ, ਉਸ ਵਿਚ ਨਾ ਤਾਂ ਸ਼ਹਿਬਾਜ਼ ਸ਼ਰੀਫ਼ ਸਰਕਾਰ, ਪੀਟੀਆਈ ਦੀ ਲੀਡਰਸ਼ਿਪ ਖ਼ਿਲਾਫ਼ ਤਿੱਖੀ ਸੁਰ ਅਪਣਾ ਸਕਦੀ ਹੈ ਅਤੇ ਨਾ ਹੀ ਫ਼ੌਜ। ਇਸੇ ਲਈ ਉਹ ਹਮਲੇ ਨੂੰ ਰਾਜਸੀ ਤੌਰ ’ਤੇ ਵੱਧ ਤੋਂ ਵੱਧ ਰਿੜਕਣ ਦੇ ਰਾਹ ਤੁਰਿਆ ਹੋਇਆ ਹੈ। ਦੂਜੇ ਪਾਸੇ ਸ਼ਹਿਬਾਜ਼ ਸਰਕਾਰ ਅਤੇ ਫੌਜ ਆਪੋ-ਆਪਣੇ ਬਚਾਅ ’ਚ ਲੱਗੀਆਂ ਹੋਈਆਂ ਹਨ। ਦੋਵਾਂ ਵੱਲੋਂ ਕੋਈ ਸਾਂਝੀ ਰਣਨੀਤੀ ਨਹੀਂ ਅਪਨਾਈ ਗਈ। ਇਹ ਖ਼ਾਮੀ ਵੀ ਪੀਟੀਆਈ ਵੱਲੋਂ ਆਪਣੇ ਪ੍ਰਾਪੇਗੰਡੇ ਲਈ ਖ਼ੂਬ ਵਰਤੀ ਜਾ ਰਹੀ ਹੈ।

ਇਸ ਵੇਲੇ ਰਾਜਸੀ ਤੌਰ ’ਤੇ ਇਮਰਾਨ ਖ਼ਾਨ ਦੀ ਪੂਰੀ ਚੜ੍ਹਤ ਹੈ, ਇਸ ਬਾਰੇ ਕਿਸੇ ਨੂੰ ਕੋਈ ਸ਼ੁਬਹਾ ਨਹੀਂ। ਹੁਕਮਰਾਨ ਪਾਕਿਸਤਾਨ ਜਮਹੂਰੀ ਮੁਹਾਜ਼ (ਪੀਡੀਐੱਮ) ਕੋਲ ਇਕ ਵੀ ਨੇਤਾ ਅਜਿਹਾ ਨਹੀਂ ਜੋ ਮਕਬੂਲੀਅਤ ਪੱਖੋਂ ਇਮਰਾਨ ਖ਼ਾਨ ਦੇ ਨੇੜੇ ਢੁੱਕਦਾ ਹੋਵੇ। ਸਥਿਤੀ ਸੰਭਾਲਣ ਪੱਖੋਂ ਸਾਬਕਾ ਵਜ਼ੀਰੇ-ਆਜ਼ਮ ਨਵਾਜ਼ ਸ਼ਰੀਫ਼ ਕੁਝ ਕਾਰਗਰ ਸਾਬਤ ਹੋ ਸਕਦਾ ਸੀ ਪਰ ਲੰਡਨ ਛੱਡਣ ਦੀ ਰੌਅ ’ਚ ਨਹੀਂ। ਉਸ ਨੂੰ ਨਾ ਤਾਂ ਆਪਣੇ ਛੋਟੇ ਭਰਾ ਸ਼ਹਿਬਾਜ਼ ਸ਼ਰੀਫ਼ ਦੀ ਨੀਅਤ ਤੇ ਨੀਤੀਆਂ ਉਤੇ ਇਤਬਾਰ ਹੈ ਅਤੇ ਨਾ ਹੀ ਫ਼ੌਜ ਦੀ ਰਣਨੀਤੀ ਉਤੇ। ਸ਼ਹਿਬਾਜ਼ ਦੀ ਵਜ਼ੀਰੇ-ਆਜ਼ਮ ਵਜੋਂ ਨਾਮਜ਼ਦਗੀ, ਨਵਾਜ਼ ਸ਼ਰੀਫ਼ ਦੀ ਵਤਨ ਵਾਪਸੀ ਤਕ ਰਾਜਗੱਦੀ ਨੂੰ ਗਰਮ ਰੱਖਣ ਲਈ ਕੀਤੀ ਗਈ ਸੀ ਪਰ ਹੁਣ ਇਹ ਯਕੀਨਦਹਾਨੀ ਨਹੀਂ ਕੀਤੀ ਜਾ ਸਕਦੀ ਕਿ ਨਵਾਜ਼ ਦੀ ਆਮਦ ਹੁੰਦਿਆਂ ਹੀ ਸ਼ਹਿਬਾਜ਼ ਗੱਦੀ ਵੱਡੇ ਭਰਾ ਨੂੰ ਸੌਂਪ ਦੇਵੇਗਾ। ਉਂਝ ਵੀ ਦੋਵਾਂ ਦੇ ਪਰਿਵਾਰਾਂ ਦਰਮਿਆਨ ਪੂਰੀ ਸ਼ਰੀਕੇਬਾਜ਼ੀ ਹੈ। ਸ਼ਹਿਬਾਜ਼ ਆਪਣੇ ਪੁੱਤਰ ਹਮਜ਼ਾ ਨੂੰ ਪੀਐੱਮਐੱਲ-ਐੱਨ ਦੇ ਭਵਿੱਖੀ ਮੁਖੀ ਵਜੋਂ ਸਥਾਪਿਤ ਕਰਨਾ ਚਾਹੁੰਦਾ ਹੈ, ਨਵਾਜ਼ ਦੀਆਂ ਨਜ਼ਰਾਂ ਵਿਚ ਉਸ ਦੀ ਧੀ ਮਰੀਅਮ ਹੀ ਪਾਰਟੀ ਤੇ ਪਰਿਵਾਰ ਦਾ ਅਸਲ ਭਵਿੱਖ ਹੈ। ਅਸਲੀਅਤ ਤਾਂ ਇਹ ਵੀ ਹੈ ਕਿ ਨਵਾਜ਼ ਦੇ ਵਤਨੋਂ ਬਾਹਰ ਰਹਿਣ ਅਤੇ ਕ੍ਰਿਸ਼ਮਈ ਸ਼ਖ਼ਸੀਅਤ ਵਜੋਂ ਸ਼ਹਿਬਾਜ਼ ਦੇ ਨਾ ਉੱਭਰ ਸਕਣ ਕਾਰਨ ਪੀਐੱਮਐੱਲ-ਐੱਨ ਦੇ ਰਾਜਸੀ ਆਧਾਰ ਤੇ ਰਸੂਖ਼ ਨੂੰ ਲਗਾਤਾਰ ਖੋਰਾ ਲੱਗਿਆ ਹੈ। ਇਸ ਹਕੀਕਤ ਤੋਂ ਫੌਜ ਭਲੀ-ਭਾਂਤ ਵਾਕਫ਼ ਹੈ। ਲਿਹਾਜ਼ਾ, ਜੋ ਹਾਲਾਤ ਬਣ ਹਨ, ਉਨ੍ਹਾਂ ਦੇ ਮੱਦੇਨਜ਼ਰ ਇਹ ਜ਼ਰੂਰੀ ਨਹੀਂ ਕਿ ਫ਼ੌਜ, ਸ਼ਹਿਬਾਜ਼ ਸ਼ਰੀਫ਼ ਸਰਕਾਰ ਦਾ ਬਚਾਅ ਕਰਨਾ ਲਗਾਤਾਰ ਜਾਰੀ ਰੱਖੇ।

ਇਸ ਪੱਖੋਂ ਇਮਰਾਨ ਖ਼ਾਨ ਦੇ ਦਾਅ-ਪੇਚ ਵੀ ਕੁਝ ਹੱਦ ਤਕ ਕਾਮਯਾਬ ਸਾਬਤ ਹੋਏ ਹਨ। ਉਹ ਫ਼ੌਜ ਦੇ ਖ਼ਿਲਾਫ਼ ਵੀ ਬੋਲ ਰਿਹਾ ਹੈ ਅਤੇ ਹੱਕ ਵਿਚ ਵੀ। ਉਹ ਜਨਰਲ ਬਾਜਵਾ ਦੀ ਰੁਖ਼ਸਤਗੀ ਚਾਹੁੰਦਾ ਹੈ ਪਰ ਹੋਰਨਾਂ ਜਰਨੈਲਾਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦਾ। ਇਹ ਦੋਗਲੀਆਂ ਚਾਲਾਂ ਦੋਹਰੇ ਪ੍ਰਭਾਵ ਪੈਦਾ ਕਰਨ ਲੱਗੀਆਂ ਹਨ। ਫ਼ੌਜ ਦੀਆਂ ਸਫ਼ਾਂ ਵਿਚ ਕੁਝ ਹਿਲਜੁਲ ਸ਼ੁਰੂ ਹੋ ਗਈ ਹੈ। ਪਾਕਿਸਤਾਨ ਵਿਚ ਚਾਰ ਸਿਤਾਰਾ ਦੋ ਜਨਰਲਾਂ ਤੋਂ ਇਲਾਵਾ 25 ਲੈਫਟੀਨੈਂਟ ਜਨਰਲ ਅਤੇ 210 ਮੇਜਰ ਜਨਰਲ ਹਨ। ਦੋਵੇਂ ਚਾਰ ਸਿਤਾਰਾ ਜਨਰਲ- ਕਮਰ ਜਾਵੇਦ ਬਾਜਵਾ ਤੇ ਨਦੀਮ ਰਜ਼ਾ ਇਸ ਮਹੀਨੇ ਦੇ ਆਖ਼ਿਰੀ ਹਫ਼ਤੇ ਰਿਟਾਇਰ ਹੋਣ ਵਾਲੇ ਹਨ। ਰਜ਼ਾ ਤਿੰਨਾਂ ਸੈਨਾਵਾਂ ਦੇ ਮੁਖੀਆਂ ਦੀ ਸਾਂਝੀ ਕਮੇਟੀ ਦੇ ਮੁਖੀ ਹਨ। ਉਨ੍ਹਾਂ ਦੀ ਰਿਟਾਇਰਮੈਂਟ ਪਹਿਲਾਂ ਹੈ, ਬਾਜਵਾ ਦੀ 29 ਨਵੰਬਰ ਨੂੰ। ਬਾਜਵਾ ਨੂੰ ਇਕ ਫ਼ਾਇਦਾ ਹੈ। ਇਮਰਾਨ ਸਰਕਾਰ ਵੱਲੋਂ 2019 ਵਿਚ ਪਾਸ ਕਰਵਾਈ ਸੰਵਿਧਾਨਕ ਤਰਮੀਮ ਅਨੁਸਾਰ ਥਲ ਸੈਨਾ ਮੁਖੀ 64 ਵਰ੍ਹਿਆਂ ਦੀ ਉਮਰ ਤਕ ਆਪਣੇ ਅਹੁਦੇ ’ਤੇ ਰਹਿ ਸਕਦਾ ਹੈ। ਬਾਜਵਾ 61 ਵਰ੍ਹਿਆਂ ਦੇ ਹਨ। ਉਹ ਚਾਹੁਣ ਤਾਂ ਸੌਦੇਬਾਜ਼ੀ ਕਰ ਕੇ ਆਪਣੇ ਅਹੁਦੇ ’ਤੇ ਟਿਕੇ ਰਹਿ ਸਕਦੇ ਹਨ। ਇਹ ਵੱਖਰੀ ਗੱਲ ਹੈ ਕਿ ਉਹ ਸੇਵਾਮੁਕਤੀ ਦੀ ਇੱਛਾ ਵਾਰ ਵਾਰ ਜ਼ਾਹਿਰ ਕਰ ਚੁੱਕੇ ਹਨ। ਇਸ ਦੇ ਬਾਵਜੂਦ ਜਿਸ ਕਿਸਮ ਦੇ ਰਾਜਸੀ ਹਾਲਾਤ ਪਾਕਿਸਤਾਨ ਵਿਚ ਬਣੇ ਹੋਏ ਹਨ, ਉਨ੍ਹਾਂ ਦੇ ਮੱਦੇਨਜ਼ਰ ਬਾਜਵਾ ਆਪਣਾ ਰੁਖ਼ ਬਦਲ ਵੀ ਸਕਦੇ ਹਨ। ਇਸੇ ਸੰਭਾਵਨਾ ਦੇ ਮੱਦੇਨਜ਼ਰ ਕੁਝ ਲੈਫਟੀਨੈਂਟ ਜਨਰਲਾਂ, ਖ਼ਾਸ ਤੌਰ ’ਤੇ ਚੰਦ ਕੋਰ ਕਮਾਂਡਰਾਂ (ਜਿਨ੍ਹਾਂ ਦਾ ਭਵਿੱਖ ਦਾਅ ’ਤੇ ਹੈ) ਨੇ ਆਪਣੀ ਬੇਚੈਨੀ ਅਸਿੱਧੇ ਢੰਗ ਨਾਲ ਪ੍ਰਗਟਾਉਣੀ ਸ਼ੁਰੂ ਕਰ ਦਿੱਤੀ ਹੈ। ਵੱਧ ਹਿਲਜੁਲ ਲੈਫਟੀਨੈਂਟ ਜਨਰਲ ਆਸਿਮ ਮੁਨੀਰ ਵਲੋਂ ਦਿਖਾਈ ਜਾ ਰਹੀ ਹੈ। ਉਹ ਸਭ ਤੋਂ ਸੀਨੀਅਰ ਤਿੰਨ ਸਿਤਾਰਾ ਜਨਰਲ ਹਨ ਪਰ ਉਨ੍ਹਾਂ ਦੀ ਰਿਟਾਇਰਮੈਂਟ ਦੀ ਤਾਰੀਖ਼ 27 ਨਵੰਬਰ ਹੈ। ਉਸ ਤੋਂ ਪਹਿਲਾਂ ਥਲ ਸੈਨਾ ਮੁਖੀ ਨਿਯੁਕਤ ਹੋਣ ਦੀ ਸੂਰਤ ਵਿਚ ਉਨ੍ਹਾਂ ਦਾ ਸੇਵਾਕਾਲ ਤਿੰਨ ਵਰ੍ਹਿਆਂ ਲਈ ਵਧ ਸਕਦਾ ਹੈ। ਉਹ ਖ਼ੁਦ ਨੂੰ ਇਸ ਅਹੁਦੇ ਦਾ ਹੱਕਦਾਰ ਵੀ ਸਮਝਦੇ ਹਨ ਪਰ ਮਸਲਾ ਇਹ ਹੈ ਕਿ ਕੀ ਬਾਜਵਾ ਅਗਲੇ ਚੰਦ ਦਿਨਾਂ ਦੌਰਾਨ ਸ਼ਹਿਬਾਜ਼ ਸ਼ਰੀਫ਼ ਨਾਲ ਹੋਣ ਵਾਲੀ ਮੀਟਿੰਗ ਦੌਰਾਨ ਜਨਰਲ ਮੁਨੀਰ ਦੀ ਸਿਫ਼ਾਰਸ਼ ਕਰਨਗੇ? ਪਾਕਿਸਤਾਨ ਵਿਚ ਰਵਾਇਤ ਰਹੀ ਹੈ ਕਿ ਸੇਵਾਮੁਕਤ ਹੋਣ ਵਾਲਾ ਥਲ ਸੈਨਾ ਮੁਖੀ ਅਹੁਦਾ ਤਿਆਗਣ ਤੋਂ ਚੰਦ ਹਫ਼ਤੇ ਪਹਿਲਾਂ ਆਪਣੇ ਜਾਨਸ਼ੀਨ ਦਾ ਨਾਮ ਵਜ਼ੀਰੇ-ਆਜ਼ਮ ਕੋਲ ਤਜਵੀਜ਼ ਕਰ ਜਾਂਦਾ ਹੈ। ਇਹ ਨਾਮ ਚਾਰ ਤੋਂ ਪੰਜ ਲੈਫਟੀਨੈਂਟ ਜਨਰਲਾਂ ਦੀ ਸੂਚੀ ਵਿਚ ਸਿਖ਼ਰ ’ਤੇ ਹੁੰਦਾ ਹੈ। ਵਜ਼ੀਰੇ-ਆਜ਼ਮ ਲਈ ਇਹ ਜ਼ਰੂਰੀ ਨਹੀਂ ਕਿ ਉਹ ਸਿਖ਼ਰਲੇ ਨਾਮ ਨੂੰ ਹੀ ਮਨਜ਼ੂਰੀ ਦੇਵੇ। ਉਹ ਸੂਚੀ ਤੋਂ ਬਾਹਰਲੇ ਕਿਸੇ ਤਿੰਨ ਸਿਤਾਰਾ ਜਨਰਲ ਨੂੰ ਵੀ ਸੈਨਾਪਤੀ ਨਿਯੁਕਤ ਕਰ ਸਕਦਾ ਹੈ ਪਰ ਬਹੁਤੀ ਵਾਰ ਅਹੁਦਾ ਤਿਆਗ ਰਹੇ ਸੈਨਾਪਤੀ ਦੀ ਰਾਇ ਨੂੰ ਵਜ਼ਨ ਦਿੱਤਾ ਜਾਂਦਾ ਹੈ; ਜਾਂ ਇਹ ਵੀ ਕਿਹਾ ਜਾ ਸਕਦਾ ਕਿ ਸੂਚੀ ਅਮੂਮਨ ਪਹਿਲਾਂ ਹੋਈ ਸੌਦੇਬਾਜ਼ੀ ਮੁਤਾਬਿਕ ਹੀ ਤਿਆਰ ਕੀਤੀ ਜਾਂਦੀ ਹੈ।

ਬਹਰਹਾਲ, ਜੋ ਹਾਲਾਤ ਇਸ ਵੇਲੇ ਬਣੇ ਹੋਏ ਹਨ, ਉਹ ਇਮਰਾਨ ਲਈ ਰਾਜਸੀ ਤੌਰ ’ਤੇ ਬਹੁਤ ਢੁਕਵੇਂ ਹਨ। ਇਹ ਤਕਦੀਰ ਦਾ ਪੁੱਠਾ ਗੇੜ ਹੈ ਕਿ ਜਿਸ ਇਮਰਾਨ ਦੀਆਂ ਨੀਤੀਆਂ ਤੇ ਗ਼ਰੂਰ ਨੇ ਪਾਕਿਸਤਾਨ ਨੂੰ ਗੰਭੀਰ ਆਰਥਿਕ ਸੰਕਟ ਵਿਚ ਫਸਾਇਆ; ਸਾਊਦੀ ਅਰਬ, ਯੂਏਈ, ਕੁਵੈਤ ਤੇ ਇਥੋਂ ਤਕ ਕਿ ਇੰਡੋਨੇਸ਼ੀਆ ਵਰਗੇ ਇਸਲਾਮੀ ਮੁਲਕਾਂ ਨੂੰ ਪਾਕਿਸਤਾਨ ਤੋਂ ਦੂਰ ਕੀਤਾ; ਅਮਰੀਕਾ, ਖਾਸ ਤੌਰ ’ਤੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਬੇਵਜ੍ਹਾ ਨਾਰਾਜ਼ ਕੀਤਾ; ਤੇ ਅਫ਼ਗ਼ਾਨ ਤਾਲਿਬਾਨ ਦੀਆਂ ਸਫ਼ਾਂ ਵਿਚ ਵੀ ਪਾਕਿਸਤਾਨੀ ਨੀਤੀਆਂ ਪ੍ਰਤੀ ਨਾਖ਼ੁਸ਼ੀ ਪੈਦਾ ਕੀਤੀ, ਉਹੀ ਇਮਰਾਨ ਪਾਕਿਸਤਾਨੀ ਫੌਜ ਦੀ ਚੌਧਰ ਨੂੰ ਵੀ ਸਖ਼ਤ ਚੁਣੌਤੀ ਦੇ ਰਿਹਾ ਹੈ ਅਤੇ ਹੁਕਮਰਾਨ ਧਿਰਾਂ ਨੂੰ ਵੀ। ਪਾਕਿ-ਸਤਾਨੀ ਫ਼ੌਜ ਬਾਰੇ ਕਿਹਾ ਜਾਂਦਾ ਹੈ ਕਿ ਜਦੋਂ ਮੁਲਕ ਵਿਚ ਗੰਭੀਰ ਰਾਜਸੀ ਜਾਂ ਸੰਵਿਧਾਨਕ ਸੰਕਟ ਪੈਦਾ ਹੋ ਜਾਂਦਾ ਹੈ ਤਾਂ ਆਪਣੀ ਸਾਖ਼ ਸਲਾਮਤ ਰੱਖਣ ਲਈ ਉਹ ‘ਕੱਕੜ ਫਾਰਮੂਲੇ’ ਉੱਤੇ ਉਤਰ ਆਉਂਦੀ ਹੈ। ਇਹ ਫਾਰਮੂਲਾ 1993 ਵਿਚ ਤਤਕਾਲੀ ਥਲ ਸੈਨਾ ਮੁਖੀ ਜਨਰਲ ਅਬਦੁਲ ਵਹੀਦ ਕੱਕੜ ਨੇ ਅਜ਼ਮਾਇਆ ਸੀ। ਉਦੋਂ ਉਨ੍ਹਾਂ ਨੇ ਰਾਸ਼ਟਰਪਤੀ ਗ਼ੁਲਾਮ ਇਸਹਾਕ ਖ਼ਾਨ ਤੇ ਵਜ਼ੀਰੇ-ਆਜ਼ਮ ਨਵਾਜ਼ ਸ਼ਰੀਫ਼ ਦਰਮਿਆਨ ਸੰਵਿਧਾਨਕ ਟਕਰਾਅ ਦਾ ਖ਼ਾਤਮਾ ਕਰਵਾਉਣ ਲਈ ਦੋਵਾਂ ਨੂੰ ਅਹੁਦੇ ਤਿਆਗਣ ਅਤੇ ਨਵੀਆਂ ਚੋਣਾਂ ਦਾ ਰਾਹ ਪੱਧਰਾ ਕਰਨ ਵਾਸਤੇ ਰਾਜ਼ੀ ਕਰ ਲਿਆ ਸੀ। ਇਮਰਾਨ ਵਾਲੇ ਮਾਮਲੇ ਵਿਚ ਫ਼ੌਜ ਜਿਸ ਤਰ੍ਹਾਂ ਲਗਾਤਾਰ ਅਕਸੀ ਗੋਤੇ ਖਾਂ ਰਹੀ ਹੈ, ਉਸ ਦੇ ਮੱਦੇਨਜ਼ਰ ਉਸ ਵੱਲੋਂ ‘ਕੱਕੜ ਫਾਰਮੂਲੇ’ ਦਾ ਸਹਾਰਾ ਲਏ ਜਾਣ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ। ਇਹ ਵੱਖਰੀ ਗੱਲ ਹੈ ਕਿ ਉਸ ਸੂਰਤ ਵਿਚ ਵੀ ਫ਼ਾਇਦਾ ਇਮਰਾਨ ਨੂੰ ਹੀ ਹੋਵੇਗਾ।

# ਭਾਜਪਾ ਦੇ 'ਡਬਲ ਇੰਜਨ', ਕਾਂਗਰਸ ਦੇ 'ਵਿਜੇ ਆਸ਼ੀਰਵਾਦ' ਅਤੇ ਆਪ ਦੀਆਂ ਗਰੰਟੀਆਂ

ਹਿਮਾਚਲ ਵਿੱਚ ਨਤੀਜੇ 8 ਦਸੰਬਰ ਨੂੰ ਆਉਣਗੇ। ਹਿਮਾਚਲ ਵਿੱਚ ਕੁਲ 68 ਸੀਟਾਂ ਹਨ ਅਤੇ ਸੂਬੇ ਵਿੱਚ 7,881 ਲੋਕ ਕੇਂਦਰਾਂ ਵਿੱਚ ਵੋਟਿੰਗ ਹੋ ਰਹੀ ਹੈ। ਹਿਮਾਚਲ ਪ੍ਰਦੇਸ਼ ਵਿੱਚ 1982 ਤੋਂ ਬਾਅਦ ਭਾਜਪਾ ਤੇ ਕਾਂਗਰਸ ਪਾਰਟੀਆਂ ਨੇ ਸੱਤਾ ਦੀ ਅਦਲਾ-ਬਦਲੀ ਕੀਤੀ ਹੈ। ਇਸ ਵਾਰ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿੱਚ ਕੁੱਲ 412 ਉਮੀਦਵਾਰ ਚੋਣ ਮੈਦਾਨ ਵਿੱਚ ਹਨ, ਇਨ੍ਹਾਂ ਵਿੱਚ 38 ਮਹਿਲਾ ਉਮੀਦਵਾਰ ਵੀ ਹਨ। 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ 44 ਸੀਟਾਂ ਜਿੱਤੀਆਂ, ਕਾਂਗਰਸ ਨੇ 21, ਸੀਪੀਐਮ ਨੇ 1







ਅਤੇ ਆਜ਼ਾਦ ਉਮੀਦਵਾਰ 2 ਸੀਟਾਂ ਜਿੱਤੇ ਸਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕਰਕੇ ਕਿਹਾ ਹੈ, "ਹਿਮਾਚਲ ਪ੍ਰਦੇਸ਼ ਦੀਆਂ ਸਾਰੀਆਂ ਵਿਧਾਨ ਸਭਾ ਸੀਟਾਂ ਲਈ ਅੱਜ ਮਤਦਾਨ ਦਾ ਦਿਨ ਹੈ। ਮੈਂ ਦੇਵਭੂਮੀ ਦੇ ਸਮੂਹ ਵੋਟਰਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਲੋਕਤੰਤਰ ਦੇ ਇਸ ਤਿਉਹਾਰ ਵਿੱਚ ਪੂਰੇ ਉਤਸ਼ਾਹ ਨਾਲ ਹਿੱਸਾ ਲੈਣ ਅਤੇ ਵੋਟਿੰਗ ਦਾ ਨਵਾਂ ਰਿਕਾਰਡ ਬਣਾਉਣ। ਇਸ ਮੌਕੇ ਪਹਿਲੀ ਵਾਰ ਵੋਟ ਪਾਉਣ ਵਾਲੇ ਸੂਬੇ ਦੇ ਸਾਰੇ ਨੌਜਵਾਨਾਂ ਨੂੰ ਮੇਰੀਆਂ ਵਿਸ਼ੇਸ਼ ਸ਼ੁਭਕਾਮਨਾਵਾਂ।"

ਕਾਂਗਰਸ ਦੀ ਜਰਨਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਆਪਣੇ ਟਵੀਟ ਵਿੱਚ ਲਿਖਿਆ, "ਪਿਆਰੇ ਹਿਮਾਚਲ ਵਾਸੀਓ, ਤੁਸੀਂ ਸਾਰੇ ਆਪਣੀ ਅਤੇ ਆਪਣੇ ਸੂਬੇ ਦੀ ਸਥਿਤੀ ਨੂੰ ਚੰਗੀ ਤਰ੍ਹਾਂ ਸਮਝਦੇ ਹੋ। ਆਪਣੇ ਹਾਲਾਤਾਂ ਨੂੰ ਦੇਖਦੇ ਹੋਏ ਪੂਰੀ ਸੂਝਬੂਝ ਨਾਲ ਮਤਦਾਨ ਦਾ ਕਰਤੱਵ, ਹਲਾਤਾਂ ਨੂੰ ਬਦਲਣ ਅਤੇ ਹਿਮਾਚਲ ਦੇ ਭਵਿੱਖ ਨੂੰ ਸੰਵਾਰਨ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਦਿਓ।

ਜੈ ਹਿੰਦ ਜੈ ਹਿਮਾਚਲ।"

### 55 ਲੱਖ ਵੋਟਰਾਂ ਦੇ ਹੱਥ ਉਮੀਦਵਾਰਾਂ ਦੀ ਕਿਸਮਤ

ਹਿਮਾਚਲ ਪ੍ਰਦੇਸ਼ ਇੱਕ ਅਜਿਹਾ ਸੂਬਾ ਹੈ ਜਿੱਥੇ ਲੰਘੇ ਕਈ ਦਹਾਕਿਆਂ ਤੋਂ ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਵਾਰੋ ਵਾਰੀ ਸੱਤਾ ਵਿੱਚ ਆਉਂਦੇ ਰਹੇ ਹਨ। ਮੌਜੂਦਾ ਭਾਜਪਾ ਸਰਕਾਰ ਇਸ ਰਵਾਇਤ ਨੂੰ ਤੋੜਨ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ ਤੇ ਲਗਾਤਾਰ ਦੂਜੀ ਵਾਰ ਸਰਕਾਰ ਬਣਾਉਣ ਦੀ ਕੋਸ਼ਿਸ਼ ਵਿੱਚ ਹੈ, ਪਰ ਕਾਂਗਰਸ ਇਹ ਉਮੀਦ ਕਰ ਰਹੀ ਹੈ ਕਿ ਇਹ ਰਵਾਇਤ ਇਸ ਵਾਰ ਵਾਰ ਵੀ ਦੁਹਰਾਈ ਜਾਵੇ। ਉੱਧਰ ਆਮ ਆਦਮੀ ਪਾਰਟੀ ਦਾ ਚੋਣ ਪ੍ਰਚਾਰ ਵੇਲੇ ਜ਼ੋਰ ਰਿਹਾ ਕਿ ਲੋਕ ਦੋਵਾਂ ਪਾਰਟੀਆਂ ਨੂੰ ਛੱਡ ਕੇ ਉਨ੍ਹਾਂ ਨੂੰ ਸੱਤਾ ਵਿੱਚ ਲੈ ਕੇ ਆਉਣ। ਭਾਜਪਾ ਖ਼ਾਸ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੋਕਪ੍ਰਿਅਤਾ ਅਤੇ ਵਿਕਾਸ ਦੇ ਨਾਅਰੇ ਨਾਲ ਚੋਣ ਮੈਦਾਨ ਵਿੱਚ ਉਤਰੀ।

ਜਿੱਥੇ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੇ ਚੋਣ ਮੁਹਿੰਮ ਦੀ ਅਗਵਾਈ ਕੀਤੀ, ਉੱਥੇ ਹੀ ਪਾਰਟੀ ਦੇ ਕਈ ਸੀਨੀਅਰ ਆਗੂਆਂ ਨੇ ਵੀ ਰੈਲੀਆਂ ਨੂੰ ਸੰਬੋਧਨ ਕੀਤਾ। ਭਾਜਪਾ ਦੀ ਮੁਹਿੰਮ ਇਸ ਦੇ ਡਬਲ-ਇੰਜਨ ਵਿਕਾਸ ਦੀ ਤਾਕਤ ਨੂੰ ਪੇਸ਼ ਕਰਨ ਦੇ ਆਲੇ-ਦੁਆਲੇ ਘੁੰਮਦੀ ਰਹੀ ਹੈ। ਡਬਲ ਇੰਜਨ ਤੋਂ ਉਨ੍ਹਾਂ ਦਾ ਮਤਲਬ ਸੀ ਕਿ ਭਾਜਪਾ ਕੇਂਦਰ ਅਤੇ ਸੂਬੇ ਦੋਵਾਂ 'ਚ ਸੱਤਾ ਵਿੱਚ ਸੀ ਅਤੇ ਕੇਂਦਰ ਦੀ ਹਮਾਇਤ ਨਾਲ ਸੂਬੇ ਨੇ ਮੁੜ ਵਿਕਾਸ ਪ੍ਰੋਜੈਕਟ ਸ਼ੁਰੂ ਤੇ ਲਾਗੂ ਕੀਤੇ। 10 ਨਵੰਬਰ ਨੂੰ ਚੋਣ ਪ੍ਰਚਾਰ ਦੇ ਆਖ਼ਰੀ ਦਿਨ ਕੇਂਦਰੀ ਮੰਤਰੀ ਅਮਿਤ ਸ਼ਾਹ ਅਤੇ ਪਾਰਟੀ ਪ੍ਰਧਾਨ ਜੇਪੀ ਨੱਡਾ ਨੇ ਸਿਰਮੌਰ ਅਤੇ ਕਾਂਗੜਾ ਜ਼ਿਲ੍ਹਿਆਂ ਵਿੱਚ ਰੈਲੀਆਂ ਨੂੰ ਸੰਬੋਧਨ ਕੀਤਾ।

ਸ਼ਾਹ ਨੇ ਹਿਮਾਚਲ ਕਾਂਗਰਸ ਦੀ ਮੁਖੀ ਪ੍ਰਤਿਭਾ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਵਿਕਰਮਾਦਿੱਤਿਆ ਸਿੰਘ ਦਾ ਜ਼ਿਕਰ ਕਰਦਿਆਂ ਕਿਹਾ, "ਕਾਂਗਰਸ ਕੋਲ ਉੱਥੇ ਵੀ ਮਾਂ-ਬੇਟਾ ਹੈ ਅਤੇ ਇੱਥੇ ਵੀ, ਇਹ ਇੱਕ ਪਰਿਵਾਰਵਾਦੀ ਪਾਰਟੀ ਹੈ, ਜਿਸ ਵਿੱਚ ਮਿਹਨਤੀ ਲੋਕਾਂ ਲਈ ਕੋਈ ਥਾਂ ਨਹੀਂ ਹੈ। ਜੇ ਤੁਸੀਂ ਇਸ ਪਾਰਟੀ ਵਿਚ ਅੱਗੇ ਵਧਣਾ ਹੈ ਤਾਂ ਤੁਹਾਨੂੰ ਇੱਕ ਪ੍ਰਮੁੱਖ ਪਰਿਵਾਰ ਵਿਚ ਪੈਦਾ ਹੋਣਾ ਚਾਹੀਦਾ ਹੈ।"

### ਕਾਂਗਰਸ ਦਾ 'ਵਿਜੇ ਆਸ਼ੀਰਵਾਦ'

ਕਾਂਗਰਸ ਸੱਤਾ ਵਿਰੋਧੀ ਲਹਿਰ ਦਾ ਫ਼ਾਇਦਾ ਉਠਾਉਣ ਦੀ ਉਮੀਦ ਕਰ ਰਹੀ ਹੈ। 10 ਨਵੰਬਰ ਨੂੰ ਪ੍ਰਚਾਰ ਦੇ ਆਖ਼ਰੀ ਦਿਨ ਕਾਂਗਰਸ ਨੇ ਸਾਰੇ 68 ਵਿਧਾਨ ਸਭਾ ਹਲਕਿਆਂ ਵਿੱਚ "ਵਿਜੇ ਆਸ਼ੀਰਵਾਦ" ਰੈਲੀਆਂ ਕੀਤੀਆਂ। ਪਾਰਟੀ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਸਿਰਮੌਰ ਵਿਖੇ ਇੱਕ ਮੀਟਿੰਗ ਨੂੰ ਸੰਬੋਧਨ ਕੀਤਾ ਅਤੇ ਸੂਬੇ ਦੀ ਰਾਜਧਾਨੀ ਸ਼ਿਮਲਾ ਵਿੱਚ ਘਰ-ਘਰ ਪ੍ਰਚਾਰ ਵਿੱਚ ਹਿੱਸਾ ਲਿਆ।

ਕਾਂਗਰਸ ਨੇ ਸੱਤਾ 'ਚ ਵਾਪਸ ਆਉਣ 'ਤੇ 10 ਗਰੰਟੀਆਂ 'ਤੇ ਧਿਆਨ ਕੇਂਦਰਿਤ ਕੀਤਾ, ਜਿਸ ਵਿਚ 500,000 ਨੌਕਰੀਆਂ ਅਤੇ ਔਰਤਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਸ਼ਾਮਲ ਹਨ।

ਪਾਰਟੀ ਨੂੰ ਮੁਲਾਜ਼ਮਾਂ ਦਾ ਸਮਰਥਨ ਮਿਲਣ ਦੀ ਵੀ ਉਮੀਦ ਹੈ ਕਿਉਂਕਿ ਇਸ ਨੇ ਪੁਰਾਨੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਵਾਅਦਾ ਕੀਤਾ ਹੈ।

### ਆਮ ਆਦਮੀ ਪਾਰਟੀ ਦਾ ਦਿੱਲੀ ਤੇ ਪੰਜਾਬ ਮਾਡਲ

ਆਮ ਆਦਮੀ ਪਾਰਟੀ ਪਹਿਲੀ ਵਾਰ ਸੂਬਾਈ ਚੋਣਾਂ ਲੜ ਰਹੀ ਹੈ। ਇਸ ਨੇ ਸੂਬੇ ਵਿੱਚ ਘੱਟ ਖਪਤ ਵਾਲੇ ਉਪਭੋਗਤਾਵਾਂ ਨੂੰ ਮੁਫ਼ਤ ਬਿਜਲੀ ਦੇ ਆਪਣੇ ਦਿੱਲੀ ਅਤੇ ਪੰਜਾਬ ਮਾਡਲ ਨੂੰ ਦੁਹਰਾਉਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ। ਇਸ ਪਾਰਟੀ ਨੇ ਮੁੜ ਪੰਜਾਬ ਦੀ ਉਦਾਹਰਣ ਦਿੰਦਿਆਂ ਦਾਅਵਾ ਕੀਤਾ ਹੈ ਕਿ ਉਸ ਨੇ ਉੱਥੇ ਪੁਰਾਣੀ ਪੈਨਸ਼ਨ ਸਕੀਮ ਨੂੰ ਸਿਧਾਂਤਕ ਤੌਰ 'ਤੇ ਬਹਾਲ ਕਰ ਦਿੱਤਾ ਹੈ ਅਤੇ ਜੇ ਪਾਰਟੀ ਸੱਤਾ ਵਿੱਚ ਆਈ ਤਾਂ ਹਿਮਾਚਲ ਪ੍ਰਦੇਸ਼ ਵਿੱਚ ਅਜਿਹਾ ਹੀ ਕਰੇਗੀ। ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਨੇ ਲੋਕਾਂ ਨੂੰ ਕਿਹਾ ਕਿ ਪੰਜਾਬ ਵਾਂਗ ਹੁਣ ਉਨ੍ਹਾਂ ਕੋਲ ਇੱਕ "ਇਮਾਨਦਾਰ ਪਾਰਟੀ" ਨੂੰ ਵੋਟ ਪਾਉਣ ਦਾ ਮੌਕਾ ਹੈ ਜੋ ਲੋਕਾਂ ਦੀ ਭਲਾਈ ਲਈ ਕੰਮ ਕਰਦੀ ਹੈ। ਆਮ ਆਦਮੀ ਪਾਰਟੀ ਦੀ ਗਰੰਟੀਆਂ ਵਿਚ ਸ਼ਾਮਲ ਹੈ ਮਹਿਲਾ ਸਨਮਾਨ ਰਾਸ਼ੀ, ਜਿਸ ਵਿੱਚ ਹਰ ਔਰਤ ਨੂੰ 1000 ਰੁਪਏ ਹਰ ਮਹੀਨੇ ਦਿੱਤੇ ਜਾਣਗੇ ਜੇ ਉਹ 18 ਸਾਲ ਤੋਂ ਵੱਧ ਹੈ। ਇੱਥੋਂ ਦੇ ਲੋਕਾਂ ਨੂੰ 6 ਲੱਖ ਨੌਕਰੀਆਂ ਤੇ 3000 ਰੁਪਏ ਬੇਰੁਜ਼ਗਾਰੀ ਭੱਤਾ ਦੇਣ ਦਾ ਵੀ ਪਾਰਟੀ ਨੇ ਵਾਅਦਾ ਕੀਤਾ ਹੈ।

# ਬੇਹੱਦ ਖ਼ਤਰਨਾਕ ਹੁੰਦਾ ਹੈ ਮਾਨਸਿਕ ਸ਼ੋਸ਼ਣ

ਜਸਦੀਪ ਕੌਰ

ਦੁਨੀਆ ਭਾਂਤ- ਭਾਂਤ ਦੇ ਰੰਗਾਂ 'ਚ ਵੰਡੀ ਹੋਈ ਹੈ। ਹਰ ਕੋਈ ਆਪਣੇ ਸੱਭਿਆਚਾਰ ਤੇ ਇਲਾਕੇ ਦੀ ਸੋਚ ਦੇ ਆਧਾਰ 'ਤੇ ਜ਼ਿੰਦਗੀ ਜਿਊਂਦਾ ਹੈ। ਹਰ ਵਿਅਕਤੀ ਦਾ ਸਰੀਰਕ ਵਿਕਾਸ ਉਸ ਦੇ ਖਾਣ-ਪੀਣ, ਹਾਲਾਤ, ਵਾਤਾਵਰਨ ਤੇ ਜਿਸ ਇਲਾਕੇ 'ਚ ਉਹ ਰਹਿ ਰਿਹਾ ਹੈ, ਉਸ ਦੇ ਤੱਤਾਂ, ਮੌਸਮੀ ਹਾਲਾਤ, ਪੌਣ ਪਾਣੀ ਉੱਤੇ ਨਿਰਭਰ ਕਰਦਾ ਹੈ। ਇਨਸਾਨ ਦਾ ਉਸ ਦੇ ਮਾਨਸਿਕ ਵਿਕਾਸ 'ਤੇ ਤਾਂ ਪੂਰਾ ਵੱਸ ਹੁੰਦਾ ਹੈ ਪਰ ਸਰੀਰਕ ਵਿਕਾਸ ਕਿਤੇ ਨਾ ਕਿਤੇ ਨਹੀਂ ਹੁੰਦਾ। ਆਪਣੀ



ਸੋਚ ਨੂੰ ਉਸਾਰੂ ਬਣਾਉਣਾ ਇਨਸਾਨ ਦੇ ਖ਼ੁਦ ਦੇ ਹੱਥ 'ਚ ਹੁੰਦਾ ਹੈ ਕਿ ਉਹ ਕਿਸ ਨਜ਼ਰੀਏ ਨਾਲ ਦੁਨੀਆ ਨੂੰ ਦੇਖਣਾ ਚਾਹੁੰਦਾ ਹੈ। ਕੁਝ ਲੋਕ ਬਿਮਾਰ ਸੋਚ ਲੈ ਕੇ ਚੱਲਦੇ ਹਨ ਤੇ ਆਪਣੇ ਵਾਤਾਵਰਨ ਨੂੰ ਬਿਮਾਰ ਕਰ ਕੇ ਆਸ-ਪਾਸ ਦੇ ਲੋਕਾਂ ਦੀ ਸੋਚ ਨੂੰ ਵੀ ਖ਼ਰਾਬ ਕਰ ਦਿੰਦੇ ਹਨ। ਬਿਮਾਰ ਸੋਚ ਕਈ ਵਾਰ ਸਾਹਮਣੇ ਵਾਲੇ ਦੇ ਦਿਮਾਗ਼ 'ਤੇ ਅਜਿਹਾ ਅਸਰ ਕਰਦੀ ਹੈ ਕਿ ਮਾਨਸਿਕ ਤਣਾਓ ਦਾ ਸ਼ਿਕਾਰ ਹੋ ਜਾਂਦਾ ਹੈ।

ਇਨਸਾਨ ਨੂੰ ਉਸ ਦੇ ਰੰਗ, ਨਸਲ , ਸਰੀਰਕ ਬਣਤਰ ਤੇ ਕੱਦ 'ਤੇ ਕਿਸੇ ਦਾ ਮਜ਼ਾਕ ਬਣਾਉਣਾ ਤੇ ਫਿਰ ਉਸ ਇਨਸਾਨ ਨੂੰ, ਉਸ ਦੀ ਕਾਬਲੀਅਤ ਨੂੰ ਉੱਥੇ ਤਕ ਹੀ ਸੀਮਤ ਕਰ ਲੈਣਾ ਤੇ ਫਿਰ ਵਾਰ-ਵਾਰ ਇਨ੍ਹਾਂ ਸਭ ਦਾ ਅਹਿਸਾਸ ਕਰਵਾਉਣਾ ਮਾਨਸਿਕ ਸ਼ੋਸ਼ਣ ਹੈ। ਮਾਨਸਿਕ ਸ਼ੋਸ਼ਣ ਇੰਨਾ ਕੁ ਖ਼ਤਰਨਾਕ ਹੈ ਕਿ ਇਹ ਲੋਕਾਂ ਨੂੰ ਖ਼ੁਦ ਨੂੰ ਖ਼ਤਮ ਕਰਨ ਤਕ ਮਜਬੂਰ ਕਰ ਦਿੰਦਾ ਹੈ। ਮਾਨਸਿਕ ਸ਼ੋਸ਼ਣ ਤਣਾਅ ਨੂੰ ਜਨਮ ਦਿੰਦਾ ਹੈ। ਦੂਜੇ ਦੀ ਕੀਤੀ ਕਿਰਦਾਰਕੁਸ਼ੀ ਇਨਸਾਨ ਤੋਂ ਉਸ ਦਾ ਆਤਮ ਵਿਸ਼ਵਾਸ ਖੋਹ ਲੈਂਦੀ ਹੈ, ਉੱਥੇ ਹੀ ਲੋਕਾਂ ਦੀ ਇਹ ਸੋਚ ਉਸ ਇਨਸਾਨ ਨੂੰ ਮਿਲਣ ਵਾਲੇ ਮੌਕਿਆਂ 'ਤੇ ਵੀ ਝਪਟਾ ਮਾਰ ਲੈਂਦੀ ਹੈ। ਅੱਜ ਦੇ ਇਨਸਾਨ ਦੀ ਸੋਚ ਸਿਰਫ਼ ਖ਼ੂਬਸੂਰਤੀ 'ਤੇ ਆ ਕੇ ਟਿਕਦੀ ਹੈ ਚਾਹੇ ਸਾਹਮਣੇ ਵਾਲੇ ਕੋਲ ਕਿਸੇ ਕਿਸਮ ਦਾ ਗੁਣ ਨਹੀਂ ਹ। ਜੇ ਉਸ ਕੋਲ ਚਿਹਰਾ ਹੈ ਤਾਂ ਉਹ ਕਿਸੇ ਵੀ ਖੇਤਰ 'ਚ ਅੱਗੇ ਵਧ ਸਕਦਾ ਹੈ, ਦੂਜੇ ਪਾਸੇ ਜੇ ਕੋਈ ਗੁਣਾਂ ਨਾਲ ਭਰਪੂਰ ਹੈ ਪਰ ਉਸ ਕੋਲ ਖ਼ੁਦ ਨੂੰ ਪ੍ਰਦਰਸ਼ਨ ਕਰਨ ਲਈ ਚਿਹਰਾ ਨਹੀਂ ਤਾਂ ਉਸ ਦੇ ਗੁਣਾਂ ਨੂੰ ਵੀ ਨਹੀਂ ਗਿਣਿਆ ਜਾਂਦਾ। ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੋਇਆ ਵਿਅਕਤੀ ਖ਼ੁਦ ਲਈ ਆਵਾਜ਼ ਨਹੀਂ ਉਠਾਉਂਦਾ ਤੇ ਘੁੱਟਿਆ- ਘੁੱਟਿਆ ਰਹਿਣ ਲੱਗ ਜਾਂਦਾ ਹੈ।

ਕਈ ਵਾਰ ਅਜਿਹੇ ਲੋਕ ਜ਼ਿੰਦਾ ਰਹਿਣ ਦੀ ਆਸ ਛੱਡ ਦਿੰਦੇ ਹਨ ਤੇ ਇਹ ਸੋਚ ਲੈਂਦੇ ਹਨ ਕਿ ਹੁਣ ਸ਼ਾਇਦ ਕਦੇ ਵੀ ਕੋਈ ਮੌਕਾ ਉਨ੍ਹਾਂ ਨੂੰ ਨਹੀਂ ਮਿਲੇਗਾ। ਮਾਨਸਿਕ ਸ਼ੋਸ਼ਣ ਦੇ ਸ਼ਿਕਾਰ ਲੋਕਾਂ ਦੀ ਸੋਚ ਨਾਂਹ-ਪੱਖੀ ਹੋ ਜਾਂਦੀ ਹੈ। ਦੁਨੀਆ 'ਚ ਅਜਿਹੇ ਬਹੁਤ ਲੋਕ ਹਨ ਜੋ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹਨ। ਕੁਝ ਕੁ ਲੋਕ ਹੀ ਹੁੰਦੇ ਹਨ, ਜੋ ਲੋਕਾਂ ਦੀਆਂ ਗੱਲਾਂ ਤੋਂ ਉੱਪਰ ਉੱਠ ਕੇ ਸਿਰਫ਼ ਆਪਣੇ ਆਪ ਅਤੇ ਆਪਣੀ ਕਾਬਲੀਅਤ ਉੱਤੇ ਯਕੀਨ ਰੱਖਦੇ ਹਨ, ਉਹੀ ਕਾਮਯਾਬ ਹੁੰਦੇ ਨੇ। ਜੋ ਆਪਣੇ ਹੱਕਾਂ ਲਈ ਆਵਾਜ਼ ਚੁੱਕਦਾ ਹੈ, ਉਹੀ ਆਪਣੀ ਕਾਬਲੀਅਤ ਤੇ ਗੁਣਾਂ ਦੇ ਆਧਾਰ 'ਤੇ ਜ਼ਿੰਦਗੀ ਦੀ ਜੰਗ ਜਿੱਤਦਾ ਹੈ।

# ਖ਼ਤਰੇ ਦੀ ਘੰਟੀ ਹੈ ਵਧ ਰਹੀ ਬੇਤਹਾਸ਼ਾ ਆਬਾਦੀ

ਸੰਯੁਕਤ ਰਾਸ਼ਟਰ ਦੇ ਆਬਾਦੀ ਡਿਵੀਜ਼ਨ ਦੇ ਇਕ ਅਨੁਮਾਨ ਅਨੁਸਾਰ ਇਕ ਹਫ਼ਤੇ ਬਾਅਦ ਭਾਵ 15 ਨਵੰਬਰ ਨੂੰ ਸਾਡੀ ਧਰਤੀ ਦੀ ਕੁੱਲ ਆਬਾਦੀ 800 ਕਰੋੜ, ਭਾਵ 8 ਅਰਬ ਹੋ ਜਾਵੇਗੀ। ਆਬਾਦੀ ਦਾ ਤੇਜ਼ ਰਫ਼ਤਾਰ ਨਾਲ ਵਧਣਾ ਲਗਾਤਾਰ ਜਾਰੀ ਹੈ ਤੇ 2030 'ਚ ਇਹ ਆਬਾਦੀ ਹੋਰ ਵਧ ਕੇ 850 ਕਰੋੜ, 2050 'ਚ 970 ਕਰੋੜ ਅਤੇ 2080 'ਚ 1,040 ਕਰੋੜ ਹੋ ਜਾਵੇਗੀ। ਇਸੇ ਆਲਮੀ ਸੰਸਥਾ ਦੇ ਇਕ ਹੋਰ ਅੰਦਾਜ਼ੇ ਮੁਤਾਬਕ ਸਾਲ 2050 'ਚ ਮਨੁੱਖ ਦੀ ਔਸਤ ਉਮਰ 77।2 ਵਰ੍ਹੇ ਹੋਵੇਗੀ। ਜੇ ਰਤਾ ਪਿਛਲਝਾਤ ਪਾਈਏ ਤਾਂ 1950 'ਚ ਇਸ ਧਰਤ 'ਤੇ ਅਸੀਂ ਸਿਰਫ਼ 250 ਕਰੋੜ ਸਾਂ। ਵਾਧੇ ਦੀ ਜਿਹੜੀ ਸਾਲਾਨਾ ਦਰ ਸਾਲ 1962 'ਚ 2।1 ਫ਼ੀਸਦੀ ਸੀ, ਉਹ 2020 'ਚ ਘਟ ਕੇ ਸਿਰਫ਼ 1 ਫ਼ੀਸਦੀ ਰਹਿ ਗਈ ਹੈ। ਇਹ ਵੀ ਅਨੁਮਾਨ ਹੈ ਕਿ 2050 ਤੱਕ ਇਹ ਹੋਰ ਵੀ ਘਟ ਕੇ ਸਿਰਫ਼ 0।5 ਫ਼ੀਸਦੀ ਰਹਿ ਜਾਵੇਗੀ। ਇਸੇ ਲਈ ਮਨੁੱਖੀ ਔਕੜਾਂ 'ਚ ਕਮੀ ਆਉਣ ਦੀ ਬਜਾਏ ਨਿਰੰਤਰ ਵਾਧਾ ਹੀ ਹੁੰਦਾ ਜਾ ਰਿਹਾ ਹੈ। ਉੱਧਰ ਅਮਰੀਕਾ ਦੀ ਇਕ ਹੋਰ ਸੰਸਥਾ 'ਹੈਲਥ ਮੀ-ਟ੍ਰਿਕਸ ਤੇ ਈਵੈਲੂਏਸ਼ਨ' ਦੇ



ਅਨੁਮਾਨ ਕੁਝ ਵੱਖਰੀ ਕਿਸਮ ਦੇ ਹਨ। ਉਸ ਅਨੁਸਾਰ ਸਾਲ 2064 ਤਕ ਦੁਨੀਆ ਦੀ ਆਬਾਦੀ 1,000 ਕਰੋੜ ਹੋਵੇਗੀ ਪਰ 2100 'ਚ ਇਹ ਘਟ ਕੇ 8।8 ਅਰਬ ਰਹਿ ਜਾਵੇਗੀ। ਵਧਦੀ ਆਬਾਦੀ ਆਪਣੇ-ਆਪ 'ਚ ਇਕ ਵੱਡੀ ਸਮੱਸਿਆ ਹੈ, ਜਿਸ 'ਤੇ ਤੁਰੰਤ ਕਾਬੂ ਪਾਉਣ ਦੀ ਜ਼ਰੂਰਤ ਹੈ। ਉਂਝ ਪਹਿਲਾਂ ਦੇ ਮੁਕਾਬਲੇ ਜਨਤਕ ਸੋਝੀ 'ਚ ਵਾਧਾ ਹੋਇਆ ਹੈ। ਸਾਲ 1950 'ਚ ਇਕ ਔਰਤ ਔਸਤਨ ਪੰਜ ਬੱਚੇ ਪੈਦਾ ਕਰਦੀ ਸੀ ਪਰ ਹੁਣ ਇਹ ਗਿਣਤੀ ਘਟ ਕੇ ਔਸਤਨ 2।3 ਬੱਚਿਆਂ 'ਤੇ ਆ ਗਈ ਹੈ। ਸਾਲ 2019 'ਚ ਮਨੁੱਖ ਦੀ ਔਸਤ ਉਮਰ 72।8 ਵਰ੍ਹੇ ਸੀ, ਜੋ 1990 ਦੀ ਔਸਤ ਉਮਰ ਤੋਂ ਨੌਂ ਵਰ੍ਹੇ ਜ਼ਿਆਦਾ ਹੈ। ਮੈਡੀਕਲ ਸਹੂਲਤਾਂ ਤੇ ਉਨ੍ਹਾਂ ਦੀ ਪਹੁੰਚ 'ਚ ਲਗਾਤਾਰ ਵਾਧਾ ਹੋਣ ਕਾਰਨ ਇਹ ਉਮਰ ਹੋਰ ਵੀ ਵਧ ਰਹੀ ਹੈ। ਸੰਯੁਕਤ ਰਾਸ਼ਟਰ ਦੀ ਰਿਪੋਰਟ ਅਨੁਸਾਰ ਸਾਲ 2050 ਤਕ ਅੱਧੀ ਤੋਂ ਵੱਧ ਆਬਾਦੀ ਸਿਰਫ਼ ਅੱਠ ਦੇਸ਼ਾਂ ਭਾਰਤ, ਕਾਂਗੋ, ਮਿਸਰ, ਇਥੋਪੀਆ, ਨਾਈਜੀਰੀਆ, ਪਾਕਿਸਤਾਨ, ਫਿਲੀਪੀਨਜ਼ ਤੇ ਤਨਜ਼ਾਨੀਆ 'ਚ ਵਧੇਗੀ। ਇਸ ਧਰਤੀ 'ਤੇ ਮਨੁੱਖ ਦੀ ਹੋਂਦ ਦੇ 28 ਲੱਖ ਸਾਲ ਪਹਿਲਾਂ ਦੇ ਸਬੂਤ ਮੌਜੂਦ ਹਨ। ਪਹਿਲਾ ਮਨੁੱਖ ਪੂਰਬੀ ਅਫ਼ਰੀਕਾ 'ਚ ਪਾਇਆ ਗਿਆ ਸੀ। ਮੁੱਢਲੇ ਮਨੁੱਖ ਨੂੰ ਸ਼ਿਕਾਰ ਦੀ ਭਾਲ 'ਚ ਦੂਰ-ਦੁਰਾਡੇ ਜਾਣਾ ਪੈਂਦਾ ਸੀ, ਇਸੇ ਲਈ ਉਹ ਹੌਲੀ-ਹੌਲੀ ਪੂਰੀ ਧਰਤੀ 'ਤੇ ਫੈਲਦੇ ਚਲੇ ਗਏ। ਫਿਰ ਜਦੋਂ ਖੇਤੀਬਾੜੀ ਦੀ ਸ਼ੁਰੂਆਤ ਹੋਈ ਤਾਂ ਕਿਸੇ ਖ਼ਾਸ ਸਥਾਨਾਂ 'ਤੇ ਆਬਾਦੀ ਵਧਣ ਦਾ ਰੁਝਾਨ ਵਧਿਆ। ਉਹੀ ਰੁਝਾਨ ਹੁਣ ਬਹੁਤ ਸਾਰੇ ਹੱਦਾਂ-ਬੰਨੇ ਪਾਰ ਕਰ ਗਿਆ ਹੈ। ਅੱਜ ਤੋਂ 12,022 ਸਾਲ ਪਹਿਲਾਂ ਧਰਤੀ ਦੀ ਆਬਾਦੀ ਸਿਰਫ਼ 60 ਲੱਖ ਸੀ, ਜੋ 4,020 'ਚ ਵਧ ਕੇ 10 ਕਰੋੜ ਹੋ ਗਈ ਸੀ। ਇੰਝ ਮਨੁੱਖੀ ਤਰੱਕੀ ਦੇ ਨਾਲ-ਨਾਲ ਆਬਾਦੀ ਵਧਣ ਦਾ ਰੁਝਾਨ ਵੀ ਵਧਦਾ ਚਲਾ ਗਿਆ। ਉਮਰ ਵਧਣ ਦੇ ਰੁਝਾਨ ਤਕ ਤਾਂ ਠੀਕ ਹੈ ਪਰ ਆਬਾਦੀ ਵਧਣ ਦਾ ਇਹ ਅਨੁਪਾਤ ਨਹੀਂ ਹੋਣਾ ਚਾਹੀਦਾ। ਧਰਤੀ ਦੇ ਸਰੋਤ ਤਾਂ ਆਰੰਭ ਤੋਂ ਹੀ ਸੀਮਤ ਹਨ ਤੇ ਨਿੱਤ ਵਧਦੀ ਜਾ ਰਹੀ ਆਬਾਦੀ ਕਰਕੇ ਉਨ੍ਹਾਂ ਨੂੰ ਵਰਤਣ ਦੀਆਂ ਵੰਡੀਆਂ 'ਚ ਨਿੱਤ ਵਾਧਾ ਹੁੰਦਾ ਜਾ ਰਿਹਾ ਹੈ। ਪੰਜਾਬ ਦੇ ਦਰਿਆਵਾਂ ਤੇ ਹੋਰ ਨਦੀਆਂ-ਨਾਲਿਆਂ 'ਚ ਮੁੱਖ ਜੀਵਨ ਸਰੋਤ ਪਾਣੀ ਦੀ ਵੱਡੀ ਕਮੀ ਦਰਜ ਕੀਤੀ ਜਾ ਰਹੀ ਹੈ, ਜੋ ਮਨੁੱਖਤਾ ਲਈ ਖ਼ਤਰੇ ਦੀ ਘੰਟੀ ਹੈ। ਧਰਤੀ ਦੇ ਅਜਿਹੇ ਹਾਲਾਤ ਨੂੰ ਮਨੁੱਖ ਨੇ ਆਪ ਹੀ ਸੁਧਾਰਣਾ ਹੈ ਤੇ ਇਸ ਲਈ ਵੱਡੇ ਪੱਧਰ 'ਤੇ ਜਾਗਰੂਕਤਾ ਦੀ ਲੋੜ ਹੈ।

# ਭਾਰਤੀ ਅਰਥਚਾਰੇ ਲਈ ਖ਼ਤਰੇ ਦੀ ਘੰਟੀ



ਰਾਜੀਵ ਖੋਸਲਾ

ਵਿਸ਼ਵ ਪੱਧਰ 'ਤੇ ਆਰਥਿਕ ਗਤੀਵਿਧੀਆਂ ਨੂੰ ਵਿਚਾਰਦੇ ਹੋਏ ਵਿਸ਼ਵ ਬੈਂਕ, ਕੌਮਾਂਤਰੀ ਮੁਦਰਾ ਫੰਡ ਅਤੇ ਵਿਸ਼ਵ ਵਪਾਰ ਸੰਗਠਨ ਨੇ ਚਿੰਤਾ ਪ੍ਰਗਟਾਈ ਹੈ ਅਤੇ ਵਿਸ਼ਵਵਿਆਪੀ ਵਿਕਾਸ ਦੇ ਆਪਣੇ ਪੁਰਾਣੇ ਅਨੁਮਾਨਾਂ ਨੂੰ ਤੇਜ਼ੀ ਨਾਲ ਘਟਾਇਆ ਹੈ। ਇਨ੍ਹਾਂ ਸਾਰੀਆਂ ਆਰਥਿਕ ਗਤੀਵਿਧੀਆਂ ਵਿਚਕਾਰ ਭਾਰਤੀ ਅਰਥਚਾਰਾ ਵੀ ਅਛੂਤਾ ਨਹੀਂ ਰਿਹਾ। ਮਹਿੰਗਾਈ, ਘਟਦੀ ਖਪਤ, ਗੰਭੀਰ ਬੇਰੁਜ਼ਗਾਰੀ, ਰੁਪਏ ਵਿੱਚ ਗਿਰਾਵਟ ਅਤੇ ਵਿਦੇਸ਼ੀ ਮੁਦਰਾ ਭੰਡਾਰ ਵਿੱਚ ਕਮੀ ਦੇ ਚੱਲਦੇ ਭਾਰਤ ਦੇ ਵਿਕਾਸ ਅਨੁਮਾਨ ਵੀ ਹਰ ਗੁਜ਼ਰਦੇ ਦਿਨ ਹੇਠਾਂ ਵੱਲ ਜਾ ਰਹੇ ਹਨ। ਭਾਰਤੀ ਕੇਂਦਰੀ ਬੈਂਕ ਨੇ ਵੀ ਭਾਰਤ ਦੀ ਵਿਕਾਸ ਦਰ ਨੂੰ ਸਾਲ 2022-23 ਦੌਰਾਨ 7.2% ਤੋਂ ਘਟਾ ਕੇ 7% ਕਰ ਦਿੱਤਾ ਅਤੇ ਮਹਿੰਗਾਈ ਦਰ ਨੂੰ 6.7% ਕਰ ਦਿੱਤਾ, ਜਿਸ ਤੋਂ ਬਾਅਦ ਅੰਤਰਰਾਸ਼ਟਰੀ ਸੰਗਠਨਾਂ ਨੇ ਵੀ ਇੱਕ ਤੋਂ ਬਾਅਦ ਇੱਕ, ਭਾਰਤ ਲਈ ਆਪਣੇ ਵਿਕਾਸ ਅਨੁਮਾਨਾਂ ਨੂੰ ਸੋਧਿਆ ਹੈ। ਭਾਰਤ ਵਿੱਚ ਭਵਿੱਖ ਵਿੱਚ ਵੀ ਮਹਿੰਗਾਈ ਵੱਧ ਰਹਿਣ ਦੇ ਅਨੁਮਾਨ ਇਸ ਲਈ ਲਾਏ ਜਾ ਰਹੇ ਹਨ ਕਿਉਂਕਿ ਅੰਤਰਰਾਸ਼ਟਰੀ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ, ਡਾਲਰ ਦੇ ਮੁਕਾਬਲੇ ਰੁਪਏ ਵਿੱਚ ਹੋਰ ਗਿਰਾਵਟ ਅਤੇ ਮਹਿੰਗੀਆਂ ਕੀਮਤਾਂ ਤੇ ਦਰਾਮਦਾਂ ਬਣੇ ਰਹਿਣ ਦਾ ਖ਼ਦਸ਼ਾ ਹੈ।

ਵੱਧ ਚਿੰਤਾਜਨਕ ਸੰਕੇਤ ਇਸ ਤੱਥ ਤੋਂ ਨਿਕਲਦੇ ਹਨ ਕਿ ਭਾਰਤ ਵਿੱਚ ਨਿਰਮਾਣ ਅਤੇ ਸੇਵਾਵਾਂ ਦੇ ਸੂਚਕਾਂਕਾਂ ਵਿੱਚ ਅਗਸਤ ਅਤੇ ਸਤੰਬਰ ਦੇ ਉਨ੍ਹਾਂ ਮਹੀਨਿਆਂ ਵਿੱਚ ਰਿਕਾਰਡ ਕਮੀ ਦਰਜ ਕੀਤੀ ਗਈ, ਜਿਨ੍ਹਾਂ ਵਿੱਚ ਤਿਉਹਾਰਾਂ ਕਾਰਨ ਸਭ ਤੋਂ ਵੱਧ ਉਤਪਾਦਨ ਹੁੰਦਾ ਹੈ। ਆਮ ਤੌਰ 'ਤੇ ਸਿਖਰ ਉਤਪਾਦਨ ਵਾਲੇ ਮਹੀਨਿਆਂ ਵਿੱਚ ਘਟਿਆ ਇਹ ਉਤਪਾਦਨ ਲੋਕਾਂ ਵੱਲੋਂ ਭਵਿੱਖ ਵਿੱਚ ਹੋਣ ਵਾਲੀ ਘੱਟ ਖਪਤ ਦੇ ਖਦਸ਼ੇ ਨੂੰ ਦਰਸਾਉਂਦਾ ਹੈ। ਇਸ ਦੇ ਨਾਲ ਉਪਭੋਗਤਾ ਮਹਿੰਗਾਈ (6.7%) ਕੇਂਦਰੀ ਬੈਂਕ ਦੀ ਸਹਿਣਸ਼ੀਲਤਾ ਸੀਮਾ 6% ਤੋਂ ਵੱਧ ਰਹਿਣ ਦਾ ਮਤਲਬ ਹੈ ਕਿ ਆਉਣ ਵਾਲੇ ਸਮੇਂ ਵਿੱਚ ਭਾਰਤੀ ਲੋਕਾਂ ਦੀ ਖਰੀਦ ਸ਼ਕਤੀ ਵਿੱਚ ਕਮੀ ਹੋਵੇਗੀ। ਭਾਰਤ ਵਿੱਚ ਉਤਪਾਦਨ ਨੂੰ ਗਤੀ ਦੇਣ ਵਾਲੇ ਕਾਰਕਾਂ ਵਿੱਚ ਨਿੱਜੀ ਜਾਂ ਘਰੇਲੂ ਖਪਤ ਦਾ ਯੋਗਦਾਨ (ਲਗਭਗ 58%) ਸਭ ਤੋਂ ਵੱਧ ਹੈ। ਘਰੇਲੂ ਖਪਤ ਤੋਂ ਇਲਾਵਾ ਬਾਕੀ ਦੇ ਕਾਰਕਾਂ ਵਿੱਚ ਸ਼ਾਮਲ ਹਨ ਸਰਕਾਰੀ ਖਰਚ, ਪੂੰਜੀਗਤ ਨਿਰਮਾਣ 'ਤੇ ਹੋਇਆ ਖਰਚ ਅਤੇ ਨਿਰਯਾਤੀ ਵਸਤਾਂ ਦੀ ਉਸਾਰੀ 'ਤੇ ਹੋਣ ਵਾਲਾ ਖਰਚ। ਅੱਗੇ ਨਿੱਜੀ ਖਪਤ ਵਿੱਚ ਵੀ ਘੱਟ ਅਤੇ ਨਿਮਨ-ਮੱਧ ਆਮਦਨ ਵਾਲਿਆਂ ਦਾ ਯੋਗਦਾਨ (ਲਗਭਗ 66%) ਖਪਤ ਨੂੰ ਵਧਾਉਣ ਵਿੱਚ ਜ਼ਿਆਦਾ ਹੈ ਅਤੇ ਮੁੱਖ ਤੌਰ 'ਤੇ ਇਹ ਪਰਿਵਾਰ ਜਾਂ ਤਾਂ ਖੇਤੀਬਾੜੀ 'ਤੇ ਨਿਰਭਰ ਹਨ ਜਾਂ ਆਮ ਦਿਹਾੜੀਦਾਰ ਮਜ਼ਦੂਰ ਹਨ। ਮਹਿੰਗਾਈ ਵਿੱਚ ਵਾਧਾ ਇਨ੍ਹਾਂ ਨੂੰ ਹੀ ਸਭ ਤੋਂ ਵੱਧ ਪ੍ਰਭਾਵਿਤ ਕਰਦਾ ਹੈ। ਇਹ ਇਸ ਲਈ ਕਿਉਂਕਿ ਗ੍ਰਾਮੀਣ ਪਰਿਵਾਰਾਂ ਦਾ ਜ਼ਿਆਦਾਤਰ ਖਰਚ ਸਾਧਾਰਨ ਭੋਜਨ-ਪਾਣੀ ਵੱਲ ਹੁੰਦਾ ਹੈ, ਜਦੋਂ ਕਿ ਸ਼ਹਿਰੀ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਵੱਖ ਵੱਖ ਤਰ੍ਹਾਂ ਦੀਆਂ ਵਸਤਾਂ ਦੀ ਵਰਤੋਂ ਸ਼ਾਮਲ ਹੁੰਦੀ ਹੈ। ਸਿਹਤ, ਆਵਾਜਾਈ, ਸੰਚਾਰ, ਸਿੱਖਿਆ ਅਤੇ ਨਿੱਜੀ ਦੇਖਭਾਲ ਆਦਿ ਵਰਗੀਆਂ ਵਸਤਾਂ ਅਤੇ ਸੇਵਾਵਾਂ ਉੱਤੇ ਵੱਧ ਖਰਚ ਵੀ ਸ਼ਹਿਰੀ ਲੋਕਾਂ ਦੇ ਜੀਵਨ ਪੱਧਰ ਨੂੰ ਪੇਂਡੂ ਲੋਕਾਂ ਦੀ ਰਹਿਣੀ ਸਹਿਣੀ ਤੋਂ ਵੱਖ ਕਰਦਾ ਹੈ। ਜੇਕਰ ਅਸੀਂ ਇਸ ਵਿੱਤੀ ਸਾਲ ਦੀ ਪਹਿਲੀ ਛਿਮਾਹੀ (ਅਪਰੈਲ ਤੋਂ ਸਤੰਬਰ) ਵਿੱਚ ਦਰਜ ਕੀਤੀ ਗਈ ਉਪਭੋਗਤਾ ਮਹਿੰਗਾਈ ਦਾ ਸ਼ਹਿਰਾਂ ਅਤੇ ਪਿੰਡਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਸਾਨੂੰ ਨਜ਼ਰ ਆਉਂਦਾ ਹੈ ਕਿ ਛੇ ਵਿੱਚੋਂ ਪੰਜ (ਮਈ ਮਹੀਨੇ ਨੂੰ ਛੱਡ ਕੇ) ਮਹੀਨਿਆਂ ਵਿੱਚ ਪੇਂਡੂ ਖੇਤਰ ਵਿੱਚ ਉਪਭੋਗਤਾ ਮਹਿੰਗਾਈ ਸ਼ਹਿਰੀ ਖੇਤਰ ਨਾਲੋਂ ਵਧ ਰਹੀ ਹੈ। ਮਹਿੰਗਾਈ ਵਿੱਚ ਵੀ ਖੁਰਾਕੀ ਵਸਤਾਂ ਦੀ ਮਹਿੰਗਾਈ ਨੇ ਵੱਡੇ ਪੱਧਰ 'ਤੇ ਪਿੰਡਾਂ ਵਿੱਚ ਰਹਿਣ ਵਾਲਿਆਂ ਦੀ ਖਰੀਦ ਸ਼ਕਤੀ ਨੂੰ ਖੋਰਾ ਲਾਇਆ ਹੈ, ਜਿਸ ਨਾਲ ਆਰਥਿਕਤਾ ਕਮਜ਼ੋਰ ਹੋਈ ਹੈ।



ਸੰਸਾਰ ਬੈਂਕ ਨੇ ਆਪਣੀ ਹਾਲ ਹੀ ਵਿੱਚ ਪ੍ਰਕਾਸ਼ਿਤ ਰਿਪੋਰਟ ਵਿੱਚ ਉਜਾਗਰ ਕੀਤਾ ਹੈ ਕਿ ਸਾਲ 2020 ਦੇ ਅੰਤ ਤੱਕ ਭਾਰਤ ਵਿੱਚ ਲਗਭਗ 5.6 ਕਰੋੜ ਲੋਕ ਅਤਿ ਗਰੀਬੀ ਵਿੱਚ ਧੱਕੇ ਗਏ ਹਨ। ਇਸ ਤੋਂ ਪਹਿਲਾਂ ਸੰਸਾਰ ਬੈਂਕ ਨੇ ਇਹ ਵੀ ਦਰਸਾਇਆ ਸੀ ਕਿ ਭਾਰਤ ਵਿੱਚ ਗ੍ਰਾਮੀਣ ਖੇਤਰ ਵਿੱਚ 12% ਜਨਤਾ ਤੇ ਸ਼ਹਿਰੀ ਖੇਤਰ ਵਿੱਚ 6% ਜਨਤਾ ਗਰੀਬੀ ਰੇਖਾ ਤੋਂ ਹੇਠਾਂ ਵੱਸਦੀ ਹੈ। ਜੇਕਰ ਹੁਣ ਦੋਵਾਂ ਸਥਿਤੀਆਂ ਦੀ ਤੁਲਨਾ ਕੀਤੀ ਜਾਵੇ ਜਿੱਥੇ ਇੱਕ ਪਾਸੇ ਮਹਿੰਗਾਈ ਦੀ ਮਾਰ ਪਿੰਡਾਂ ਦੇ ਲੋਕਾਂ 'ਤੇ ਵੱਧ ਪੈ ਰਹੀ ਹੈ, ਦੂਜੇ ਪਾਸੇ ਗਰੀਬ ਲੋਕ ਵੱਡੇ ਤੌਰ 'ਤੇ ਪਿੰਡਾਂ ਵਿੱਚ ਵਸਦੇ ਹਨ, ਤਾਂ ਸਮਝ ਆ ਜਾਂਦਾ ਹੈ ਕਿ ਕਿਉਂ ਭਾਰਤ ਦਾ ਕੇਂਦਰੀ ਬੈਂਕ ਵਿਕਾਸ ਦੇ ਅੰਕੜਿਆਂ ਨੂੰ ਘਟਾ ਰਿਹਾ ਹੈ ਅਤੇ ਮਹਿੰਗਾਈ ਦੇ ਭਿਆਨਕ ਹੋਣ ਦਾ ਖ਼ਦਸ਼ਾ ਜ਼ਾਹਰ ਕਰ ਰਿਹਾ ਹੈ। ਮੌਜੂਦਾ ਸਥਿਤੀਆਂ ਭਾਰਤ ਵਿੱਚ ਕਰੋਨਾ ਹਮਲੇ ਤੋਂ ਬਾਅਦ ਅਰਥਵਿਵਸਥਾ ਨੂੰ ਅੰਗਰੇਜ਼ੀ ਦੇ ਅੱਖਰ 'ਖ' ਦੇ ਆਕਾਰ ਵਿੱਚ ਤਬਦੀਲ ਹੋਣ ਦਾ ਸੰਕੇਤ ਦੇ ਰਹੀਆਂ ਹਨ। 'ਖ' ਆਕਾਰ ਦੱਸਦਾ ਹੈ ਕਿ ਅਮੀਰ ਲੋਕ ਹੋਰ ਅਮੀਰ ਹੋ ਰਹੇ ਹਨ ਤੇ ਗਰੀਬ ਹੋਰ ਗਰੀਬ, ਜਿਸ ਨਾਲ ਅਸਮਾਨਤਾ ਲਗਾਤਾਰ ਵਧ ਰਹੀ ਹੈ। ਇਹ ਤੱਥ ਇਸ ਤੋਂ ਵੀ ਪਤਾ ਲੱਗਦੇ ਹਨ ਕਿ ਜਿੱਥੇ ਇੱਕ ਪਾਸੇ ਭਾਰਤੀ ਉਦਯੋਗਪਤੀ ਗੌਤਮ ਅਡਾਨੀ ਦੁਨੀਆ ਦੇ ਅਰਬਪਤੀਆਂ ਦੀ ਸੂਚੀ ਵਿੱਚ ਦੂਜੇ ਨੰਬਰ 'ਤੇ ਜਾ ਪੁੱਜਿਆ ਹੈ, ਉੱਥੇ ਹੀ ਸਾਲ 2021 ਦੌਰਾਨ ਭਾਰਤ ਵਿੱਚ ਖੁਦਕੁਸ਼ੀ ਦੇ ਮਾਮਲਿਆਂ ਵਿੱਚ ਇਜ਼ਾਫਾ ਦਰਜ ਕੀਤਾ ਗਿਆ ਹੈ।

ਆਪਣੀਆਂ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਨੂੰ ਦੇਖ ਕੇ ਵੀ ਸਾਨੂੰ ਪਤਾ ਲੱਗਦਾ ਹੈ ਕਿ ਕਿਵੇਂ ਭਾਰਤ ਵਿੱਚ 'ਖ' ਆਕਾਰ ਦੀ ਅਰਥਵਿਵਸਥਾ ਵਿਕਸਤ ਹੋ ਰਹੀ ਹੈ। ਜਿੱਥੇ ਦੋ ਪਹੀਆ ਵਾਹਨਾਂ ਅਤੇ ਛੋਟੀਆਂ ਕਾਰਾਂ ਦੀ ਮੰਗ ਟੁੱਟ ਰਹੀ ਹੈ, ਉੱਥੇ ਹੀ ਵੱਡੀਆਂ ਤੇ ਸ਼ਾਨਦਾਰ ਕਾਰਾਂ ਪ੍ਰਾਪਤ ਕਰਨ ਲਈ ਉਪਭੋਗਤਾਵਾਂ ਨੂੰ ਲੰਬਾ ਸਮਾਂ ਉਡੀਕ ਕਰਨੀ ਪੈ ਰਹੀ ਹੈ। ਅੰਕੜੇ ਦੱਸਦੇ ਹਨ ਕਿ ਪਿਛਲੇ ਕੁਝ ਸਮੇਂ ਦੌਰਾਨ ਉਪਭੋਗਤਾ ਵਸਤੂਆਂ (ਸਾਬਣ, ਤੇਲ, ਬਿਸਕੁਟ, ਬ੍ਰੈਂਡ) ਬਣਾਉਣ ਵਾਲੀਆਂ ਕੰਪਨੀਆਂ ਹਿੰਦੁਸਤਾਨ ਯੂਨੀਲੀਵਰ ਲਿਮਟਿਡ, ਮੈਰੀਕੋ ਇੰਡਸਟਰੀਜ਼ ਆਦਿ ਨੇ ਆਪਣੀਆਂ ਉੱਚ ਵਰਗ ਦੀਆਂ ਖਪਤ ਹੋਣ ਵਾਲੀਆਂ ਵਸਤਾਂ ਵਿੱਚ ਵਿਸਤਾਰ ਆਮ ਵਸਤਾਂ ਨਾਲੋਂ ਦੁੱਗਣਾ ਕੀਤਾ ਹੈ। ਇਸੇ ਤਰ੍ਹਾਂ ਖੋਜ ਤੋਂ ਪਤਾ ਲੱਗਾ ਹੈ ਕਿ ਇਸ ਸਾਲ ਜਨਵਰੀ ਤੋਂ ਮਾਰਚ ਤਿਮਾਹੀ ਦੌਰਾਨ ਪੇਂਡੂ ਬਾਜ਼ਾਰਾਂ ਵਿੱਚ ਪੈਕ ਕੀਤੇ ਉਪਭੋਗਤਾ ਸਾਮਾਨ ਦੀ ਵਿਕਰੀ ਦੀ ਮਾਤਰਾ ਵਿੱਚ 5.3% ਦੀ ਗਿਰਾਵਟ ਦਰਜ ਕੀਤੀ ਗਈ ਹੈ, ਜਦੋਂ ਕਿ ਸ਼ਹਿਰੀ ਬਾਜ਼ਾਰਾਂ ਵਿੱਚ ਇਹ ਗਿਰਾਵਟ 3.2% ਰਹੀ ਹੈ।

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤ ਦੋ ਚੁਣੌਤੀਆਂ- ਮਹਿੰਗਾਈ ਅਤੇ ਕਮਜ਼ੋਰ ਘਰੇਲੂ ਆਰਥਿਕਤਾ ਨਾਲ ਲਗਾਤਾਰ ਜੂਝ ਰਿਹਾ ਹੈ ਅਤੇ ਨੇੜਲੇ ਭਵਿੱਖ ਵਿੱਚ ਵੀ ਇਹ ਜਾਰੀ ਰਹਿਣਗੀਆਂ। ਦਰਅਸਲ, ਜਦੋਂ ਤੱਕ ਅਮਰੀਕਾ ਦਾ ਕੇਂਦਰੀ ਬੈਂਕ ਉੱਥੇ ਵਿਆਜ ਦਰਾਂ ਵਿੱਚ ਵਾਧਾ ਬੰਦ ਨਹੀਂ ਕਰਦਾ, ਭਾਰਤ ਤੋਂ ਪੂੰਜੀ ਦੀ ਨਿਕਾਸੀ ਅਮਰੀਕਾ ਦੇ ਬਾਜ਼ਾਰਾਂ ਵੱਲ ਹੁੰਦੀ ਰਹੇਗੀ ਅਤੇ ਭਾਰਤੀ ਰੁਪਿਆ ਡਾਲਰ ਦੇ ਮੁਕਾਬਲੇ ਹੋਰ ਕਮਜ਼ੋਰ ਹੁੰਦਾ ਰਹੇਗਾ। ਅਮਰੀਕਾ ਅਤੇ ਰੂਸ ਵਿਚਕਾਰ ਰਿਸ਼ਤੇ ਸੁਹਿਰਦ ਨਾ ਹੋਣ ਕਾਰਨ ਅਤੇ ਓਪੇਕ ਮੁਲਕਾਂ ਦੇ ਰੂਸ ਦਾ ਪੱਖ ਲੈਣ ਕਾਰਨ ਤੇਲ ਦੀ ਪੂਰਤੀ ਵਿੱਚ ਹੋਰ ਕਮੀ ਹੋਣ ਦੇ ਸੰਕੇਤ ਹਨ, ਜਿਸ ਦਾ ਸਿੱਧਾ ਨੁਕਸਾਨ ਵੀ ਭਾਰਤ ਵਰਗੇ ਮੁਲਕਾਂ ਨੂੰ ਵੱਧ ਕੀਮਤ ਅਤੇ ਵੱਧ ਡਾਲਰਾਂ ਦੀ ਅਦਾਇਗੀ ਕਰਕੇ ਭੁਗਤਣਾ ਪਵੇਗਾ। ਤੇਲ ਦੀ ਮਹਿੰਗਾਈ ਬਾਕੀ ਵਸਤਾਂ ਦੀ ਮਹਿੰਗਾਈ ਨੂੰ ਵੀ ਭੜਕਾਉਂਦੀ ਰਹੇਗੀ। ਇਸ ਦੇ ਨਾਲ ਹੀ ਘਰੇਲੂ ਮੋਰਚੇ 'ਤੇ ਕਣਕ, ਚੌਲਾਂ, ਦਾਲਾਂ, ਖਾਣੇ ਦੇ ਤੇਲ, ਦੁੱਧ ਆਦਿ ਦੀਆਂ ਵੱਧ ਕੀਮਤਾਂ ਵੀ ਖੁਰਾਕੀ ਮਹਿੰਗਾਈ ਨੂੰ ਜ਼ਿਆਦਾ ਹੀ ਰੱਖਣਗੀਆਂ ਅਤੇ ਆਮ ਜਨਤਾ ਬਲੀ ਦਾ ਬੱਕਰਾ ਬਣਦੀ ਰਹੇਗੀ।

ਹੁਣ ਤੱਕ ਭਾਰਤੀ ਕੇਂਦਰੀ ਬੈਂਕ ਨੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਬਚਾਉਣ ਖ਼ਾਤਰ ਅਮਰੀਕਾ ਦੇ ਕੇਂਦਰੀ ਬੈਂਕ ਦੇ ਫੈਸਲਿਆਂ ਅਨੁਸਾਰ ਵਿਆਜ ਦਰਾਂ ਵਿੱਚ ਵਾਧਾ ਕੀਤਾ ਹੈ, ਪਰ ਵਿਆਜ ਦਰਾਂ ਵਿੱਚ ਬੇਤਹਾਸ਼ਾ ਵਾਧਾ ਵਿਕਾਸ ਲਈ ਹਾਨੀਕਾਰਕ ਹੈ ਕਿਉਂਕਿ ਮਹਿੰਗੀਆਂ ਦਰਾਂ 'ਤੇ ਕਰਜ਼ੇ ਸਰਕਾਰਾਂ ਨੂੰ ਨਵੇਂ ਨਿਵੇਸ਼ ਅਤੇ ਲੋਕ ਭਲਾਈ ਦੇ ਕੰਮਾਂ ਵੱਲ ਖਰਚ ਕਰਨ ਤੋਂ ਰੋਕਦੇ ਹਨ, ਜਿਸ ਕਾਰਨ ਆਮ ਜਨਤਾ ਕੇਵਲ ਰੱਬ ਦੇ ਆਸਰੇ ਆਪਣੀ ਜ਼ਿੰਦਗੀ ਜਿਉਣ ਲਈ ਮਜਬੂਰ ਹੋ ਜਾਂਦੀ ਹੈ। ਮੌਜੂਦਾ ਸਥਿਤੀਆਂ ਉੱਤੇ ਪ੍ਰਭਾਵਸ਼ਾਲੀ ਢੰਗ ਨਾਲ ਕਾਬੂ ਪਾਉਣ ਲਈ ਕੁਝ ਖਾਸ ਉਪਾਅ ਕਰਨ ਦੀ ਲੋੜ ਹੈ ਜਿਵੇਂ ਕਿ ਜ਼ਰੂਰੀ ਵਸਤਾਂ ਦੀਆਂ ਦਰਾਮਦਾਂ 'ਤੇ ਘੱਟ ਟੈਕਸ, ਪੈਟਰੋਲ, ਡੀਜ਼ਲ 'ਤੇ ਗੈਸ ਉੱਤੇ ਲੱਗਣ ਵਾਲੇ ਟੈਕਸ ਵਿੱਚ ਕਮੀ, ਮੁਨਾਫਾਖੋਰੀ ਤੇ ਕਾਲਾ ਬਾਜ਼ਾਰੀ ਕਰਨ ਵਾਲਿਆਂ 'ਤੇ ਸਖ਼ਤ ਕਾਰਵਾਈ ਅਤੇ ਉਨ੍ਹਾਂ ਵਸਤੂਆਂ 'ਤੇ ਸਟਾਕ ਸੀਮਾਵਾਂ ਲਗਾਉਣਾ, ਜਿਨ੍ਹਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ ਆਦਿ।

ਜੇਕਰ ਹੁਣ ਵੀ ਭਾਰਤ ਸਰਕਾਰ ਕਾਰਪੋਰੇਟਾਂ ਪ੍ਰਤੀ ਨਰਮ ਰੁਖ਼ ਅਤੇ ਆਮ ਲੋਕਾਂ ਪ੍ਰਤੀ ਸਖ਼ਤ ਰਵੱਈਏ ਨੂੰ ਨਹੀਂ ਤਿਆਗਦੀ ਤਾਂ ਰੋਮਾਨੀਆ, ਫਰਾਂਸ, ਚੈਕ ਗਣਰਾਜ, ਜਰਮਨੀ ਅਤੇ ਬ੍ਰਿਟੇਨ ਵਾਂਗ ਭਾਰਤ ਵਿੱਚ ਵੀ ਵਿਰੋਧ ਪ੍ਰਦਰਸ਼ਨ ਭੜਕਣਗੇ ਜਿਸ ਦਾ ਜ਼ਿੰਮੇਵਾਰ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਹੋਣਗੀਆਂ।

# ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਦੇ ਸਿਰ ਕੰਡਿਆਂ ਦਾ ਤਾਜ

ਐਮਕੇ ਭੱਦਰਕੁਮਾਰ

ਬਰਤਾਨੀਆ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਰਿਸ਼ੀ ਸੂਨਕ ਦੀ ਨਿਯੁਕਤੀ ਭਾਰਤੀ ਕੁਲੀਨਾਂ ਨੂੰ ਜਜ਼ਬਾਤੀ ਅਤੇ ਅਧਿਆਤਮਕ ਸ਼ੁੱਧੀ ਦੇ ਰੂਪ ਵਿਚ ਕਥਾਰਸਿਸ ਹੈ। ਜਦੋਂ ਅਜਿਹਾ ਪਲ ਕਿਸੇ ਪੱਛਮੀ ਦੇਸ਼ ਦੇ ਪਰਵਾਸੀ ਭਾਈਚਾਰੇ ਨਾਲ ਜੁੜਿਆ ਹੁੰਦਾ ਹੈ ਤਾਂ ਸਾਡਾ ਕੁਲੀਨ ਲਾਣਾ ਕੁਝ ਜ਼ਿਆਦਾ ਹੀ ਕੱਛਾਂ ਵਜਾਉਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੂਨਕ ਨੂੰ ਭਾਰਤ ਅਤੇ ਬਰਤਾਨੀਆ ਵਿਚਕਾਰ ਪੁਲ ਕਰਾਰ ਦਿੱਤਾ ਹੈ। ਇਸ ਕਿਸਮ ਦੇ ਵਿਚਾਰਾਂ ਤੋਂ ਕਈ ਖਿਆਲੀ ਪਲਾਓ ਸਿਰਜ ਲਏ ਜਾਂਦੇ ਹਨ। ਮਿਸਾਲ ਦੇ ਤੌਰ 'ਤੇ ਸੂਨਕ ਅਜਿਹਾ ਅੰਗਰੇਜ਼ ਅਤੇ ਹਿੰਦੂ ਬਣਿਆ ਰਹੇਗਾ ਜੋ ਗੀਤਾ ਪੜ੍ਹ ਲੈਂਦਾ ਹੈ ਪਰ ਉਹ ਅਜਿਹਾ ਬਰਤਾਨਵੀ ਸਿਆਸਤਦਾਨ ਹੈ ਜੋ ਫ਼ੈਸਲੇ ਕਰਨ ਸਮੇਂ ਉਥੋਂ ਦੇ ਹਿੱਤਾਂ ਨੂੰ ਸਾਹਮਣੇ ਰੱਖੇਗਾ। ਹੁਣ ਜਦੋਂ ਬਰਤਾਨਵੀ ਸਿਆਸਤ ਵਿਚ ਪਛਾਣ ਤੇ ਵਿਚਾਰਧਾਰਾ ਮੁੱਖ ਸੰਚਾਲਕ ਬਣੇ ਹੋਏ ਹਨ ਤੇ ਅੱਗੇ ਚੱਲ ਕੇ ਵਿਰੋਧਾਭਾਸ ਪੈਦਾ ਹੋਣ ਦੇ ਆਸਾਰ ਹਨ ਤਾਂ ਇਸ ਮਾਮਲੇ ਵਿਚ ਚੌਕਸੀ ਭਰੀ ਪਹੁੰਚ ਅਤੇ ਵਿਹਾਰਕ ਰਵੱਈਆ ਅਪਣਾਉਣ ਦੀ ਲੋੜ ਹੈ। ਬੀਬੀ ਸੁਏਲਾ ਬ੍ਰੇਵਰਮੈਨ ਨੂੰ ਮੁੜ ਗ੍ਰਹਿ ਮੰਤਰੀ ਨਿਯੁਕਤ ਕਰ ਕੇ ਸੂਨਕ ਨੇ ਪਹਿਲਾਂ ਹੀ ਆਪਣੀ ਨਿਯੁਕਤੀ ਵਾਲੇ ਦਿਨ ਵੱਡੀ ਗ਼ਲਤੀ ਕਰ ਲਈ ਹੈ। ਵੱਡੇ ਸਿਤਮ ਦੀ ਗੱਲ ਇਹ ਹੈ ਕਿ ਸੁਏਲਾ ਵੀ ਭਾਰਤੀ ਮੂਲ ਦੀ ਹੈ ਪਰ ਆਵਾਸ ਨੀਤੀਆਂ ਵਿਚ ਢਿੱਲ ਦੇਣ ਦੀਆਂ ਨੀਤੀਆਂ ਦੇ ਵਿਰੋਧ ਕਰ ਕੇ 'ਭਾਰਤ ਮਾਤਾ' ਨਾਲ ਆਪਣੇ ਤਿਹੁ ਨੂੰ ਨਹੀਂ ਉਭਾਰ ਸਕਦੀ। ਬਰਤਾਨਵੀ ਸਿਆਸਤ ਵਿਚ ਇਹ ਉਸ ਕਿਸਮ ਦਾ ਮੁੱਦਾ ਹੈ ਜਿਵੇਂ ਭਾਰਤ ਵਿਚ ਐੱਨਆਰਸੀ ਅਤੇ ਨਾਗਰਿਕਤਾ ਸੋਧ ਕਾਨੂੰਨ ਦਾ ਮੁੱਦਾ ਉਭਰਿਆ ਸੀ।

ਸੂਨਕ ਇਟਲੀ ਦੇ ਮਾਰੀਓ ਮੌਂਟੀ ਅਤੇ ਮਾਰੀਓ ਦਰਾਗੀ ਵਾਂਗ ਬਿਲਕੁੱਲ ਟੈਕਨੋਕ੍ਰੈਟ ਆਗੂ ਹਨ। ਪ੍ਰਧਾਨ ਮੰਤਰੀ ਦੇ ਤੌਰ 'ਤੇ ਉਨ੍ਹਾਂ ਦੀ ਨਿਯੁਕਤੀ ਕੀਤੀ ਗਈ ਹੈ। ਉਨ੍ਹਾਂ ਆਮ ਚੋਣਾਂ ਵਿਚ ਜਿੱਤ ਹਾਸਲ ਨਹੀਂ ਕੀਤੀ ਤੇ ਨਾ ਹੀ ਉਨ੍ਹਾਂ ਦੀ ਪਾਰਟੀ ਜਾਂ ਸੰਸਦ ਦੀ ਕੋਈ ਚੋਣ ਜਿੱਤੀ ਹੈ। ਕਨਜ਼ਰਵੇਟਿਵ ਪਾਰਟੀ ਨੇ ਪਹਿਲੇ ਗੇੜ ਵਿਚ ਜ਼ਿਆਦਾ ਵੋਟਾਂ ਹਾਸਲ ਕਰਨ ਦੀ ਬਿਨਾਅ 'ਤੇ ਮੈਂਬਰਾਂ ਦੀਆਂ ਵੋਟਾਂ ਪਾਉਣ ਦੀ ਰਸਮ ਨਿਭਾਉਣ ਤੋਂ ਟਾਲਾ ਵੱਟ ਲਿਆ। ਇਵੇਂ ਲਗਦਾ ਹੈ ਕਿ ਡਾਊਨਿੰਗ ਸਟਰੀਟ ਲਈ ਸੂਨਕ ਦਾ ਰਾਹ ਸਾਫ਼ ਕਰਨ ਲਈ ਕਿਸੇ ਸਮਝੌਤੇ ਤਹਿਤ ਕਨਜ਼ਰਵੇਟਿਵ ਪਾਰਟੀ ਦੇ ਮੈਬਰਾਂ ਦੇ ਵੋਟ ਦੇ ਅਧਿਕਾਰ ਦੀ ਬਲੀ ਦੇ ਦਿੱਤੀ ਗਈ ਹੋਵੇ।



ਇਸ ਨਾਲ ਕੰਮ ਤਾਂ ਬਣ ਗਿਆ ਪਰ ਬਰਤਾਨੀਆ ਦੇ ਬਹੁਗਿਣਤੀ ਲੋਕ ਇਸ ਮੁੱਦੇ ਨੂੰ ਲੈ ਕੇ ਚੋਣਾਂ ਕਰਵਾਉਣ ਦੀ ਮੰਗ ਕਰ ਰਹੇ ਹਨ ਤਾਂ ਕਿ ਇਹ ਫ਼ੈਸਲਾ ਕੀਤਾ ਜਾ ਸਕੇ ਕਿ ਦੇਸ਼ ਦੀ ਵਾਗਡੋਰ ਕਿਸ ਨੂੰ ਸੌਂਪੀ ਜਾਵੇ। ਪਿਛਲੇ ਹਫ਼ਤੇ ਯੂਗੋਵ ਸਰਵੇਖਣ ਤੋਂ ਪਤਾ ਲੱਗਿਆ ਕਿ 59 ਫ਼ੀਸਦ ਬਰਤਾਨਵੀ ਅਵਾਮ ਸੋਚਦੀ ਹੈ ਕਿ ਸੂਨਕ ਨੂੰ ਚੋਣਾਂ ਕਰਵਾਉਣੀਆਂ ਚਾਹੀਦੀਆਂ ਹਨ ਪਰ ਚੋਣ ਸਰਵੇਖਣਾਂ ਦੇ ਨਤੀਜੇ ਦੇਖ ਕੇ ਸੂਨਕ ਦੀ ਪਾਰਟੀ ਦੇ ਮੈਂਬਰ ਅਗਾਊਂ ਚੋਣਾਂ ਕਰਵਾਉਣ ਤੋਂ ਡਰਦੇ ਹਨ ਜਿਸ ਕਰ ਕੇ ਇਸ ਗੱਲ ਦੇ ਆਸਾਰ ਹਨ ਕਿ ਉਹ ਕਿਵੇਂ ਨਾ ਕਿਵੇਂ ਜਨਵਰੀ 2025 ਤੱਕ ਆਪਣਾ ਵਕਤ ਪੂਰਾ ਕਰਨ ਨੂੰ ਤਰਜੀਹ ਦੇਣਗੇ। ਉਂਝ, ਸਿਆਸਤ ਵਿਚ ਕੁਝ ਵੀ ਸਥਾਈ ਨਹੀਂ ਹੁੰਦਾ। ਪਾਰਟੀ ਅੰਦਰ ਖ਼ਾਸਕਰ ਬੋਰਿਸ ਜੌਹਨਸਨ ਦੇ ਹਮਾਇਤੀ ਧੜੇ ਵਿਚ ਅਸੰਤੋਖ ਪੈਦਾ ਹੋਣ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ। ਬਰਤਾਨੀਆ ਵਿਚ ਜਿਸ ਕਿਸਮ ਦਾ ਨਸਲੀ ਸਹਿਣਸ਼ੀਲਤਾ ਦਾ ਨਾਟਕ ਚੱਲ ਰਿਹਾ ਹੈ, ਸ਼ਾਇਦ ਬਰਤਾਨੀਆ ਦੇ ਸਿਆਸੀ ਕਲਚਰ ਦੇ ਰੁਮਾਂਸ ਵਿਚ ਗਲਤਾਨ ਭਾਰਤੀਆਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਹੈ ਕਿ ਉੱਥੋਂ ਦੀਆਂ 'ਜਮਹੂਰੀ ਕਦਰਾਂ ਕੀਮਤਾਂ' ਦਾ ਵੀ ਦੀਵਾਲਾ ਨਿਕਲ ਸਕਦਾ ਹੈ। ਬਸ, ਫ਼ਰਕ ਇੰਨਾ ਹੈ ਕਿ ਉੱਥੇ ਸਿਆਸੀ ਉਥਲ ਪੁਥਲ ਸਿਸਟਮ ਦੇ ਦਾਇਰੇ ਤੋਂ ਬਾਹਰ ਨਹੀਂ ਜਾਂਦੀ ਜਿਵੇਂ ਕਿ ਜਦੋਂ ਸਿਆਸੀ ਮਾਅਰਕੇਬਾਜ਼ੀ ਤੇ ਜੱਦੋ-ਜਹਿਦ ਬਹੁਤ ਵਧ ਜਾਂਦੀ ਹੈ ਤਦ ਕਨਜ਼ਰਵੇਟਿਵ ਪਾਰਟੀ ਅਤੇ ਪਾਰਲੀਮੈਂਟ ਦੋਵਾਂ ਅੰਦਰ ਰੱਸਾਕਸੀ ਨੂੰ ਹੱਲਾਸ਼ੇਰੀ ਦਿੱਤੀ ਜਾਂਦੀ ਹੈ।

ਜੇ ਅਗਲੇ ਛੇ ਕੁ ਮਹੀਨਿਆਂ ਅੰਦਰ ਸੂਨਕ ਬਰਤਾਨੀਆ ਦੇ ਆਰਥਿਕ ਸੰਕਟ 'ਤੇ ਕਾਬੂ ਪਾਉਣ ਵਿਚ ਨਾਕਾਮ ਰਹਿੰਦੇ ਹਨ ਤਾਂ ਜਲਦੀ ਚੋਣਾਂ ਕਰਵਾਏ ਜਾਣ ਦੀ ਸੰਭਾਵਨਾ ਬਹੁਤ ਵਧ ਜਾਵੇਗੀ। ਜਨਤਕ ਨੀਤੀ 'ਤੇ ਅਸਰਅੰਦਾਜ਼ ਹੋਣ ਵਾਲੇ ਸ਼ਕਤੀਸ਼ਾਲੀ ਹਿੱਤ ਸਮੂਹਾਂ ਨੇ ਰਿਸ਼ੀ ਸੂਨਕ ਨੂੰ ਚੁਣਿਆ ਹੀ ਤਾਂ ਹੈ ਕਿਉਂਕਿ ਬਰਤਾਨੀਆ ਦੀ ਬੇੜੀ ਕੰਢੇ ਲਾਉਣ ਲਈ ਉਹ ਆਪਣੇ ਵਰਗੇ ਅਤਿਅੰਤ ਧਨਾਢ ਸਿਆਸਤਦਾਨ 'ਤੇ ਭਰੋਸਾ ਕਰ ਸਕਦੇ ਹਨ ਜੋ ਉਨ੍ਹਾਂ ਦੇ ਹਿੱਤਾਂ ਦੀ ਬਿਹਤਰ ਢੰਗ ਨਾਲ ਸੇਵਾ ਕਰ ਸਕਦਾ ਹੈ। ਦਰਅਸਲ, ਉਹ ਸ਼ਾਂਤਚਿਤ ਅਤੇ ਪੇਸ਼ੇਵਰ ਸਿਆਸਤਦਾਨ ਹੈ ਅਤੇ ਆਪਣੀ ਬੇੜੀ ਵਿਚ ਵੱਟੇ ਪਾਉਣ ਦਾ ਕੰਮ ਨਹੀਂ ਕਰੇਗਾ। ਉਂਝ, ਜੇ ਸੂਨਕ ਨਾਕਾਮ ਰਹਿੰਦੇ ਹਨ ਤਾਂ ਲੇਬਰ ਪਾਰਟੀ ਦੇ ਸ਼ੈਡੋ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਦੇ ਰੂਪ ਵਿਚ ਸੁਰੱਖਿਅਤ ਬਦਲ ਮੌਜੂਦ ਹੈ ਜੋ ਪੂਰੀ ਤਨਦੇਹੀ ਨਾਲ ਆਪਣੇ ਜਮਾਤੀ ਹਿੱਤਾਂ ਦੀ ਸੇਵਾ ਕਰਨ ਲਈ ਤਿਆਰ ਹਨ।

ਅੱਜ ਬਰਤਾਨੀਆ ਦੀ ਸਮੱਸਿਆ ਇਹ ਹੈ ਕਿ ਬ੍ਰੈਗਜ਼ਿਟ (ਬਰਤਾਨੀਆ ਦੇ ਯੂਰੋਪੀਅਨ ਯੂਨੀਅਨ 'ਚੋਂ

(ਬਾਕੀ ਸਫਾ 21 'ਤੇ)

# ਪੰਜਾਬ - ਦਿਨ ਦਿਹਾੜੇ ਜਾਨਾਂ ਜਾ ਰਹੀਆਂ ਨੇ ਭੰਗ ਦੇ ਭਾੜੇ

ਪੰਜਾਬ ’ਚ ਹੁਣ ਗੈਂਗਸਟਰਵਾਦ ਸਿਖ਼ਰਾਂ ’ਤੇ ਹੈ। ਗੈਂਗਸਟਰਾਂ ਦੀ ਟੋਲੀ ਕਦੇ ਵੀ ਕਿਸੇ ਨੂੰ ਸ਼ਰੇਆਮ ਗੋਲ਼ੀਆਂ ਮਾਰ ਦਿੰਦੀ ਹੈ। ਹਿੰਸਾ ਤੇ ਹਿੰਸਕ ਵਾਰਦਾਤਾਂ ਦੀ ਪੁਸ਼ਤ-ਪਨਾਹੀ ਕਰਨ ਵਾਲੇ ਕਿਸੇ ਵੀ ਵਿਅਕਤੀ ਜਾਂ ਜਥੇਬੰਦੀ ਨੂੰ ਕਦੇ ਚੰਗਾ ਨਹੀਂ ਆਖਿਆ ਜਾ ਸਕਦਾ ਕਿਉਂਕਿ ਪੰਜਾਬ ਨੇ ਪਹਿਲਾਂ ਹੀ ਵੱਡਾ ਸੰਤਾਪ ਹੰਢਾਇਆ ਹੈ। ਵੀਰਵਾਰ ਨੂੰ ਫ਼ਰੀਦਕੋਟ ਜ਼ਿਲ੍ਹੇ ਦੇ ਸ਼ਹਿਰ ਕੋਟਕਪੂਰਾ ’ਚ ਡੇਰਾ ਪ੍ਰੇਮੀ ਪ੍ਰਦੀਪ ਕੁਮਾਰ ਦਾ ਦਿਨ-ਦਿਹਾੜੇ ਕਤਲ ਸਖ਼ਤ ਨਿਖੇਧੀਯੋਗ ਘਟਨਾ ਹੈ। ਹਾਲਾਂਕਿ ਇਹ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਂਡ ਦਾ ਮੁਲਜ਼ਮ ਸੀ ਤੇ ਉਸ ਦੀ ਸੁਰੱਖਿਆ ਲਈ ਦੋ ਸੁਰੱਖਿਆ ਮੁਲਾਜ਼ਮ ਵੀ ਤਾਇਨਾਤ ਸਨ। ਉਸ ਵਿਰੁੱਧ ਕਾਨੂੰਨੀ ਕਾਰਵਾਈ ਵੀ ਚੱਲ ਰਹੀ ਸੀ। ਉਸ ਨੂੰ ਇੰਜ ਖ਼ਤਮ ਕਰ ਦੇਣਾ ਆਪਣੇ ਆਪ ’ਚ ਹੀ ਬੇਹੱਦ ਮੰਦਭਾਗੀ ਘਟਨਾ ਹੈ। ਗੈਂਗਸਟਰ ਹੁਣ ਹਥਿਆਰ ਆਪਣੇ ਹੱਥ ’ਚ ਫੜ ਕੇ ਖ਼ੁਦ ਨੂੰ ਯਮਰਾਜ ਦੇ ਹਰਕਾਰੇ ਸਮਝਣ ਲੱਗ ਪਏ ਹਨ। ਸਰਕਾਰ ਤੇ ਪੁਲਿਸ ਪ੍ਰਸ਼ਾਸਨ ਦਾ ਕਿਸੇ ਨੂੰ ਕੋਈ ਡਰ ਨਹੀਂ ਰਿਹਾ। ਇਸੇ ਲਈ ਦਰਜਨਾਂ ਉੱਚ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ ’ਚ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦਾ ਕਤਲ ਹੋ ਜਾਂਦਾ ਹੈ। ਇਕ ਹਫ਼ਤੇ ਅੰਦਰ ਪੰਜਾਬ ’ਚ ਦੂਜਾ ਕਤਲ ਆਪਣੇ ਆਪ ’ਚ ਇਕ ਸ਼ਰਮਨਾਕ ਘਟਨਾ ਹੈ। ਗੈਂਗਸਟਰਾਂ ਨੂੰ ਕਿਸੇ ਸੀਸੀਟੀਵੀ ਕੈਮਰੇ ਦਾ ਵੀ ਕੋਈ ਡਰ ਨਹੀਂ। ਉਨ੍ਹਾਂ ਨੇ ਇਸ ਵਾਰਦਾਤ ਨੂੰ ਅੰਜਾਮ ਦਿੰਦਿਆਂ ਆਪਣੇ ਮੂੰਹ ਵੀ ਨਹੀਂ ਢਕੇ। ਇਸ ਤੋਂ ਉਨ੍ਹਾਂ ਦੇ ਖੁੱਲ੍ਹੇ ਜੇਰਿਆਂ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਪੰਜਾਬ ਸਰਹੱਦੀ ਸੂਬਾ



ਹੈ ਤੇ ਇੱਥੋਂ ਦੇ ਹਾਲਾਤ ਸਮੁੱਚੇ ਦੇਸ਼ ’ਤੇ ਅਸਰਅੰਦਾਜ਼ ਹੁੰਦੇ ਹਨ। ਇੱਥੋਂ ਦੀ ਜਨਤਾ ਕਦੇ ਨਹੀਂ ਚਾਹੁੰਦੀ ਕਿ ਉਨ੍ਹਾਂ ਦਾ ਖ਼ੁਸ਼ਹਾਲ ਸੂਬਾ ਇਕ ਵਾਰ ਫਿਰ ਕਾਲੇ ਦਿਨਾਂ ਵੱਲ ਪਰਤੇ। ਕੋਈ ਵੀ ਨਹੀਂ ਚਾਹੁੰਦਾ ਕਿ ਇਸ ਦੀ ਹਾਲਤ ਅੱਤਵਾਦੀ ਹਿੰਸਾ ਦਾ ਲਗਾਤਾਰ ਸਾਹਮਣਾ ਕਰ ਰਹੇ ਪਾਕਿਸਤਾਨ ਵਰਗੀ ਹੋਵੇ। ਪੰਜਾਬ ਦੀ ਹਿੰਦੂ-ਸਿੱਖ ਏਕਤਾ ਨੂੰ ਵੱਡੀ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਹੋ ਰਹੀਆਂ ਹਨ। ਅਸੀਂ ਸਭ ‘ਪੰਜਾਬ ਜੀਂਦਾ ਗੁਰਾਂ ਦੇ ਨਾਂਅ ਉੱਤੇ’ ’ਚ ਵਿਸ਼ਵਾਸ ਕਰਦੇ ਰਹੇ ਹਾਂ। ਅਜਿਹੀਆਂ ਕੋਸ਼ਿਸ਼ਾਂ ਨੂੰ ਭਾਂਜ ਦੇਣ ਲਈ ਬੇਅਦਬੀ ਕਾਂਡ ਦੇ ਮੁਲਜ਼ਮਾਂ ਨੂੰ ਛੇਤੀ ਤੋਂ ਛੇਤੀ ਸਜ਼ਾਵਾਂ ਹੋਣੀਆਂ ਚਾਹੀਦੀਆਂ ਹਨ ਪਰ ਹਰੇਕ ਸਰਕਾਰ ਇਸ ਮਾਮਲੇ ਨੂੰ ਲਗਾਤਾਰ ਪਿੱਛੇ ਪਾਉਣ ਦੀਆਂ ਚਾਲਾਂ ਚੱਲਣ ਲੱਗ ਪੈਂਦੀ ਹੈ। ਇਸ ਮਾਮਲੇ ਦੀ ਇਕ ਤੋਂ ਬਾਅਦ ਦੂਜੀ ਜਾਂਚ ਸ਼ੁਰੂ ਕਰ ਦਿੱਤੀ ਜਾਂਦੀ ਹੈ। ਮਨੁੱਖਤਾ ਦਾ ਹੁਣ ਹੋਰ ਘਾਣ ਨਹੀਂ ਹੋਣਾ ਚਾਹੀਦਾ, ਪੰਜਾਬ ’ਚ ਤਾਂ ਬਿਲਕੁਲ ਵੀ ਨਹੀਂ। ਬੇਅਦਬੀ ਕਾਂਡ ਦੇ ਨਾਂ ’ਤੇ ਪੰਜਾਬ ਦਾ ਮਾਹੌਲ ਵਿਗਾੜਨ ਦੀ ਇਜਾਜ਼ਤ ਕਦੇ ਨਹੀਂ ਦਿੱਤੀ ਜਾ ਸਕਦੀ। ਇਹ ਕਾਂਡ ਵਾਪਰੇ ਨੂੰ ਵੀ ਸੱਤ ਸਾਲ ਬੀਤ ਚੁੱਕੇ ਹਨ ਤੇ ਇਹ ਵਾਪਰਿਆ ਵੀ ਫ਼ਰੀਦਕੋਟ ਜ਼ਿਲ੍ਹੇ ’ਚ ਹੀ ਸੀ। ਮਕਤੂਲ ਪ੍ਰਦੀਪ ਨੂੰ ਪਿਛਲੇ ਵਰ੍ਹੇ ਮਈ ਮਹੀਨੇ ਗ੍ਰਿਫ਼ਤਾਰ ਕੀਤਾ ਗਿਆ ਸੀ ਪਰ ਫਿਰ ਉਹ ਜ਼ਮਾਨਤ ’ਤੇ ਰਿਹਾਅ ਵੀ ਹੋ ਗਿਆ ਸੀ। ਉਸ ਦੇ ਕਤਲ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ’ਚ ਆਖਿਆ ਹੈ ਕਿ ਪੰਜਾਬ ਅਮਨ ਪਸੰਦ ਸੂਬਾ ਹੈ, ਇੱਥੇ ਲੋਕਾਂ ਦਾ ਆਪਸੀ ਭਾਈਚਾਰਾ ਬਹੁਤ ਮਜ਼ਬੂਤ ਹੈ। ਕਿਸੇ ਨੂੰ ਵੀ ਸ਼ਾਂਤੀ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸੂਬੇ ਦੀ ਅਮਨ-ਸ਼ਾਂਤੀ ਕਾਇਮ ਰੱਖਣ ਲਈ ਸਿਵਲ ਤੇ ਪੁਲਿਸ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਗਏ ਹਨ। ਹੁਣ ਪੰਜਾਬ ’ਚ ਹੋਰ ਖ਼ੂਨ ਅਜਾਈਂ ਨਹੀਂ ਡੁੱਲ੍ਹਣਾ ਚਾਹੀਦਾ, ਇਹ ਗੱਲ ਵੀ ਸਰਕਾਰ ਨੂੰ ਯਕੀਨੀ ਬਣਾਉਣੀ ਹੋਵੇਗੀ।

# ਖ਼ੁਦਗਰਜ਼ ਹੁਕਮਰਾਨਾਂ ’ਤੇ ਗੁੱਸਾ ਆਉਂਦਾ ਹੈ

**ਸਾਗਰ ਸ਼ਰਮਾ**

ਭਾਰਤ ਦੀ ਆਬਾਦੀ 138 ਕਰੋੜ ਦੇ ਲਗਪਗ ਹੈ ਜਦਕਿ ਕੈਨੇਡਾ ਦੀ 4 ਕਰੋੜ ਦੇ ਕਰੀਬ। ਰਕਬੇ ’ਚ ਵੀ ਕੈਨੇਡਾ ਭਾਰਤ ਤੋਂ ਤਿੰਨ ਗੁਣਾ ਵੱਡਾ ਹੈ। ਵਿਦੇਸ਼ ਆਉਣ ਦੀ ਭਾਰਤੀਆਂ ਨੂੰ ਇੰਨੀ ਖਿੱਚ ਕਿਉਂ ਹੈ? ਆਓ, ਇਸ ਬਾਰੇ ਗੱਲ ਕਰਦੇ ਹਾਂ। ਮੈਂ ਗੱਲ ਕਰੂੰਗਾ ਪੰਜਾਬ ਦੀ ਜਿਹੜਾ ਭਾਰਤ ਦਾ ਅਜਿਹਾ ਸੂਬਾ ਹੈ ਜਿਸ ਦੀ ਆਬਾਦੀ ਕੈਨੇਡਾ ਨਾਲੋਂ ਘੱਟ ਹੈ। ਪੰਜਾਬ ਉਹ ਸੂਬਾ ਹੈ ਜਿਹੜਾ ਪੂਰੇ ਭਾਰਤ ਵਿਚ ਸਭ ਤੋਂ ਵੱਧ ਅਨਾਜ ਪੈਦਾ ਕਰਦਾ ਹੈ ਪਰ ਇਸ ਦੇ ਬਹੁਤ ਸਾਰੇ ਲੋਕ ਵਿਦੇਸ਼ਾਂ ਦਾ ਰੁਖ਼ ਕਰ ਰਹੇ ਹਨ ਖ਼ਾਸ ਤੌਰ ’ਤੇ ਕੈਨੇਡਾ ਦਾ। ਇਸ ਦਾ ਇਕ ਬਹੁਤ ਵੱਡਾ ਕਾਰਨ ਹੈ ਬੇਰੁਜ਼ਗਾਰੀ। ਪੰਜਾਬ ’ਚ ਆਜ਼ਾਦੀ ਤੋਂ ਬਾਅਦ ਜਿਹੜੀ ਵੀ ਸਰਕਾਰ ਰਹੀ ਉਸ ਨੇ ਸਾਡੇ ਸ਼ਹੀਦਾਂ ਦੀ ਸੋਚ ਦੇ ਖ਼ਿਲਾਫ਼ ਚੱਲ ਕੇ ਆਪਣੀ ਮਨਮਰਜ਼ੀ ਨਾਲ ਸੂਬਾ ਚਲਾਇਆ। ਸੂਬੇ ਵਿਚ ਇਕੱਠੇ ਹੁੰਦੇ ਟੈਕਸ ਨਾਲ ਬਸ ਆਪਣੇ ਤੇ ਆਪਣੇ ਰਿਸ਼ਤੇਦਾਰਾਂ ਦੇ ਘਰ ਭਰੇ।



ਆਪਣਾ ਸਾਰਾ ਕਾਲਾਧਨ ਵਿਦੇਸ਼ਾਂ ਵਿਚ ਕਿਸੇ ਨਾ ਕਿਸੇ ਤਰੀਕੇ ਨਿਵੇਸ਼ ਕਰ ਦਿੱਤਾ। ਇਸ ਦੇ ਨਤੀਜੇ ਇਹ ਰਹੇ ਕਿ ਗ਼ਰੀਬ ਹੋਰ ਗ਼ਰੀਬ ਹੁੰਦਾ ਗਿਆ ਜਦਕਿ ਸਿਆਸਤਦਾਨਾਂ ਦੀ ਮਦਦ ਨਾਲ ਅਮੀਰ ਹੋਰ ਅਮੀਰ ਹੋਣ ਲੱਗੇ ਪਰ ਮੱਧ ਵਰਗ ਲਈ ਆਪਣੇ ਖ਼ਰਚੇ ਤੋਰਨਾ ਦਿਨ-ਬਦਿਨ ਮੁਸ਼ਕਲ ਹੁੰਦਾ ਗਿਆ। ਸਰਕਾਰ ਨੂੰ ਸਭ ਤੋਂ ਜ਼ਿਆਦਾ ਟੈਕਸ ਮੱਧ ਵਰਗ ਹੀ ਦਿੰਦਾ ਹੈ ਪਰ ਉਸ ਬਦਲੇ ਉਸ ਨੂੰ ਬਣਦੀਆਂ ਸਹੂਲਤਾਂ ਨਹੀਂ ਮਿਲਦੀਆਂ। ਹੁਣ ਗੱਲ ਕਰਦੇ ਹਾਂ ਕੈਨੇਡਾ ਦੀ। ਇੱਥੇ ਦੀ ਆਬਾਦੀ ਤੇ ਸਾਡੇ ਮੁਲਕ ਦੀ ਆਬਾਦੀ ’ਚ ਜ਼ਮੀਨ-ਅਸਮਾਨ ਦਾ ਫ਼ਰਕ ਹੈ ਪਰ ਇੱਥੇ ਹਰ ਬੰਦਾ ਭਾਵੇਂ ਉਹ ਦਿਹਾੜੀਦਾਰ ਹੈ, ਚਾਹੇ ਸਰਕਾਰੀ ਨੌਕਰ, ਟੈਕਸ ਜ਼ਰੂਰ ਦਿੰਦਾ ਹੈ। ਆਟੋਮੈਟਿਕ ਬੈਂਕ ਅਕਾਊਂਟ ਨਾਲ ਸਭ ਕੁਝ ਲਿੰਕ ਹੈ ਤੇ ਸਰਕਾਰ ਇਹ ਟੈਕਸ ਇੱਥੋਂ ਦੇ ਲੋਕਾਂ ਨੂੰ ਦੁੱਗਣਾ ਕਰ ਕੇ ਸਹੂਲਤਾਂ ਦੇ ਰੂਪ ਵਿਚ ਦਿੰਦੀ ਹੈ। ਟੈਕਨਾਲੋਜੀ ਏ ਕਲਾਸ ਹੈ। ਇੱਥੇ ਬੰਦੇ ਦੀ ਜਾਨ ਪਹਿਲਾਂ ਹੈ, ਪੈਸਾ ਬਾਅਦ ਵਿਚ। ਕੈਨੇਡਾ ’ਚ ਆਉਣ ਵਾਲੇ ਵਿਦਿਆਰਥੀਆਂ ਲਈ ਇੱਥੇ ਸ਼ੁਰੂ ਦੇ ਦਿਨਾਂ ’ਚ ਜ਼ਿੰਦਗੀ ਬਹੁਤ ਕਠਿਨ ਹੈ। ਬੇਗਾਨੇ ਮੁਲਕ ’ਚ ਘਰ-ਬਾਰ ਲੱਭਣਾ, ਫਿਰ ਕੰਮ ਲੱਭਣਾ ਤੇ ਫਿਰ ਕਾਲਜ ਦੇ ਨਾਲ-ਨਾਲ ਕੰਮ ਵੀ ਕਰਨਾ ਕਿਉਂਕਿ ਫੀਸਾਂ ਵੀ ਭਰਨੀਆਂ ਹੁੰਦੀਆਂ ਹਨ ਤੇ ਖ਼ਰਚਾ ਵੀ ਕੱਢਣਾ ਹੁੰਦਾ ਹੈ। ਹੁਣ ਇੱਥੇ ਨਵੇਂ ਵਿਦਿਆਰਥੀਆਂ ਲਈ ਆਪਣੇ ਲਈ ਇਕ ਜਗ੍ਹਾ ਹੀ ਵਧੀਆ ਕੰਮ ਲੱਭਣਾ ਬਹੁਤ ਮੁਸ਼ਕਲ ਹੈ। ਇਸ ਦਾ ਕਾਰਨ ਹੈ ਕੈਨੇਡਾ ’ਚ ਲਗਾਤਾਰ ਵਧਦੀ ਬਾਹਰੀ ਲੋਕਾਂ ਤੇ ਵਿਦਿਆਰਥੀਆਂ ਦੀ ਗਿਣਤੀ। ਇਸ ਲਈ ਜਿਹੜੀ ਸ਼ਿਫਟ ਮਿਲਜੇ, ਉਹੀ ਕਰਨੀ ਪੈਂਦੀ ਹੈ।

ਕਦੇ ਨਾ ਮਿਲੇ ਤਾਂ ਟੈਨਸ਼ਨ ਹੋ ਜਾਂਦੀ ਹੈ ਪਰ ਜਦੋਂ ਇੱਥੋਂ ਦੇ ਵਸਨੀਕ ਗੋਰੇ ਵਿਦਿਆਰਥੀਆਂ ਨੂੰ ਦੇਖਦੇ ਹਾਂ ਤਾਂ ਉਨ੍ਹਾਂ ਨੂੰ ਕੋਈ ਟੈਨਸ਼ਨ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਦੀ ਪੜ੍ਹਾਈ ਤੇ ਇਲਾਜ ਮੁਫ਼ਤ ਹੈ। ਫਿਰ ਮਨ ਵਿਚ ਸਵਾਲ ਆਉਂਦਾ ਹੈ ਕਿ ਕੀ ਸਾਡਾ ਮੁਲਕ ਵਸੋਂ ’ਚ ਵੀ ਇੰਨਾ ਵੱਡਾ ਹੋ ਕੇ ਸਾਡੇ ਟੈਕਸ ਨਾਲ ਸਾਡੇ ਲਈ ਇਹ ਸਭ ਨਹੀਂ ਕਰ ਸਕਦਾ ਸੀ?

# ਸਾਦਗੀ ’ਚ ਰਹਿ ਕੇ ਹਾਰ-ਸ਼ਿੰਗਾਰ ਕਰਦੀਆਂ ਸਨ ਪੁਰਾਣੇ ਪੰਜਾਬ ਦੀਆਂ ਔਰਤਾਂ

**ਸਰਬਜੀਤ ਲੌਂਗੀਆਂ ਜਰਮਨੀ**



ਬੰਦ ਹਾਰ, ਹਮੇਲ, ਸੱਗੀ, ਫੁੱਲੀਆਂ, ਕੰਢੀਆਂ, ਬਾਜੂਬੰਦ, ਚੂੜਾ, ਪਿੱਪਲ ਪੱਤੀਆਂ, ਰੇਲਾਂ, ਮਾਮੇ ਮੁਰਕੀਆਂ, ਟੋਕਾਂ, ਝੂਮਰ, ਸੂਈ, ਟਿੱਕਾ, ਨੱਥ, ਮਛਲੀ , ਡੰਡੀਆਂ, ਕੋਕਾ, ਰਾਣੀ ਹਾਰ , ਕਲਿੱਪ ਆਦਿ ਪੁਰਾਣੇ ਵਕਤ ’ਚ ਪੰਜਾਬੀ ਔਰਤ ਦੇ ਰੋਜ਼ ਮੱਰਾ ਦੇ ਗਹਿਣੇ ਹੁੰਦੇ ਸਨ । ਕੋਈ ਔਰਤ ਵੱਧ ਗਹਿਣੇ ਪਹਿਨਣਾ ਪਸੰਦ ਕਰਦੀ ਸੀ ਤੇ ਕੋਈ ਬਹੁਤ ਘੱਟ। ਮਰਦਾਂ ਦੇ ਮੁਕਾਬਲੇ ਔਰਤਾਂ ਦੇ ਗਹਿਣੇ ਬਹੁਤ ਜ਼ਿਆਦਾ ਹੁੰਦੇ ਸਨ ਤੇ ਇਹ ਪਹਿਨਦੀਆਂ ਵੀ ਜ਼ਿਆਦਾ ਸਨ। ਬੀਤ ਚੁੱਕੇ ਵਕਤ ’ਚ ਜਾਂ ਫੇਰ ਕਹਿ ਲਓ ਕਿ ਸੰਨ 1950-70 ਦੇ ਵਕਤ ’ਚ ਔਰਤਾਂ ਕੋਲ ਜ਼ਿਆਦਾ ਅਸਲ ਸੋਨੇ-ਚਾਂਦੀ ਦੇ ਗਹਿਣੇ ਹੁੰਦੇ ਸਨ ਪਰ ਅੱਜ ਦੇ ਦਿਖਾਵੇ ਤੇ ਮਹਿੰਗਾਈ ਦੇ ਜ਼ਮਾਨੇ ’ਚ ਹਰ ਔਰਤ ਸੋਨਾ- ਚਾਂਦੀ ਨਹੀਂ ਖ਼ਰੀਦ ਸਕਦੀ। ਜੋ ਔਰਤਾਂ ਸੋਨਾ- ਚਾਂਦੀ ਨਹੀਂ ਖ਼ਰੀਦ ਸਕਦੀਆਂ, ਉਹ ਚੱਲ ਰਹੇ ਨਕਲੀ ਗਹਿਣੇ ਪਾ ਕੇ ਆਪਣਾ ਮਨ ਪਰਚਾ ਸਕਦੀਆਂ ਹਨ। ਉਹ ਨਕਲੀ ਗਹਿਣੇ ਪਾ ਕੇ ਵੀ ਸ਼ਿੰਗਾਰ ਕਰ ਸਕਦੀਆਂ ਹਨ। ਅੱਜ ਭਾਵੇਂ ਹਾਰ-ਸ਼ਿੰਗਾਰ ਦੇ ਸਾਧਨ ਬਹੁਤ ਜ਼ਿਆਦਾ ਹਨ ਤੇ ਮਹਿੰਗੇ ਵੀ ਬਹੁਤ



ਹੀ ਜ਼ਿਆਦਾ ਹਨ। ਜੋ ਸਾਦਾ ਜਿਹਾ ਸ਼ਿੰਗਾਰ ਕਰ ਕੇ ਪੁਰਾਣੇ ਜ਼ਮਾਨੇ ’ਚ ਸੁਆਣੀਆਂ ਸਜਦੀਆਂ ਸਨ, ਉਹ ਅੱਜ ਦੀਆਂ ਸੁਆਣੀਆਂ ਲੱਖਾਂ ਦਾ ਸ਼ਿੰਗਾਰ ਕਰ ਕੇ ਵੀ ਨਹੀਂ ਸਜਦੀਆਂ । ਕਈ ਵਾਰ ਤਾਂ ਵਿਆਹਾਂ ’ਚ ਵੇਖਿਆ ਗਿਆ ਕਿ ਹਾਰ-ਸ਼ਿੰਗਾਰ ਕਰਨ ਤੋਂ ਬਾਅਦ ਕੁੜੀ ਨੂੰ ਉਸ ਦੇ ਆਪਣੇ ਪਰਿਵਾਰ ਵਾਲੇ ਵੀ ਨਹੀਂ ਪਛਾਣਦੇ। ਅੱਜ ਦੇ ਮੁਕਾਬਲੇ ਪੁਰਾਣੇ ਜ਼ਮਾਨੇ ਦੀਆਂ ਔਰਤਾਂ ਘੱਟ ਸ਼ਿੰਗਾਰ ਕਰ ਕੇ ਵੀ ਕਿਉਂ ਜ਼ਿਆਦਾ ਸਜਦੀਆਂ ਸਨ ? ਉਸ ਦਾ ਵੱਡਾ ਕਾਰਨ ਸੀ ਔਰਤ ਦਾ ਦੂਜੇ ਗਹਿਣਿਆਂ ਦੇ ਨਾਲ- ਨਾਲ ਸਿਰ ਢੱਕਣਾਂ ਜਾ ਪੱਲਾ ਕਰ ਕੇ ਰੱਖਣਾ ਜਿਸ ਨੂੰ ਅਸੀਂ ਔਰਤ ਦਾ ਅਸਲ ਗਹਿਣਾ ਸੰਗ (ਸ਼ਰਮ) ਵੀ ਆਖ ਸਕਦੇ ਹਾਂ। ਹਰ ਧੀ ਨੂੰ ਬੇਬੇ-ਬਾਪੂ ਤੇ ਵੱਡੇ ਵੀਰਾਂ ਦਾ ਡਰ ਹੁੰਦਾ ਸੀ।

ਹਰ ਨੂੰਹ ਨੂੰ ਪੇਕੇ-ਸਹੁਰੇ ਦੋਵਾਂ ਪਰਿਵਾਰਾਂ ਦਾ ਡਰ ਹੁੰਦਾ ਸੀ। ਇੱਥੇ ਡਰ ਦਾ ਭਾਵ ਸਤਿਕਾਰ ਹੈ ਨਾ ਕਿ ਕੁੱਟਮਾਰ ਦਾ ਡਰ। ਜਿਸ ਦਾ ਔਰਤ ਜਿੰਨਾ ਜ਼ਿਆਦਾ ਸਤਿਕਾਰ ਕਰਦੀ ਸੀ, ਉਸ ਦਾ ਓਨਾ ਜ਼ਿਆਦਾ ਡਰ ਵੀ ਰੱਖਦੀ ਸੀ। ਪਿੰਡ ਦੀਆਂ ਬਜ਼ੁਰਗ ਔਰਤਾਂ ਪਿੰਡ ਦੇ ਹਰ ਸਹੁਰੇ- ਦਦਿਅਹੁਰੇ ਦੀ ਇੱਜ਼ਤ ਕਰਦੀਆਂ ਸਨ ਤੇ ਸਭ ਤੋਂ ਪੱਲਾ ਕਰਦੀਆਂ ਸਨ । ਔਰਤ ਜਿੰਨੀ ਲੁਕੀ ਹੁੰਦੀ ਸੀ, ਓਨੀ ਇੱਜ਼ਤ ਵਾਲੀ ਸੀ। ਅੱਜ ਜ਼ਮਾਨਾ ਬਦਲ ਗਿਆ ਹੈ। ਨਾ ਸਿਰ ਤੇ ਚੁੰਨੀ ਰਹੀ , ਨਾ ਵਾਲ ਰਹੇ, ਨਾ ਰਿਹਾ ਔਰਤ ਦਾ ਆਪਣਾ ਸਤਿਕਾਰ , ਨਾ ਰਿਹਾ ਔਰਤ ਨੂੰ ਕਿਸੇ ਦਾ ਸਤਿਕਾਰ ਤੇ ਨਾ ਰਿਹਾ ਡਰ। ਹਾਂ, ਇਹ ਸਾਰੀਆਂ ਔਰਤਾਂ ’ਤੇ ਲਾਗੂ ਨਹੀਂ ਹੁੰਦਾ । ਅੱਜ ਵੀ ਕੁਝ ਅਜਿਹੀਆਂ ਸੁਲਝੀਆਂ ਹੋਈਆ ਔਰਤਾਂ ਹਨ, ਜੋ ਸਿਰ ਢੱਕ ਕੇ ਰੱਖਦੀਆਂ ਹਨ ਤੇ ਲੋੜ ਪੈਣ ’ਤੇ ਪੱਲਾ ਵੀ ਕਰਦੀਆਂ ਹਨ। ਸਿਜਦਾ ਹੈ ਉਨ੍ਹਾਂ ਔਰਤਾਂ ਨੂੰ ਜੋ ਪੰਜਾਬੀ ਵਿਰਸੇ ਨੂੰ ਅੱਜ ਵੀ ਸਮੋਈ ਬੈਠੀਆਂ ਹਨ। ਉਹ ਔਰਤਾਂ ਹੀ ਪੰਜਾਬੀ ਵਿਰਸੇ ਦੀਆਂ ਅਸਲ ਵਾਰਸ ਕਹਾਉਣ ਦੀਆਂ ਹੱਕਦਾਰ ਹਨ।




MK
Driving School
Union City
Student Driver
Sukhi Kaur
sukhi@mkdrivingschool.net
www.mkdrivingschool.net
510-461-6541
ਡਰਾਇਵਿੰਗ ਸਿਖਾਉਣ ਦਾ ਲੰਮਾ ਤਜਰਬਾ, ਆਸਾਨ ਪੰਜਾਬੀ ਭਾਸ਼ਾ ਵਿਚ ਗੱਲਬਾਤ


# ਦੁਨੀਆ ਦੀ ਆਬਾਦੀ 8 ਅਰਬ ਨੂੰ ਟੱਪੀ, ਭਾਰਤ ਅਗਲੇ ਸਾਲ ਚੀਨ ਨੂੰ ਪਛਾੜ ਕੇ ਬਣੇਗਾ ਨੰਬਰ ਇਕ

ਸੰਯੁਕਤ ਰਾਸ਼ਟਰ- ਪਿਛਲੇ 12 ਸਾਲਾਂ ਵਿੱਚ ਇੱਕ ਅਰਬ ਲੋਕਾਂ ਨੂੰ ਜੋੜਨ ਤੋਂ ਬਾਅਦ ਮੰਗਲਵਾਰ ਨੂੰ ਵਿਸ਼ਵ ਦੀ ਆਬਾਦੀ ਅੱਠ ਅਰਬ ਤੱਕ ਪਹੁੰਚ ਗਈ। ਇਸ ਦੇ ਨਾਲ ਹੀ ਭਾਰਤ ਅਗਲੇ ਸਾਲ ਦੁਨੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਵਜੋਂ ਚੀਨ ਨੂੰ ਪਛਾੜਨ ਦੇ ਕੰਢੇ ਹੈ। ਸੰਯੁਕਤ ਰਾਸ਼ਟਰ ਨੇ ਕਿਹਾ ਕਿ ਵਿਸ਼ਵਵਿਆਪੀ ਅੰਕੜਾ ਜਨਤਕ ਸਿਹਤ ਵਿੱਚ ਵੱਡੇ ਸੁਧਾਰਾਂ ਨੂੰ ਦਰਸਾਉਂਦਾ ਹੈ, ਜਿਸ ਨਾਲ ਮੌਤ ਦੇ ਜੋਖ਼ਮ ਨੂੰ ਘਟਾਇਆ ਗਿਆ ਹੈ ਅਤੇ ਜੀਵਨ ਦੀ ਸੰਭਾਵਨਾ ਵਧੀ ਹੈ। ਸੰਯੁਕਤ ਰਾਸ਼ਟਰ ਆਬਾਦੀ ਫੰਡ ਨੇ ਟਵੀਟ ਕੀਤਾ, ‘ਅੱਠ ਅਰਬ ਉਮੀਦਾਂ। ਅੱਠ ਅਰਬ ਸੁਪਨੇ. ਅੱਠ ਅਰਬ ਸੰਭਾਵਨਾਵਾਂ। ਸਾਡਾ ਗ੍ਰਹਿ ਹੁਣ ਅੱਠ ਅਰਬ ਲੋਕਾਂ ਦਾ ਘਰ ਹੈ।’ ਭਾਰਤ ਵੱਲੋਂ 2023 ਵਿੱਚ ਦੁਨੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਵਜੋਂ ਚੀਨ ਨੂੰ ਪਿੱਛੇ ਛੱਡਣ ਦਾ ਅਨੁਮਾਨ ਹੈ। ਚੀਨ ਦੀ 1.426 ਅਰਬ ਦੇ ਮੁਕਾਬਲੇ 2022 ਵਿੱਚ ਭਾਰਤ ਦੀ ਆਬਾਦੀ 1.412 ਅਰਬ ਹੈ। ਭਾਰਤ ਦੀ ਜਨਸੰਖਿਆ 2050 ਵਿੱਚ 1.668 ਅਰਬ ਹੋਣ ਦਾ ਅਨੁਮਾਨ ਹੈ, ਜੋ ਸਦੀ ਦੇ ਮੱਧ ਤੱਕ ਚੀਨ ਦੀ 1.317 ਅਰਬ ਆਬਾਦੀ ਤੋਂ ਕਾਫੀ ਅੱਗੇ ਹੈ। ਆਬਾਦੀ ਦੀ ਘੜੀ ਨੇ 15 ਨਵੰਬਰ ਨੂੰ 8,000,000,000 ਦਾ ਅੰਕੜਾ ਦਿਖਾਇਆ।



# ਅਮਰੀਕਾ ਮੱਧਕਾਲੀ ਚੋਣਾਂ- ਘਟਦੀ ਦਿਖਾਈ ਨਹੀਂ ਦੇ ਰਹੀ ਟਰੰਪ ਦੀ ਤਾਕਤ

ਹੁਣ ਤੱਕ ਦੇ ਨਤੀਜਿਆ ਮੁਤਾਬਕ ਜੇ ਰਿਪਬਲਿਕਨ ਸੈਨੇਟ 'ਤੇ ਕਾਬਜ਼ ਹੁੰਦੇ ਹਨ ਤਾਂ ਡੈਮੋਕ੍ਰੇਟਾਂ ਲਈ ਇਹ ਔਖਾ ਸਮਾਂ ਹੋਵੇਗਾ ਤੇ ਉਹ ਜੋਅ ਬਾਇਡਨ ਦਫ਼ਤਰ ਵਲੋਂ ਆਉਣ ਵਾਲੇ ਦੋ ਸਾਲਾਂ ਲਈ ਉਲੀਕੇ ਪ੍ਰੋਗਰਾਮਾਂ ਨੂੰ ਨੇਪਰੇ ਚਾੜਣ ਵਿੱਚ ਦਖ਼ਲਅੰਦਾਜੀ ਕਰ ਸਕਦੇ ਹਨ। ਰੀਪਬਲਿਕਨਾਂ ਨੇ ਭਵਿੱਖਬਾਣੀ ਕੀਤੀ ਸੀ ਇਸ ਵਾਰ ਚੋਣ ਪ੍ਰੀਕ੍ਰਿਆ ਕਿਸੇ ਨਵੀਂ ਲਹਿਰ ਆਉਣ ਵਰਗੀ ਹੋਵੇਗਾ। ਇਸ ਤਰ੍ਹਾਂ ਨਹੀਂ ਲੱਗ ਰਿਹਾ ਕਿ ਡੈਮੋਕ੍ਰੇਟਾਂ ਨੂੰ ਕੋਈ ਡਰ ਹੋਵੇ। ਉਨ੍ਹਾਂ ਨੇ ਕਈ ਅਹਿਮ ਸੀਟਾਂ 'ਤੇ ਕਬਜ਼ਾ ਕੀਤਾ ਹੈ, ਜਿੱਥੇ ਉਹ ਕਮਜ਼ੋਰ ਦਿਖਾਈ ਦਿੰਦੇ ਸਨ। ਪੈਨਸਿਲਵੇਨੀਆ ਸੈਨੇਟ ਸੀਟ 'ਤੇ ਜਿੱਤ ਜ਼ਿਕਰਯੋਗ ਹੈ। ਐਗਜ਼ਿਟ ਪੋਲਜ਼ ਵਿੱਚ ਇਹ ਸਾਹਮਣੇ ਆਇਆ ਸੀ ਕਿ ਅਰਥਚਾਰਾ ਤੇ ਮਹਿੰ-ਗਾਈ ਵੋਟਰਾਂ ਵਾਸਤੇ ਦੋ ਵੱਡੇ ਮਸਲੇ ਹਨ, ਜਿਸ ਨੇ ਬਿਨ੍ਹਾਂ ਸ਼ੱਕ ਰਿਪਬਲਿਕਨਾਂ ਨੂੰ ਫ਼ਾਇਦਾ ਦਿੱਤਾ ਹੋ ਸਕਦਾ ਹੈ।



ਡੈਮੋਕ੍ਰੇਟਸ ਨੇ ਸਮਾਜਿਕ ਮਸਲਿਆਂ ਜਿਵੇਂ ਕਿ ਗਰਭਪਾਤ ਦਾ ਅਧਿਕਾਰ ਤੇ ਅਮਰੀਕੀ ਲੋਕਤੰਤਰ ਖ਼ਤਰੇ ਵਿੱਚ ਹੋਣ ਦੀ ਚੇਤਾਵਨੀ ਨਾਲ ਸਬੰਧਿਤ ਮੁਹਿੰਮਾਂ ਚਲਾਈਆ। ਜਦਕਿ ਰਿਪਬਲਿਕਨ ਧੜੇ ਨੇ ਜੋਅ ਬਾਇਡਨ ਦੇ ਪ੍ਰਸ਼ਾਸ਼ਨ ਵਿਰੁੱਧ ਪ੍ਰਚਾਰ ਕੀਤਾ ਕਿ ਉਨ੍ਹਾਂ ਦੇ ਸੱਤਾ 'ਚ ਆਉਣ ਤੋਂ ਬਾਅਦ ਲੋੜੀਦੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ।

**ਰਿਪਬਲਿਕਲ ਜਿੱਤ ਹਾਸਲ ਕਰਨ ਦੀ ਰਾਹ 'ਤੇ**

ਹਾਲਾਂ ਕਿ ਡੈਮੋਕ੍ਰੇਟਸ ਚੰਗੀਆਂ ਸੀਟਾਂ ਹਾਸਲ ਕਰ ਰਹੇ ਹਨ ਪਰ ਰਿਪਬਲਿਕਨ ਹਾਊਸ ਆਫ਼ ਰਿਪ੍ਰੀਜ਼ੈਨਟੇਟਿਵ ਵਿੱਚ ਬਹੁ-ਮਤ ਹਾਸਲ ਕਰਨ ਦੇ ਬਹੁਤਾ ਨੇੜੇ ਹਨ। ਸਵਾਲ ਬਸ ਇਹ ਹੈ ਕਿ ਬਹੁ-ਮਤ ਕਿੰਨਾਂ ਮਿਲਦਾ ਹੈ। 2020 ਦੀਆਂ ਚੋਣਾਂ ਵਿੱਚ ਰਿਪਬਲੀਕਨ ਬਹੁ-ਮਤ ਤੋਂ ਥੋੜ੍ਹਾ ਹੀ ਪਿੱਛੇ ਰਹੇ। ਤੇ ਉਨ੍ਹਾਂ ਉਸ ਸਾਲ ਕੁਝ ਅਜਿਹੀ ਸੀਟਾਂ ਵੀ ਹਾਸਲ ਕੀਤਾ ਜਿਨ੍ਹਾਂ 'ਤੇ ਕਦੀ ਕਾਬਜ ਨਹੀਂ ਸਨ ਹੋ ਸਕੇ। ਜੇ ਰਿਪਬਲਿਕਨ ਬਹੁਮਤ ਹਾਸਲ ਕਰਦੇ ਹਨ ਤਾਂ ਉਹ ਡੈਮੋਕ੍ਰੇਟਿਕ ਏਜੰਡੇ ਦੇ ਲਾਗੂ ਹੋਣ ਵਿੱਚ ਰੁਕਾਵਟਾਂ ਖੜੀਆਂ ਕਰ ਸਕਣਗੇ ਤੇ ਬਾਈਡਨ ਪ੍ਰਸ਼ਾਸਨ ਨੂੰ ਕਮਜ਼ੋਰ ਕਰ ਸਕਣਗੇ। ਇਹ ਇੱਕ ਤਰੀਕੇ ਨਾਲ ਉਨ੍ਹਾਂ ਦੀ ਜਿੱਤ ਹੀ ਹੋਵੇਗੀ। ਪਰ ਜੇਕਰ ਥੋੜਾ ਫ਼ਰਕ ਰਹਿੰਦਾ ਹੈ ਤਾਂ ਰਿਪਬਲਿਕਨਾਂ ਨੂੰ ਆਪਣੀ ਪਾਰਟੀ ਨੂੰ ਇਕਜੁੱਟ ਰੱਖਣ ਲਈ ਚੰਗੀ ਰਣਨੀਤੀ ਦੀ ਵਰਤੋਂ ਕਰਨੀ ਪਵੇਗੀ।

**ਫਲੋਰਿਡਾ ਵਿੱਚ ਰਿਪਬਲਿਕਨ ਦੇ ਰੋਨ ਡੀਸੈਂਟਿਸ ਦੁਬਾਰਾ ਚੁਣੇ ਗਏ**

ਰੋਨ ਡੀਸੈਂਟਿਸ ਨੇ ਡੈਮੋਕਰੇਟ ਐਂਡਰਿਊ ਗਿਲਮ ਤੋਂ ਇੱਕ ਪ੍ਰਤੀਸ਼ਤ ਦੇ ਫ਼ਰਕ ਨਾਲ ਚਾਰ ਸਾਲ ਪਹਿਲਾਂ ਫਲੋਰੀਡਾ ਦੀ ਗਵਰਨਰਸ਼ਿਪ ਜਿੱਤੀ ਸੀ। ਚਾਰ ਸਾਲਾ ਦੇ ਕੰਮਾਂ ਜਿਵੇਂ ਟਰਾਂਸਜੈਂਡਰਜ਼ ਦੇ ਅਧਿਕਾਰਾਂ ਅਤੇ "ਕਰੀਟੀਕਲ ਰੇਸ ਥਿਉਰੀ" ਵੱਲ ਝੁਕਿਆ ਹੋਣਾ ਅਤੇ ਕੋਰੋਨਵਾਇਰਸ ਮਹਾਂਮਾਰੀ ਪਾਬੰਦੀਆਂ ਦੇ ਵਿਰੁੱਧ ਬੋਲਣ ਕਾਰਨ ਉਹ ਦੁਬਾਰਾ ਚੋਣ ਜਿੱਤ ਗਏ। ਉਸਨੇ ਇਹ ਕਿਵੇਂ ਕੀਤਾ ਇਹ ਖ਼ਾਸ ਤੌਰ 'ਤੇ ਕਮਾਲ ਦੀ ਗੱਲ ਹੈ। 2018 ਵਿੱਚ ਉਹਨਾਂ ਨੇ ਮਿਆਮੀ-ਡਾਡੇ ਕਾਉਂਟੀ ਦੇ ਡੈਮੋਕਰੇਟਿਕ ਗੜ੍ਹ ਨੂੰ 20% ਨਾਲ ਗੁਆ ਦਿੱਤਾ ਸੀ। ਇਸ ਸਾਲ ਉਹ 2002 ਵਿੱਚ ਜੌਰਜ ਬੁਸ਼ ਤੋਂ ਬਾਅਦ ਬਹੁਗਿਣਤੀ-ਹਿਸਪੈਨਿਕ ਖੇਤਰ ਵਿੱਚ ਜਿੱਤਣ ਵਾਲੇ ਪਹਿਲੇ ਰਿਪਬਲਿਕਨ ਗਵਰਨਰ ਉਮੀਦਵਾਰ ਬਣਨ ਜਾ ਰਹੇ ਹਨ। ਉਹ ਇਹ ਜਿੱਤ ਵੱਡੇ ਫ਼ਾਸਲੇ ਨਾਲ ਦਰਜ ਕਰਵਾ ਰਹੇ ਹਨ। ਇਹ ਸਫ਼ਲਤਾਵਾਂ ਫਲੋਰਿਡਾ ਦੇ ਗਵਰਨਰ ਨੂੰ ਇੱਕ ਚੰਗਾ ਮੌਕਾ ਪ੍ਰਦਾਨ ਕਰਨ ਵੱਲ ਲੰਮਾ ਸਫ਼ਰ ਤੈਅ ਕਰਨਗੀਆਂ। ਜੇਕਰ ਉਹ ਅਜਿਹਾ ਕਰਦੇ ਹਨ ਤਾਂ ਇਸ ਤੋਂ ਬਾਅਦ ਰਾਸ਼ਟਰਪਤੀ ਚੋਣ ਲਈ ਮੁਹਿੰਮ ਸ਼ੁਰੂ ਕੀਤੀ ਜਾ ਸਕਦੀ ਹੈ।



**ਟਰੰਪ ਲਈ ਰਲਵਾਂ ਮਿਲਵਾਂ ਹੁੰਗਾਰਾ**

ਭਾਵੇਂ ਕਿ ਡੋਨਾਲਡ ਟਰੰਪ ਵੋਟਾਂ ਵਿੱਚ ਨਹੀਂ ਸੀ ਪਰ ਉਨ੍ਹਾਂ ਦਾ ਪਰਛਾਵਾਂ ਜ਼ਰੂਰ ਸੀ। ਇਸ ਤੋਂ ਪਹਿਲਾਂ ਸ਼ਾਮ ਨੂੰ ਸਾਬਕਾ ਰਾਸ਼ਟਰਪਤੀ ਨੇ ਮਾਰ-ਏ-ਲਾਗੋ ਵਿੱਚ ਆਪਣੇ ਘਰ ਤੋਂ ਇੱਕ ਭਾਸ਼ਣ ਦਿੱਤਾ ਸੀ। ਉਹਨਾਂ ਆਪਣੇ ਉਮੀਦਵਾਰਾਂ ਦੀ ਭਾਰੀ ਜਿੱਤ ਦਾ ਦਾਅਵਾ ਕੀਤਾ ਸੀ। ਪਰ ਸੱਚਾਈ ਕੁਝ ਵੱਖਰੀ ਸੀ। ਸਭ ਤੋਂ ਵੱਡੇ ਮੁਕਾਬਲਿਆਂ ਵਿੱਚ ਜਿੱਥੇ ਮੁੱਖ ਧਾਰਾ ਦੇ ਰਿਪਬਲਿਕਨ ਬਦਲ 'ਤੇ ਉਮੀਦਵਾਰਾਂ ਦਾ ਸਮਰਥਨ ਕੀਤਾ ਸੀ, ਉਥੇ ਕਾਫ਼ੀ ਸੰਘਰਸ਼ ਹੋਇਆ ਹੈ। ਮਹਿਮੇਤ ਓਜ਼ ਪੈਨਸਿਲ ਵੇਨੀਆ ਵਿੱਚ ਆਪਣੀ ਸੈਨੇਟ ਦੀ ਦੌੜ ਹਾਰ ਗਏ। ਹਰਸ਼ੇਲ ਵਾਕਰ ਜਾਰਜੀਆ ਵਿੱਚ ਦੂਰ ਹੀ ਰਹੇ। ਬਲੇਕ ਮਾਸਟਰਜ਼ ਐਰੀਜ਼ੋਨਾ ਵਿੱਚ ਪਿੱਛੇ ਚੱਲ ਰਹੇ ਹਨ। ਓਹੀਓ ਵਿੱਚ ਸਿਰਫ ਜੇਡੀ ਵੈਨਸ ਨੇ ਇੱਕ ਜਿੱਤ ਪ੍ਰਾਪਤ ਕੀਤੀ ਹੈ।

**ਡੈਮੋਕਰੇਟਿਕਾਂ ਲਈ ਨਿਰਾਸ਼ਾ**

ਸਾਲ 2018 ਵਿੱਚ ਟੈਕਸਾਸ 'ਚ ਬੇਟੋ ਓ'ਰੂਰਕੇ ਅਤੇ ਜਾਰਜੀਆ ਵਿੱਚ ਸਟੈਸੀ ਅਬਰਾਮਜ਼ ਹਾਰ ਗਏ ਸਨ। ਪਰ ਉਨ੍ਹਾਂ ਨੇ ਆਪਣੀ ਹਾਰ ਦੇ ਥੋੜ੍ਹੇ ਫ਼ਰਕ ਨਾਲ ਡੈਮੋਕਰੇਟਿਕਾਂ ਦੇ ਦਿਲ ਜਿੱਤ ਲਏ ਸਨ। ਮੁਹਿੰਮ ਦੌਰਾਨ ਲੱਖਾਂ ਡਾਲਰ ਇਕੱਠੇ ਕਰਨ ਅਤੇ ਪ੍ਰਭਾਵਸ਼ਾਲੀ ਜ਼ਮੀਨੀ ਜੜ੍ਹਾਂ ਬਣਾਉਣ ਦੀ ਯੋਗਤਾ ਨੇ ਉਹਨਾਂ ਨੂੰ ਪਾਰਟੀ ਦੇ ਭਵਿੱਖ ਵਜੋਂ ਪੇਸ਼ ਕੀਤਾ। ਇਸ ਵਾਰ ਉਹਨਾਂ ਦੇ ਸਮਰਥਕਾਂ ਨੂੰ ਉਮੀਦ ਸੀ ਕਿ ਉਹ ਪਹਾੜ 'ਤੇ ਚੜ੍ਹ ਸਕਦੇ ਹਨ ਪਰ ਦੋਵੇਂ ਥੋੜ੍ਹੇ ਜਿਹੀ ਹੀ ਸਫ਼ਲਤਾਂ ਹਾਸਿਲ ਕਰ ਸਕੇ। ਅਬਰਾਮਜ਼ ਜੋ ਚਾਰ ਸਾਲ ਪਹਿਲਾਂ ਰਿਪਬਲਿਕਨ ਬ੍ਰਾਇਨ ਕੈਂਪ ਤੋਂ ਹਾਰ ਗਈ ਸੀ, ਇਸ ਵਾਰ ਚੰਗੀ ਤਰ੍ਹਾਂ ਪਿੱਛੇ ਰਹੇਗੀ। ਓ'ਰੂਰਕੇ ਰਿਪਬਲਿਕਨ ਗਵਰਨਰ ਗ੍ਰੇਗ ਐਬੋਟ ਤੋਂ ਆਪਣੀ ਦੌੜ ਸੈਨੇਟਰ ਟੇਡ ਕਰੂਜ਼ ਤੋਂ ਵੱਡੇ ਫ਼ਰਕ ਨਾਲ ਹਾਰ ਗਏ। ਹੁਣ ਡੈਮੋਕਰੇਟਸ ਨੂੰ ਨਵੇਂ ਸਿਤਾਰਿਆਂ ਦੀ ਭਾਲ ਵਿਚ ਜਾਣਾ ਪਏਗਾ।

# ਇਸ ਵਾਰ ਚੋਣਾਂ ਦੌਰਾਨ ਔਰਤਾਂ ਨੇ ਤੋੜੇ ਰਿਕਾਰਡ

ਅਮਰੀਕਾ 'ਚ ਹੋਣ ਜਾ ਰਹੀਆਂ ਗਵਰਨਰਸ਼ਿੱਪ ਅਤੇ ਸਦਨ ਦੀਆਂ ਸੀਟਾਂ ਲਈ ਮੱਧ-ਵਰਤੀ ਚੋਣਾਂ ਵਿੱਚ ਇੱਕ ਨਵਾਂ ਰੁਝਾਨ ਸਾਹਮਣੇ ਆਇਆ ਹੈ। ਮੁਲਕ ਦੇ ਇਤਿਹਾਸ ਵਿੱਚ ਪਹਿਲੀ ਵਾਰ ਮੱਧ-ਵਰਤੀ ਚੋਣਾਂ ਲਈ ਹੋਈਆਂ ਨਾਮਜ਼ਦਗੀਆਂ 'ਚ ਔਰਤ ਉਮੀਦਵਾਰਾਂ ਦੀ ਗਿਣਤੀ ਸਭ ਤੋਂ ਵੱਧ ਦੱਸੀ ਜਾ ਰਹੀ ਹੈ। ਚਾਰ ਸੂਬਿਆਂ ਦੀਆਂ ਮੁਢਲੀਆਂ ਨਾਮਜ਼ਦਗੀਆਂ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਨਾਮਜ਼ਦਗੀਆਂ ਉਨ੍ਹਾਂ ਨੂੰ ਸਿਆਸਤ ਵਿੱਚ ਇੱਕ ਵੱਡਾ ਮੌਕਾ ਮਿਲਣ ਵੱਲ ਇਸ਼ਾਰਾ ਕਰਦਾ ਹੈ। ਮਿਸ਼ੀਗਨ ਤੋਂ ਗ੍ਰੈਚਨ ਵਾਈਟਮਰ ਅਤੇ ਕਾਂਸਸ ਤੋਂ ਲੌਰਾ ਕੈਲੀ ਦਾ ਡੈਮੋਕ੍ਰੇਟਸ ਉਮੀਦਵਾਰ ਵਜੋਂ ਮੁਢਲੀਆਂ ਚੋਣਾਂ ਜਿੱਤਣ ਦਾ ਅਰਥ ਹੈ ਕਿ ਨਵੰਬਰ ਦੀਆਂ ਗਵਰਨਰਸ਼ਿਪ ਚੋਣਾਂ ਵਿੱਚ 11 ਔਰਤ ਸਿਆਸਤਦਾਨ ਕਿਸਮਤ ਅਜ਼ਮਾਣਗੀਆਂ। ਇਹ 1994 ਦੇ ਪਿਛਲੇ ਰਿਕਾਰਡ ਤੋਂ 1 ਸੀਟ ਵੱਧ ਹੈ। ਦੂਜੇ ਪਾਸੇ ਸੰਸਦ ਦੀਆਂ ਸੀਟਾਂ 'ਤੇ ਔਰਤਾਂ ਦੀ ਨਾਮਜ਼ਦਗੀ ਦੀ ਗਿਣਤੀ ਘੱਟੋ ਘੱਟ 182 ਤੱਕ ਪਹੁੰਚ ਗਈ ਹੈ। ਇਹ ਵੀ 2016 ਦੇ 167 ਸੀਟਾਂ ਦੇ ਰਿਕਾਰਡ ਤੋਂ ਕਿਤੇ ਵੱਧ ਹੈ। ਰੋਚਕ ਗੱਲ ਇਹ ਹੈ ਕਿ ਅਜੇ ਤਿੰਨ ਹੋਰ ਔਰਤ ਸਿਆਸਤਦਾਨ ਕਾਂਟੇ ਦੀ ਟੱਕਰ ਵਿੱਚ ਲੀਡ ਕਰ ਰਹੀਆਂ ਹਨ। ਅਮੈਰੀਕਨ ਵੁਮੈਨ ਐਂਡ ਪਾਲੀਟਿਕਸ ਸੰਸਥਾ ਦੇ ਡਾਇਰੈਕਟਰ ਡੈਬੀ ਵਾਲਸ਼ ਕਹਿੰਦੇ ਨੇ, "ਇਸ ਵਾਰ ਦੀਆਂ ਚੋਣਾਂ ਵਿੱਚ ਔਰਤ ਉਮੀਦਵਾਰਾਂ ਨੂੰ ਰਿਕਾਰਡ ਤੋੜ ਜਿੱਤ ਹਾਸਲ ਹੋ ਰਹੀ ਹੈ ਅਤੇ ਇਹ ਕਹਾਣੀ ਅਜੇ ਹੋਰ ਜਾਰੀ ਰਹਿਣ ਦੀ ਆਸ ਹੈ।"



ਹਾਸਲ ਹੋਏ ਅੰਕੜਿਆਂ ਮੁਤਾਬਕ 11 ਔਰਤਾਂ ਗਵਰਨਰ ਦੇ ਅਹੁਦੇ ਲਈ ਚੋਣ ਮੈਦਾਨ ਵਿੱਚ ਨਿੱਤਰੀਆਂ ਹਨ ਜਦਕਿ ਮੁਲਕ ਦੀ ਸੰਸਦ ਤੱਕ ਪਹੁੰਚਣ ਲਈ 182 ਔਰਤਾਂ ਜ਼ੋਰ ਅਜ਼ਮਾਇਸ਼ ਕਰਨ ਜਾ ਰਹੀਆਂ ਹਨ।



ਇਸ ਰੁਝਾਨ ਨੂੰ ਅਮਰੀਕਾ ਵਿੱਚ ਔਰਤ ਸਿਆਸੀ ਕਾਰਕੁਨਾਂ ਦੀ ਸਫਲਤਾ ਦੇ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ। ਜਿਨ੍ਹਾਂ ਰਾਜਾਂ ਤੋਂ ਸੰਸਦ ਲਈ ਚੋਣਾਂ ਹੋਣੀਆਂ ਹਨ ਉਨ੍ਹਾਂ ਵਿੱਚੋਂ ਉਹਾਓ ਸੂਬਾ ਵੀ ਸ਼ਾਮਲ ਹੈ ਜਿੱਥੋਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਜਿੱਤ ਹਾਸਲ ਕੀਤੀ ਸੀ।

ਅਮਰੀਕੀ ਮੀਡੀਆ ਮੁਤਾਬਕ ਮੁਲਕ ਦੀਆਂ ਦੋਹੇਂ ਪ੍ਰਮੁੱਖ ਸਿਆਸੀ ਧਿਰਾਂ ਰਿਪਬਲਿਕਨ ਅਤੇ ਡੈਮੋਕ੍ਰੇਟਸ ਵਿਚਾਲੇ ਕਾਂਟੇ ਦੀ ਟੱਕਰ ਹੈ। 1983 ਤੋਂ ਜਿਹੜੀਆਂ ਰਿਪਬਲਿਕਨ ਪਾਰਟੀ ਦੀਆਂ ਸੁਰੱਖਿਅਤ ਸੀਟਾਂ ਸਮਝੀਆਂ ਜਾਂਦੀਆਂ ਹਨ, ਉਨ੍ਹਾਂ 'ਤੇ ਵੀ ਮੁਕਾਬਲਾ ਸਖ਼ਤ ਵੇਖਣ ਨੂੰ ਮਿਲ ਰਿਹਾ ਹੈ। ਨਵੰਬਰ ਦੀਆਂ ਚੋਣਾਂ ਵਿੱਚ ਦੇਖਣਾ ਰੋਚਕ ਹੋਵੇਗਾ ਕਿ ਡੈਮੋਕ੍ਰੇਟ ਬਾਜ਼ੀ ਮਾਰਦੇ ਹਨ ਜਾਂ ਨਹੀਂ। ਜੇਕਰ ਉਹ ਨਵੰਬਰ ਜਾਂ ਮੱਧਕਾਲੀ ਚੋਣਾਂ ਵਿੱਚ ਜਿੱਤ ਦਰਜ ਕਰਦੇ ਹਨ ਤਾਂ ਹੀ ਉਹ ਸੰਸਦ ਵਿੱਚ ਰਿਪਬਲਿਕਨਾਂ ਦੇ ਬਹੁਮਤ ਨੂੰ ਤੋੜ ਸਕਣਗੇ।

**ਔਰਤ ਸਿਆਸਤਦਾਨਾਂ ਲਈ ਵੱਡਾ ਮੌਕਾ**

ਜਿਨ੍ਹਾਂ ਚਾਰ ਸੂਬਿਆਂ ਵਿੱਚ ਮੁਢਲੀਆਂ ਵੋਟਾਂ ਦਾ ਕੰਮ ਸਿਰੇ ਚੜ੍ਹਿਆ ਹੈ ਉਨ੍ਹਾਂ ਵਿੱਚ ਕਾਂਸਸ, ਮਿਸ਼ੀਗਨ, ਮਿਸੂਰੀ ਤੇ ਵਾਸ਼ਿੰਗਟਨ ਸ਼ਾਮਲ ਹਨ। ਇਨ੍ਹਾਂ ਦੇ ਨਤੀਜਿਆਂ ਤੋਂ ਸਾਫ ਹੋਇਆ ਹੈ ਕਿ ਔਰਤ ਸਿਆਸਤਦਾਨ ਇਸ ਵਾਰ ਕੋਈ ਨਵਾਂ ਕੀਰਤੀਮਾਨ ਬਣਾ ਸਕਦੀਆਂ ਹਨ। ਇਹ

**ਪਹਿਲੀ ਫਲਸਤੀਨ ਅਮੈਰੀਕਨ ਕਾਂਗਰਸਵੁਮੈਨ**

ਮਿਸ਼ੀਗਨ ਸੂਬੇ ਵਿੱਚ ਡੈਮੋਕ੍ਰੇਟਸ ਦੀਆਂ ਟਿਕਟਾਂ ਉੱਤੇ ਜਿਹੜੀਆਂ ਚਾਰ ਔਰਤ ਉਮੀਦਵਾਰ ਸਭ ਤੋਂ ਤਾਕਤਵਰ ਹਨ ਉਨ੍ਹਾਂ ਵਿੱਚ ਵਾਈਟਮਰ ਸਭ ਤੋਂ ਅੱਗੇ ਹੈ। ਇਨ੍ਹਾਂ ਚੋਣਾਂ ਦੀ ਖਾਸ ਗੱਲ ਇਹ ਹੈ ਕਿ ਪਹਿਲੀ ਵਾਰ ਅਮਰੀਕੀ ਸੰਸਦ ਵਿੱਚ ਕੋਈ ਮੁਸਲਮਾਨ ਔਰਤ ਪਹੁੰਚੇਗੀ। ਰਸ਼ੀਦਾ ਲਾਇਬ ਨੇ ਡੈਮੋਕ੍ਰੇਟ ਉਮੀਦਵਾਰ ਦੀ ਨਾਮਜ਼ਦਗੀ ਦੀ ਚੋਣ ਜਿੱਤ ਲਈ ਹੈ ਅਤੇ ਨਵੰਬਰ ਦੀਆਂ ਚੋਣਾਂ ਵਿੱਚ ਰਿਪਬਲੀਕਨ ਪਾਰਟੀ ਨੇ ਉਸ ਖਿਲਾਫ ਉਮੀਦਵਾਰ ਨਾ ਖੜਾ ਕਰਨ ਦਾ ਫੈਸਲਾ ਲਿਆ ਹੈ। ਇਸ ਲਈ ਉਸਦਾ ਸੰਸਦ ਵਿੱਚ ਪਹੁੰਚਣਾ ਤੈਅ ਹੋ ਗਿਆ ਹੈ ਅਤੇ ਉਹ ਅਮਰੀਕੀ ਕਾਂਗਰਸ ਦੀ ਪਹਿਲੀ ਫਲਸਤੀਨ ਅਮੈਰੀਕਨ ਕਾਂਗਰਸਵੁਮੈਨ ਹੋਵੇਗੀ।

Zee foods llc

ਜ਼ੀ ਫੂਡ ਐਲ. ਐਲ. ਸੀ. ਵੱਲੋਂ
ਹਰ ਕਿਸਮ ਦੇ ਸਵਾਦ ਅਤੇ ਫਲੇਵਰ ਵਿਚ
ਕੁਲਫੀਆਂ ਅਤੇ ਆਈਸਕ੍ਰੀਮ



ਹਰ ਤਰ੍ਹਾਂ ਦੇ ਛੋਟੇ-ਵੱਡੇ ਪੈਕਟਾਂ ਵਿਚ ਮਿਲ ਸਕਦੀਆਂ ਹਨ
ਸੰਪਰਕ ਕਰੋ- ਅਕਰਮ ਖਾਨ (ਜਲੰਧਰ ਵਾਲੇ)
1 (510) 453-1757

# ਮਹਾਰਾਜਾ ਰਣਜੀਤ ਸਿੰਘ ਨੇ ਸਿੱਖੀ ਦੇ ਸੰਕਲਪ ਨੂੰ ਸੱਤਾ 'ਚ ਕਿਵੇਂ ਉਤਾਰਿਆ

ਇੱਕ ਵਾਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਵਿਦੇਸ਼ ਮੰਤਰੀ ਫਕੀਰ ਅਜ਼ੀਜ਼-ਉਦ-ਦੀਨ ਨੂੰ ਕਿਹਾ, "ਵਾਹਿਗੁਰੂ ਚਾਹੁੰਦਾ ਹੈ ਕਿ ਮੈਂ ਹਰ ਧਰਮ ਨੂੰ ਇੱਕੋ ਨਜ਼ਰ ਨਾਲ ਵੇਖਾਂ ਇਸ ਲਈ ਉਨ੍ਹਾਂ ਨੇ ਮੈਨੂੰ ਇੱਕ ਹੀ ਅੱਖ ਦਿੱਤੀ ਹੈ।" ਫਕੀਰ ਅਜ਼ੀਜ਼-ਉਦ-ਦੀਨ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਇਸ ਗੱਲਬਾਤ ਦਾ ਜ਼ਿਕਰ ਕਰਤਾਰ ਸਿੰਘ ਦੁੱਗਲ ਦੀ ਕਿਤਾਬ ਮਹਾਰਾਜਾ 'ਰਣਜੀਤ ਸਿੰਘ, ਦ ਲਾਸਟ ਟੂ ਲੇਅ ਆਰਮਜ਼' ਵਿੱਚ ਮਿਲਦਾ ਹੈ।

ਫਕੀਰ ਅਜ਼ੀਜ਼-ਉਦ-ਦੀਨ ਵਰਗੇ ਕਈ ਮੁਸਲਮਾਨ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਉੱਚੇ ਅਹੁਦਿਆਂ 'ਤੇ ਸਨ ਜਿਨ੍ਹਾਂ ਨੂੰ ਧਰਮ ਨਹੀਂ ਸਗੋਂ ਕਾਬਲੀਅਤ ਦੇ ਆਧਾਰ 'ਤੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਥਾਂ ਮਿਲੀ ਸੀ। ਮਹਾਰਾਜਾ ਰਣਜੀਤ ਸਿੰਘ ਖੁਦ ਇੱਕ ਸ਼ਰਧਾਵਾਨ ਸਿੱਖ ਸਨ ਅਤੇ ਉਨ੍ਹਾਂ ਦਾ ਅਕੀਦਾ ਗੁਰੂ ਗ੍ਰੰਥ ਸਾਹਿਬ ਵਿੱਚ ਸੀ। ਕਰਤਾਰ ਸਿੰਘ ਦੁੱਗਲ ਅਨੁਸਾਰ ਜੰਗ ਦੇ ਮੈਦਾਨ ਵਿੱਚ ਵੀ ਹਾਥੀ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਲਿਜਾਇਆ ਜਾਂਦਾ ਸੀ। ਉਸ ਤੋਂ ਬਾਅਦ ਵੀ ਮਹਾਰਾਜਾ ਰਣਜੀਤ ਸਿੰਘ ਦਾ ਝੁਕਾਅ ਇੱਕ ਧਰਮ ਵਾਸਤੇ ਨਹੀਂ ਦੇਖਿਆ ਗਿਆ। ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸੀਅਤ ਬਾਰੇ ਕੁਝ ਸਮਾਂ ਪਹਿਲਾਂ ਬੀਬੀਸੀ ਪੰਜਾਬੀ ਵੱਲੋਂ ਇਤਿਹਾਸਕਾਰਾਂ ਨਾਲ ਗੱਲਬਾਤ ਕੀਤੀ ਸੀ, ਅੱਜ ਉਨ੍ਹਾਂ ਦੇ ਜਨਮ ਦਿਨ ਮੌਕੇ ਪੇਸ਼ ਹੈ ਇੱਕ ਰਿਪੋਰਟ-






### ਗੁਰੂ ਨਾਨਕ ਦੇ ਸਿਧਾਂਤ 'ਤੇ ਆਧਾਰਿਤ ਸੀ ਰਾਜ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਰਿਟਾਇਰਡ ਇਤਿਹਾਸਕਾਰ ਪ੍ਰੋਫੈਸਰ ਇੰਦੂ ਬਾਂਗਾ ਨਾਲ ਮੀਡੀਆ ਨੇ ਧਾਰਮਿਕ ਬਰਾਬਰੀ ਅਤੇ ਮਹਾਰਾਜਾ ਰਣਜੀਤ ਸਿੰਘ ਬਾਰੇ ਗੱਲਬਾਤ ਕੀਤੀ। ਪ੍ਰੋਫੈਸਰ ਇੰਦੂ ਬਾਂਗਾ ਨੇ ਦੱਸਿਆ, "ਭਾਰਤ ਵਿੱਚ ਧਰਮ ਨਿਰਪੱਖਤਾ ਦੀ ਵਰਤੋਂ ਸਭ ਧਰਮਾਂ ਦੇ ਆਦਰ ਵਜੋਂ ਕੀਤੀ ਜਾਂਦੀ ਹੈ। ਭਾਰਤ ਦੇ ਇਤਿਹਾਸ ਵਿੱਚ ਇਸਦਾ ਸਭ ਤੋਂ ਬਿਹਤਰ ਉਦਾਰਹਨ ਮਹਾਰਾਜਾ ਰਣਜੀਤ ਸਿੰਘ ਹਨ।"

"ਉਹ ਖੁਦ ਇੱਕ ਸ਼ਰਧਾਲੂ ਸਿੱਖ ਸੀ ਪਰ ਉਨ੍ਹਾਂ ਨੇ ਆਪਣੇ ਸ਼ਾਸਨ ਪ੍ਰਬੰਧ ਅਤੇ ਫੌਜ ਵਿੱਚ ਜਾਂ ਆਪਣੇ ਵਰਤਾਰੇ ਵਿੱਚ ਧਰਮ ਨੂੰ ਰਾਹ ਦਾ ਰੋੜਾ ਨਹੀਂ ਬਣਨ ਦਿੱਤਾ ਸੀ।" "ਮਹਾਰਾਜਾ ਰਣਜੀਤ ਸਿੰਘ ਦਾ ਸ਼ਾਸਨ ਗੁਰੂ ਨਾਨਕ ਦੇਵ ਜੀ ਦੇ ਮੂਲ ਸਿਧਾਂਤਾਂ 'ਤੇ ਆਧਾਰਿਤ ਸੀ। ਉਨ੍ਹਾਂ ਸਿਧਾਂਤਾਂ ਵਿੱਚ ਸਭ ਤੋਂ ਮਹੱਤਵਪੂਰਨ ਸਿਧਾਂਤ ਸਮਾਜਿਕ ਸਮਾਨਤਾ ਅਤੇ ਧਾਰਮਿਕ ਆਜ਼ਾਦੀ ਦਾ ਸੀ। ਸਮਾਜਿਕ ਸਮਾਨਤ ਦਾ ਪ੍ਰਭਾਵ ਰਣਜੀਤ ਸਿੰਘ ਦੇ ਸ਼ਾਸਨ ਦੀ ਬਣਤਰ ਅਤੇ ਉਨ੍ਹਾਂ ਦੀ ਫੌਜ ਵਿੱਚ ਦੇਖਿਆ ਜਾ ਸਕਦਾ ਸੀ।"

### ਹਿੰਦੂ-ਮੁਸਲਮਾਨ ਅਫ਼ਸਰ

ਗੱਲਬਾਤ ਵਿੱਚ ਇੰਦੂ ਬਾਂਗਾ ਨੇ ਕਈ ਹਿੰਦੂ ਤੇ ਮੁਸਲਮਾਨ ਅਫਸਰਾਂ ਦੇ ਨਾਂ ਦੱਸੇ। ਉਨ੍ਹਾਂ ਦੱਸਿਆ ਕਿ ਰਣਜੀਤ ਸਿੰਘ ਦੇ ਦਰਬਾਰ ਵਿੱਚ ਹਿੰਦੂ, ਮੁਸਲਮਾਨ, ਸਈਦ ਤੇ ਪਠਾਨ ਅਫਸਰ ਵੀ ਸਨ। ਇੱਕ ਖ਼ਾਸ ਗੱਲ ਹੋਰ ਕਿ ਰਣਜੀਤ ਸਿੰਘ ਦੇ ਸ਼ਾਸਨ ਦੌਰਾਨ ਵੱਖ-ਵੱਖ ਸਮੇਂ 'ਤੇ ਤਕਰੀਬਨ 60 ਯੂਰਪੀਅਨ ਲੋਕਾਂ ਨੇ ਅਹਿਮ ਭੂਮਿਕਾ ਨਿਭਾਈ ਸੀ।

ਇੰਦੂ ਬਾਂਗਾ ਨੇ ਦੱਸਿਆ ਕਿ ਹਿੰਦੂਆਂ ਵਿੱਚ ਦੀਵਾਨ ਮੋਹਕਮ ਚੰਦ ਅਤੇ ਮਿਸਲ ਦੀਵਾਨ ਚੰਦ ਫੌਜ ਵਿੱਚ ਜਰਨੈਲ ਸਨ, ਦੀਵਾਨ ਭਵਾਨੀ ਦਾਸ ਤੇ ਦੀਨਾਨਾਥ ਹਿਸਾਬ-ਕਿਤਾਬ ਦੇਖਦੇ ਸਨ, ਮਿਸਰ ਬੇਲੀ ਰਾਮ ਖਜ਼ਾਨੇ ਨਾਲ ਜੁੜੇ ਕੰਮ ਦੇਖਦੇ ਸਨ। "ਮੁਸਲਮਾਨਾਂ ਵਿੱਚ ਵੀ ਮੁੱਖ ਨਾਂ ਹਨ ਜਿਵੇਂ ਅਜ਼ੀਜ਼ੁੱਦੀਨ, ਨੂਰ-ਉਦ-ਦੀਨ, ਇਮਾਮ-ਉਦ-ਦੀਨ ਅਤੇ ਅੱਗੇ ਉਨ੍ਹਾਂ ਦੇ ਬੱਚੇ, ਜਲੰਧਰ ਤੇ ਦੋਆਬਾ ਦੇ ਗਵਰਨਰ ਮੋਹੋਯੁੱਦੀਨ, ਜਨਰਲ ਸੁਲਤਾਨ ਮਹਿਮੂਦ ਅਤੇ ਕਈ ਹੋਰ ਸਾਰੇ ਮੁਸਲਮਾਨ ਰਣਜੀਤ ਸਿੰਘ ਦੇ ਰਾਜ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਸਨ।" ਕਰਤਾਰ ਸਿੰਘ ਦੁੱਗਲ ਆਪਣੀ ਕਿਤਾਬ 'ਰਣਜੀਤ ਸਿੰਘ: ਦ ਲਾਸਟ ਲੇਅ ਟੂ ਆਰਮਜ਼' ਵਿੱਚ ਲਿਖਦੇ ਹਨ ਕਿ ਫਕੀਰ ਇਮਾਮ-ਉਦ-ਦੀਨ ਨੂੰ ਅੰਮ੍ਰਿਤਸਰ ਦੇ ਗੋਬਿੰਦਗੜ੍ਹ ਕਿਲੇ ਅਤੇ ਆਲੇ-ਦੁਆਲੇ ਦੇ ਇਲਾਕੇ ਦੀ ਜ਼ਿੰਮਵਾਰੀ ਦਿੱਤੀ ਹੋਈ ਸੀ।

ਇਸਦੇ ਨਾਲ ਇਮਾਮ-ਉਦ-ਦੀਨ ਅੰਮ੍ਰਿਤਸਰ ਵਿੱਚ ਮੈਗਜ਼ੀਨਜ਼, ਹਥਿਆਰ ਅਤੇ ਸ਼ਾਹੀ ਅਸਤਬਲ ਦਾ ਵੀ ਇੰਚਾਰਜ ਸੀ। ਕਈ ਜੰਗੀ ਮੁਹਿੰਮਾਂ 'ਤੇ ਵੀ ਇਮਾਮ-ਉਦ-ਦੀਨ ਨੂੰ ਭੇਜਿਆ ਗਿਆ ਸੀ। ਅੰਮ੍ਰਿਤਸਰ ਵਰਗੇ ਸਿੱਖ ਧਰਮ ਨਾਲ ਜੁੜੇ ਸ਼ਹਿਰ ਦੇ ਅਹਿਮ ਕਿਲੇ ਦੀ ਜ਼ਿੰਮੇਵਾਰੀ ਦੇ ਕੇ ਮਹਾਰਾਜਾ ਰਣਜੀਤ ਸਿੰਘ ਨੇ ਇਹ ਸਾਫ਼ ਕਰ ਦਿੱਤਾ ਸੀ ਕਿ ਉਹ ਧਰਮ ਜਾਂ ਅਕੀਦੇ ਨੂੰ ਲੈ ਕੇ ਕੋਈ ਵਿਤਕਰਾ ਨਹੀਂ ਕਰਦੇ ਹਨ। ਨਿਆਂ ਪ੍ਰਣਾਲੀ ਬਾਰੇ ਦੱਸਦੇ ਹੋਏ ਇੰਦੂ ਬਾਂਗਾ ਨੇ ਕਿਹਾ, "ਰਣਜੀਤ ਸਿੰਘ ਨੇ ਸ਼ਰੀਅਤ ਅਤੇ ਸ਼ਾਸਤਰ ਦੋਵਾਂ ਨੂੰ ਇੱਕ ਬਰਾਬਰ ਦਰਜਾ ਦਿੱਤਾ ਸੀ। ਜੇ ਕੋਈ ਮੁਸਲਮਾਨ ਹੁੰਦਾ ਸੀ ਤਾਂ ਉਸ ਨੂੰ ਇਨਸਾਫ਼ ਦੇਣ ਲਈ ਸ਼ਰੀਅਤ ਦੀ ਵਰਤੋਂ ਕੀਤੀ ਜਾਂਦੀ ਸੀ ਅਤੇ ਹਿੰਦੂਆਂ ਲਈ ਧਰਮ ਸ਼ਾਸਤਰ ਦਾ ਇਸਤੇਮਾਲ ਕੀਤਾ ਜਾਂਦਾ ਸੀ। ਹਿੰਦੂ-ਮੁਸਲਮਾਨਾਂ ਨਾਲ ਜੁੜੇ ਜਾਇਦਾਦ ਦੇ ਸਾਰੇ ਮਸਲਿਆਂ ਨੂੰ ਸ਼ਰੀਅਤ ਨਾਲ ਸੁਲਝਾਇਆ ਜਾਂਦਾ ਸੀ।"

ਕਰਤਾਰ ਸਿੰਘ ਦੁੱਗਲ ਆਪਣੀ ਕਿਤਾਬ ਵਿੱਚ ਲਿਖਦੇ ਹਨ, "ਮਹਾਰਾਜਾ ਰਣਜੀਤ ਸਿੰਘ ਜਦੋਂ ਸੱਤਾ ਵਿੱਚ ਆਏ ਤਾਂ ਉਸ ਵੇਲੇ ਸਿੱਖਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋ ਕੇ ਸਰਬੱਤ ਖਾਲਸਾ ਸੱਦਿਆ ਜਾਂਦਾ ਸੀ ਅਤੇ ਉਸੇ ਵਿੱਚ ਗੁਰਮਤਾ ਕੀਤਾ ਜਾਂਦਾ ਸੀ।" "ਮਹਾਰਾਜਾ ਰਣਜੀਤ ਸਿੰਘ ਨੇ ਸਰਬਤ ਖਾਲਸਾ ਦੀ ਥਾਂ ਮੰਤਰੀਆਂ ਦੀ ਕੌਂਸਲ ਨੂੰ ਦਿੱਤੀ ਅਤੇ ਸਾਰੇ ਫੈਸਲੇ ਉਨ੍ਹਾਂ ਵੱਲੋਂ ਲਏ ਜਾਣ ਲੱਗੇ। ਰਣਜੀਤ ਸਿੰਘ ਵੇਲੇ ਆਖਰੀ ਗੁਰਮਤਾ ਸਾਲ 1805 ਵਿੱਚ ਪਾਸ ਕੀਤਾ ਗਿਆ ਸੀ ਜਦੋਂ ਹੋਲਕਰ ਨੇ ਈਸਟ ਇੰਡੀਆ ਕੰਪਨੀ ਤੋਂ ਬਚਣ ਦੇ ਲਈ ਪੰਜਾਬ ਤੋਂ ਪਨਾਹ ਮੰਗੀ ਸੀ।"

### ਧਾਰਮਿਕ ਗਰਾਂਟਾਂ ਵਿੱਚ ਨਵਾਂ ਮਿਆਰ

ਇੰਦੂ ਬਾਂਗਾ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੀ ਧਾਰਮਿਕ ਬਰਾਬਰਤਾ ਦਾ ਸਭ ਤੋਂ ਉੱਚਾ ਮਿਆਰ ਧਾਰਮਿਕ ਗਰਾਂਟਾਂ ਦੀ ਨੀਤੀ ਤੋਂ ਪਤਾ ਲੱਗਦਾ ਹੈ ਜਿਹੜਾ ਕੀ ਭਾਰਤੀ ਪਰੰਪਰਾ ਦਾ ਅਹਿਮ ਹਿੱਸਾ ਰਿਹਾ ਹੈ। ਉਨ੍ਹਾਂ ਦੱਸਿਆ, "ਮੁਗਲਾਂ ਵੇਲੇ ਵੀ ਧਾਰਮਿਕ ਗਰਾਂਟਾਂ ਦਿੱਤੀਆਂ ਜਾਂਦੀਆਂ ਸਨ। ਉਸ ਤੋਂ ਪਹਿਲਾਂ ਹਰਸ਼ਵਰਧਨ ਦੇ ਵੇਲੇ ਤੋਂ ਹੀ ਰਾਜਿਆਂ ਵੱਲੋਂ ਅਜਿਹੀਆਂ ਧਾਰਮਿਕ ਗਰਾਂਟਾਂ ਦਿੱਤੀਆਂ ਜਾਂਦੀਆਂ ਹਨ ਪਰ ਜੋ ਰਣਜੀਤ ਸਿੰਘ ਨੇ ਕੀਤਾ ਉਹ ਕਿਸੇ ਨੇ ਨਹੀਂ ਕੀਤਾ।

"ਆਪਣੇ ਰਾਜ ਵਿੱਚ ਹਿੰਦੂਆਂ ਤੇ ਮੁਸਲਮਾਨਾਂ ਦੀਆਂ ਜਿੰਨੀਆਂ ਪੁਰਾਣੀਆਂ ਗਰਾਂਟਾਂ ਹਨ ਉਨ੍ਹਾਂ ਨੂੰ ਬਹਾਲ ਕੀਤਾ ਗਿਆ ਅਤੇ ਉਸ ਤੋਂ ਇਲਾਵਾ ਰਣਜੀਤ ਸਿੰਘ ਨੇ ਆਪਣੇ ਵੱਲੋਂ ਨਵੀਆਂ ਗਰਾਂਟਾਂ ਵੀ ਦਿੱਤੀਆਂ ਸਨ।" ਇੰਦੂ ਬਾਂਗਾ ਮੰਨਦੇ ਹਨ ਕਿ ਰਣਜੀਤ ਸਿੰਘ ਦੇ ਰਾਜ ਵੇਲੇ ਮਾਲੀਏ ਦਾ ਜੋ ਹਿੱਸਾ ਧਾਰਮਿਕ ਗਰਾਂਟਾਂ ਲਈ ਦਿੱਤਾ ਗਿਆ ਉਹ ਮੁਗਲ ਬਾਦਸ਼ਾਹ ਅਕਬਰ ਵੱਲੋਂ ਦਿੱਤੀਆਂ ਗਰਾਂਟਾਂ ਤੋਂ ਵੀ ਜ਼ਿਆਦਾ ਸੀ।

ਰਣਜੀਤ ਸਿੰਘ ਨੇ ਮੰਦਰਾਂ ਨੂੰ ਜਾਗੀਰਾਂ ਦਿੱਤੀਆਂ ਜਿਵੇਂ ਜਵਾਲਾਦੇਵੀ ਮੰਦਰ ਦਾ ਛੱਤਰ ਹੈ ਉਹ ਕਿਹਾ ਜਾਂਦਾ ਹੈ ਕਿ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਵੱਲੋਂ ਲਗਾਇਆ ਗਿਆ ਅਤੇ ਬਾਅਦ ਵਿੱਚ ਰਣਜੀਤ ਵੱਲੋਂ ਮੰਦਰ ਨੂੰ ਹੋਰ ਗਰਾਂਟਾਂ ਦਿੱਤੀਆਂ ਗਈਆਂ ਸਨ। ਇਸ ਤੋਂ ਇਲਾਵਾ ਮੁਸਲਮਾਨਾਂ ਦੀਆਂ ਖ਼ਾਨਗਾਹਾਂ, ਪੀਰਾਂ ਦੀਆਂ ਦਰਗਾਹਾਂ, ਅਤੇ ਸੂਫੀ ਸ਼ੇਖਾਂ ਨੂੰ ਗਰਾਂਟਾਂ ਵੀ ਦਿੱਤੀਆਂ ਅਤੇ ਜੇ ਉਹ ਸਫ਼ਰ 'ਤੇ ਜਾਂਦਾ ਸੀ ਤਾਂ ਉਸ ਇਲਾਕੇ ਦੀ ਕੋਈ ਧਾਰਮਿਕ ਅਸਥਾਨ ਹੁੰਦਾ ਸੀ ਤਾਂ ਉਸਦੇ ਦਰਸ਼ਨ ਵੀ ਕਰਦਾ ਸੀ।

### ਵੈਰੀਆਂ ਨੂੰ ਸਤਿਕਾਰ

ਇੰਦੂ ਬਾਂਗਾ ਅਨੁਸਾਰ ਰਣਜੀਤ ਸਿੰਘ ਨੇ ਜਿੱਥੇ-ਜਿੱਥੇ ਵੀ ਆਪਣ-ਿਆਂ ਜੰਗ ਮੁਹਿੰਮਾਂ ਚਲਾਈਆਂ ਜਿਸ ਨੂੰ ਵੀ ਹਰਾਇਆ ਉਸ ਨੂੰ ਸੜ੍ਹਕ 'ਤੇ ਨਹੀਂ ਛੱਡ ਦਿੱਤਾ। ਰਣਜੀਤ ਸਿੰਘ ਵੱਲੋਂ ਹਾਰੇ ਹੋਏ ਰਾਜੇ ਨੂੰ ਰਾਜ ਦਾ ਹਿੱਸਾ ਬਣਨ ਜਾਂ ਜਾਗੀਰ ਲੈਣ ਦੀ ਪੇਸ਼ਕਸ਼ ਕੀਤੀ ਜਾਂਦੀ ਸੀ। ਜਿਵੇਂ ਮੁਲਤਾਨ ਦੇ ਸੂਬੇਦਾਰ ਮੁਜੱਫ਼ਰ ਖਾਨ ਨੂੰ ਰਣਜੀਤ ਸਿੰਘ ਨੇ ਇਹੀ ਪੇਸ਼ਕਸ਼ ਕੀਤੀ ਸੀ। ਅਜਿਹੀ ਪੇਸ਼ਕਸ਼ ਕਰਨ ਵੇਲੇ ਧਰਮ ਦੀ ਗੱਲ ਨਹੀਂ ਸੋਚੀ ਗਈ। ਕਿਤਾਬ 'ਸਿਵਿਲ ਮਿਲਟਰੀ ਅਫੇਅਰਜ਼ ਆਫ ਮਹਾਰਾਜਾ ਰਣਜੀਤ ਸਿੰਘ' ਵਿੱਚ ਮਹਾਰਾਜਾ ਰਣਜੀਤ ਵੱਲੋਂ ਆਪਣੇ ਇੱਕ ਹੀ ਅਫਸਰ ਨੂੰ ਦਿੱਤੇ 400 ਤੋਂ ਵੱਧ ਹੁਕਮ ਹਨ।

ਇਸ ਕਿਤਾਬ ਨੂੰ ਇੰਦੂ ਬਾਂਗਾ ਅਤੇ ਜੇ ਐਸ ਗਰੇਵਾਲ ਨੇ ਐਡਿਟ ਕੀਤੀ ਸੀ। ਉਸ ਕਿਤਾਬ ਵਿੱਚ ਦਿੱਤੇ ਹੁਕਮਾਂ ਦਾ ਜ਼ਿਕਰ ਕਰਦੇ ਹੋਏ ਇੰਦੂ ਬਾਂਗਾ ਕਹਿੰਦੇ ਹਨ, "ਮਹਾਰਾਜਾ ਰਣਜੀਤ ਸਿੰਘ ਵੱਲੋਂ ਆਪਣੇ ਅਫਸਰਾਂ ਨੂੰ ਹਦਾਇਤ ਦਿੱਤੀ ਜਾਂਦੀ ਸੀ ਕਿ ਮੁਹਿੰਮ 'ਤੇ ਜਾਣ ਵੇਲੇ ਲੋਕਾਂ ਨੂੰ ਕਿਸੇ ਤਰੀਕੇ ਦੀ ਕੋਈ ਮੁਸ਼ਕਿਲ ਨਾ ਹੋਵੇ। ਕਿਸਾਨਾਂ ਤੋਂ ਜ਼ਬਰਦਸਤੀ ਕੁਝ ਨਾ ਲਿਆ ਜਾਵੇ ਜੇ ਲਿਆ ਜਾਵੇ ਤਾਂ ਉਸ ਦੀ ਪੂਰੀ ਕੀਮਤ ਅਦਾ ਕੀਤੀ ਜਾਵੇ।"

"ਉਨ੍ਹਾਂ ਹੁਕਮਾਂ ਤੋਂ ਜਾਣਕਾਰੀ ਮਿਲਦੀ ਹੈ ਕਿ ਮਾਰਚਿੰਗ ਫੌਜ ਵਾਸਤੇ ਸਾਰੀ ਜਨਤਾ ਬਰਾਬਰ ਸੀ।" ਇੰਦੂ ਬਾਂਗਾ ਅਨੁਸਾਰ ਆਬਾਦੀ ਵਿੱਚ ਸਿਰਫ਼ 10 ਫੀਸਦ ਸਿੱਖ ਬਹੁਗਿਣਤੀ ਮੁਸਲਮਾਨਾਂ ਤੇ ਹਿੰਦੂਆਂ 'ਤੇ ਰਾਜ ਨਹੀਂ ਕੀਤਾ ਜਾ ਸਕਦਾ ਸੀ ਜੇ ਉਨ੍ਹਾਂ ਨੂੰ ਸਿੱਖ ਰਾਜ ਪ੍ਰਵਾਨ ਨਾ ਹੁੰਦਾ ਅਤੇ ਜੇ ਉਨ੍ਹਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਤਾਂ ਬਗਾਵਤ ਦੇ ਵੀ ਆਸਾਰ ਬਣ ਸਕਦੇ ਸਨ। ਉਨ੍ਹਾਂ ਅਨੁਸਾਰ ਇਸ ਗੱਲ ਦੇ ਪੁਖ਼ਤਾ ਸਬੂਤ ਹਨ ਕਿ ਉਨ੍ਹਾਂ ਦੇ ਵੇਲੇ ਕੋਈ ਗੰਭੀਰ ਬਗਾਵਤ ਨਹੀਂ ਹੋਈ ਸੀ। ਇਸਦੇ ਨਾਲ ਹੀ ਪੰਜਾਬ ਤੋਂ ਲੋਕਾਂ ਦੀ ਹਿਜ਼ਰਤ ਨਹੀਂ ਹੋਈ ਸੀ ਬਲਕਿ ਲੋਕ ਬਾਹਰੋਂ ਪੰਜਾਬ ਵਿੱਚ ਆ ਰਹੇ ਸਨ।

# ਭਾਰਤ ਦੀ ਇੰਟਰਸੈਪਟਰ ਮਿਜ਼ਾਈਲ ਦਾ ਇੰਨਾ ਰੌਲਾ ਕਿਉਂ?

ਭਾਰਤ ਨੇ ਹਵਾ ਵਿੱਚ ਪਰਮਾਣੂ ਮਿਜ਼ਾਈਲਾਂ ਅਤੇ ਲੜਾਕੂ ਜਹਾਜਾਂ ਨੂੰ ਨਸ਼ਟ ਕਰਨ ਵਿੱਚ ਸਮਰੱਥ ਇੱਕ ਇੰਟਰ-ਸੈਪਟਰ ਮਿਜ਼ਾਈਲ ਦਾ ਪ੍ਰੀਖਣ ਕੀਤਾ ਹੈ। ਇਸ ਰੱਖਿਆਤਮਕ ਬੈਲਿਸਟਿਕ ਮਿਜ਼ਾਈਲਾਂ ਨੂੰ ਡੀਆਰਡੀਓ ਨੇ ਬਣਾਇਆ ਹੈ। ਇਸ ਦਾ ਪ੍ਰੀਖਣ ਉੜੀਸਾ ਵਿੱਚ ਸਮੁੰਦਰ ਦੇ ਇਕ ਟਾਪੂ 'ਤੇ ਸਥਿਤ ਮਿਜ਼ਾਈਲ ਲੈਬ ਤੋਂ ਕੀਤਾ ਗਿਆ ਸੀ। ਅਧਿਕਾਰੀਆਂ ਵੱਲੋਂ ਇਸ ਨੂੰ ਇੱਕ 'ਸਫਲ ਪ੍ਰੀਖਣ' ਦੱਸਿਆ ਗਿਆ ਹੈ। ਇਸ ਮਿਜ਼ਾਈਲ ਨੂੰ 'ਏਡੀ-1' ਨਾਂ ਦਿੱਤਾ ਗਿਆ ਹੈ।

ਰੱਖਿਆ ਮੰਤਰਾਲੇ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਡੀਆਰਡੀਓ ਨੇ ਦੂਜੇ ਪੜਾਅ ਪ੍ਰੋਗਰਾਮ ਦੇ ਤਹਿਤ ਏਡੀ-1 ਬੈਲਿਸਟਿਕ ਮਿਜ਼ਾਈਲ ਡਿਫੈਂਸ ਇੰਟਰ-ਸੈਪਟਰ ਦਾ ਸਫ਼ਲ ਪ੍ਰੀਖਣ ਕੀਤਾ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਮਿਜ਼ਾਈਲ ਦੋ-ਪੜਾਅ ਵਾਲੀ ਠੋਸ ਮੋਟਰ ਨਾਲ ਚਲਦੀ ਹੈ। ਇਸ ਵਿੱਚ ਸਹੀ ਨਿਸ਼ਾਨਾ ਲਗਾਉਣ ਲਈ ਭਾਰਤ ਦੇ ਬਣਾਏ ਆਧੁਨਿਕ ਕੰਟਰੋਲ ਸਿਸਟਮ, ਨੇਵੀਗੇਸ਼ਨ ਅਤੇ ਮਾਰਗਦਰਸ਼ਨ ਉਪਕਰਣਾਂ ਨੂੰ ਲਗਾਇਆ ਗਿਆ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਇਹ ਇੰਟਰ-ਸੈਪਟਰ ਮਿਜ਼ਾਈਲ ਉਸ ਆਧੁਨਿਕ ਤਕਨੀਕ ਨਾਲ ਲੈਸ ਹੈ, ਜੋ ਪੂਰੀ ਤਰ੍ਹਾਂ ਨਵੀਂ ਹੈ। ਉਹਨਾਂ ਕਿਹਾ ਕਿ ਇਹ ਸਮਰੱਥਾ ਕੁਝ ਹੀ ਦੇਸ਼ਾਂ ਕੋਲ ਹੈ। ਇਸ ਨਾਲ ਦੇਸ਼ ਦੀ ਬੈਲਿਸਟਿਕ ਮਿਜ਼ਾਈਲ ਰੱਖਿਆ ਪ੍ਰਣਾਲੀ ਦੀ ਸਮਰੱਥਾ ਵਿੱਚ ਹੋਰ ਸੁਧਾਰ ਹੋਵੇਗਾ। ਇਹ ਮਿਜ਼ਾਈਲ ਜ਼ਮੀਨ ਦੇ ਅੰਦਰ ਅਤੇ ਬਾਹਰ 15-25 ਕਿਲੋਮੀਟਰ ਦੀ ਉਚਾਈ ਤੋਂ 80-100 ਕਿਲੋਮੀਟਰ ਦੀ ਉਚਾਈ ਤੱਕ ਪ੍ਰਮਾਣੂ ਮਿਜ਼ਾਈਲਾਂ ਅਤੇ ਲੜਾਕੂ ਜਹਾਜ਼ਾਂ ਨੂੰ ਤਬਾਹ ਕਰਨ ਲਈ ਤਿਆਰ ਕੀਤੀ ਗਈ ਹੈ। ਹੁਣ ਪਾਕਿਸਤਾਨ ਕੀ ਕਰੇਗਾ? ਕੁਝ ਰਿਪੋਰਟਾਂ ਮੁਤਾਬਕ ਫਿਲਹਾਲ ਸਰਕਾਰ ਇਸ ਮਿਜ਼ਾਈਲ ਨੂੰ ਕਿਸੇ ਵੱਡੇ ਬੇਸ 'ਤੇ ਸਥਾਪਿਤ ਕਰਨ ਦੀ ਯੋਜਨਾ ਤੋਂ ਬਚ ਰਹੀ ਹੈ। ਇਸਦਾ ਇੱਕ ਕਾਰਨ ਇਸਦੇ ਵਿਕਾਸ ਵਿੱਚ ਸ਼ਾਮਲ ਵੱਡੀ ਲਾਗਤ ਹੋ ਸਕਦੀ ਹੈ।



ਇਹ ਵੀ ਸੰਭਵ ਹੈ ਕਿ ਸੰਭਾਵਿਤ ਸਥਾਪਨਾ ਦਾ ਐਲਾਨ ਕਰਨ ਤੋਂ ਇਸ ਲਈ ਬਚਿਆ ਜਾ ਰਿਹਾ ਹੈ ਕਿਉਂਕਿ ਜਵਾਬ ਵਿੱਚ ਪਾਕਿਸਤਾਨ ਹੋਰ ਪ੍ਰਮਾਣੂ ਬੰਬ ਬਣਾਉਣ ਦੀ ਕੋਸ਼ਿਸ਼ ਕਰੇਗਾ ਜਾਂ ਭਾਰਤ ਦੀ ਇੰਟਰ-ਸੈਪਟਰ ਮਿਜ਼ਾਈਲ ਦਾ ਕੋਈ ਬਦਲ ਹਾਸਿਲ ਕਰਨ ਦੀ ਕੋਸ਼ਿਸ਼ ਕਰੇਗਾ। ਰੱਖਿਆ ਵਿਸ਼ਲੇਸ਼ਕ ਰਾਹੁਲ ਬੇਦੀ ਨੇ ਦੱਸਿਆ ਕਿ ਇਸ ਦੀਆਂ ਤਿਆਰੀਆਂ ਲੰਬੇ ਸਮੇਂ ਤੋਂ ਚੱਲ ਰਹੀਆਂ ਸਨ। ਪਰ ਕੁਝ ਤਕਨੀਕੀ ਮੁਸ਼ਕਲਾਂ ਅਤੇ ਹੋਰ ਖਰਚਿਆਂ ਕਾਰਨ ਅੰਤਿਮ ਰੂਪ ਦੇਣ ਵਿੱਚ ਦੇਰੀ ਹੋਈ ਸੀ। ਡੀਆਰਡੀਓ ਦੇ ਫ਼ੇਜ-1 ਇੱਕ ਦੇ ਪਲਾਨ ਮੁਤਾਬਿਕ ਅਜਿਹੀਆਂ ਬੈਲਿਸਟਿਕ ਮਿਜ਼ਾਈਲਾਂ ਵਿਕਸਿਤ ਕੀਤੀਆਂ ਜਾਣੀਆਂ ਹਨ। ਜੋ 2000 ਕਿਲੋਮੀਟਰ ਦੀ ਰੇਂਜ ਵਿੱਚ ਦੁਸ਼ਮਣ ਦੀ ਮਿਜ਼ਾਈਲ ਨੂੰ ਪਛਾਣ ਕੇ ਹਵਾ ਵਿੱਚ ਹੀ ਨਸ਼ਟ ਕਰਨ ਦੀ ਸਮਰੱਥਾ ਰੱਖਦੀ ਹੈ। ਪਰ ਜਿਸ ਮਿਜ਼ਾਈਲ ਦਾ ਫ਼ੇਜ-2 ਦੇ ਤਹਿਤ ਪਰੀਖਣ ਕੀਤਾ ਗਿਆ ਹੈ, ਉਸ ਦੀ ਮਾਰ ਕਰਨ ਦੀ ਸਮਰੱਥਾ 5000 ਕਿਲੋਮੀਟਰ ਦੀ ਹੈ। ਰਾਹੁਲ ਬੇਦੀ ਦਾ ਕਹਿਣਾ ਹੈ ਕਿ ਇਸ ਨੂੰ ਪਾਕਿਸਤਾਨ ਅਤੇ ਚੀਨ ਦੋਵਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਹੈ। ਭਾਰਤ ਦੁਨੀਆਂ ਦੇ ਇੱਕੋ-ਇੱਕ ਦੇਸ਼ ਹੈ, ਜੋ ਦੋ ਅਜਿਹੇ ਵਿਰੋਧੀ ਦੇਸ਼ਾਂ ਵਿੱਚ ਘਿਰਿਆ ਹੋਇਆ ਹੈ, ਜਿੰਨ੍ਹਾਂ ਕੋਲ ਪਰਮਾਣੂ ਸ਼ਕਤੀਆਂ ਹਨ। ਸਾਫ਼ ਹੈ ਕਿ ਭਾਰਤ ਦਾ ਨਿਸ਼ਾਨਾ ਇਹੋ ਦੋ ਦੇਸ਼ ਹਨ।

### ਭਾਰਤ ਦੀ ਆਪਣੀ ਤਕਨੀਕ

ਰਾਹੁਲ ਬੇਦੀ ਦਾ ਕਹਿਣਾ ਹੈ ਕਿ ਮਿਜ਼ਾਈਲ ਤਕਨੀਕ ਇੱਕ ਅਜਿਹੀ ਤਕਨੀਕ ਹੈ, ਜੋ ਕੋਈ ਵੀ ਦੇਸ਼ ਦੂਸਰੇ ਦੇਸ਼ ਨੂੰ ਨਹੀਂ ਦਿੰਦਾ। ਭਾਰਤ ਨੇ ਆਪਣੀ ਤਕਨੀਕ ਨਾਲ ਕਈ ਅਜਿਹੀਆਂ ਮਿਜ਼ਾਇਲਾਂ ਬਣਾਈਆ ਹਨ। ਹੁਣ ਇਸ ਨਵੀਂ ਮਿਜ਼ਾਇਲ ਦੇ ਪ੍ਰੀਖਣ ਤੋਂ ਬਾਅਦ ਇਸ ਖੇਤਰ ਵਿੱਚ ਮਿਜ਼ਾਇਲਾਂ ਦੀ ਦੌੜ ਸ਼ੁਰੂ ਹੋ ਗਈ ਹੈ। ਪਾਕਿਸਤਾਨ ਅਤੇ ਚੀਨ ਵੀ ਆਪਣੇ-ਆਪਣੇ ਤਰੀਕੇ ਨਾਲ ਇਹਨਾਂ ਮਿਜ਼ਾਇਲਾਂ ਦਾ ਤੋੜ ਹਾਸਿਲ ਕਰਨ ਦੀ ਕੋਸ਼ਿਸ਼ ਕਰਨਗੇ। ਯਾਦ ਰਹੇ ਕਿ ਪਰਮਾਣੂ ਮਿਜ਼ਾਈਲਾਂ ਅਤੇ ਹੌਕਸ ਵਰਗੇ ਲੜਾਕੂ ਜਹਾਜਾਂ ਨੂੰ ਜ਼ਮੀਨੀ ਪੱਧਰ ਉਪਰ ਹੀ ਨਸ਼ਟ ਕਰਨ ਦੀ ਤਕਨੀਕ ਕੇਵਲ ਅਮਰੀਕਾ, ਇਜ਼ਰਾਇਲ, ਰੂਸ ਅਤੇ ਚੀਨ ਕੋਲ ਹੈ। ਵਰਣਨਯੋਗ ਹੈ ਕਿ ਭਾਰਤ ਨੇ ਹਾਲ ਹੀ ਵਿੱਚ ਰੂਸ ਦੇ ਬਣੇ ਐਸ-400 ਧਰਤੀ ਤੋਂ ਹਵਾ ਵਿੱਚ ਮਾਰ ਕਰਨ ਵਾਲੀ ਮਿਜ਼ਾਈਲ ਨੂੰ ਆਪਣੀ ਸੈਨਾ ਵਿੱਚ ਸ਼ਾਮਿਲ ਕੀਤਾ ਹੈ। ਇਹ ਆਧੁਨਿਕ ਰੂਸੀ ਮਿਜ਼ਾਈਲ ਦੀ ਹਵਾ ਵਿੱਚ ਲੜਾਕੂ ਜਹਾਜ਼ਾਂ, ਜਾਸੂਸੀ ਜਹਾਜ਼ਾਂ, ਹਮਲਾਵਰ ਡਰੋਨ ਅਤੇ ਮੱਧਮ ਦੂਰੀ ਦੀ ਬੈਲਿਸਟਿਕ ਮਿਜ਼ਾਇਲਾਂ ਨੂੰ ਪਛਾਣ ਕੇ ਹਵਾ ਵਿੱਚ ਨਸ਼ਟ ਕਰਨ ਦੀ ਸਮਰੱਥਾ ਹੈ।

ਡੀਆਰਡੀਓ ਭਾਰਤ ਦੀ ਸਭ ਤੋਂ ਵੱਡੀ ਮਿਜ਼ਾਈਲ ਹੈ ਅਤੇ ਰੱਖਿਆਤਮਕ ਹਥਿਆਰ ਬਣਾਉਣ ਦੀ ਸਮਰੱਥਾ ਵਾਲੀ ਹੈ। ਧਰਤੀ, ਅਗਨੀ, ਤ੍ਰਿਸ਼ੂਲ, ਅਕਾਸ਼, ਨਾਗ, ਨਿਰਭੈਅ ਅਤੇ ਰੂਸ ਨਾਲ ਮਿਲ ਕੇ ਵਿਕਸਿਤ ਕੀਤੀ ਗਈ ਬ੍ਰਹੋਸ ਮਿਜ਼ਾਇਲਾਂ ਇਸੇ ਸੰਸਥਾ ਨੇ ਬਣਾਈਆਂ ਸਨ। ਇਹ ਸਾਰੀਆਂ ਮਿਜ਼ਾਈਲਾਂ ਭਾਰਤੀ ਸੈਨਾ ਵਿੱਚ ਸ਼ਾਮਿਲ ਹਨ ਅਤੇ ਸੈਨਾ ਦੀ ਤਾਕਤ ਦਾ ਮੁੱਖ ਹਿੱਸਾ ਹਨ। ਇਹਨਾਂ ਵਿੱਚੋਂ ਕੁਝ ਮਿਜ਼ਾਈਲਾਂ ਨੂੰ ਦੂਸਰੇ ਦੇਸ਼ਾਂ ਨੇ ਵੀ ਖ਼ਰੀਦਿਆ ਹੈ।

# Moon Indian Cuisine
MOON indian cuisine
## 510-780-9233
ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

**Fish Pakora**
ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।


Paul 510-978-7170

Over 30 Years Experience in Restaurant & Catering Business

**ਮੂਨ ਇੰਡੀਅਨ ਕੁਜ਼ੀਨ (ਹੇਵਰਡ)**
600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net



# Raja
New Introducing Chaat Corner
King of Sweets Now Presents
Come and Enjoy Mouth Watering Chaat All Day



ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- FALUDA KULFI
- GOL GAPPE (PANI PURI)
- KHASTA KACHORI

## RAJA SWEETS & INDIAN CUISINE
31583 Alvarado Blvd. Union City, CA 94587
Phone : (510) 489-9100



# FAIRWAY BODY SHOP
ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖ਼ਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ
ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ


Gurdial Aujla


Darshan Aujla
510-750-6116

1421 Industrial Parkway West #C
Hayward, CA 94644
510-538-2983



# Kash Fabrics
37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**
1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138



# Cosmetic & Family Dentistry

# UPPAL DENTAL CARE

50 % Discount for Cash Patients



Charanjit S Uppal
D.D.S.

INVISALIGN

Call for Details
Straighten Teeth
Without Wires

FREE TEETH WHITENING WITH PAID EXAM,
X-RAY & CLEANING.
YOUR INSURANCE USUALLY COVER THESE SERVICES

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Strictly Maintained
Sterilization Standards
Most Insurance
Plans Accepted

1191 W Tennyson Rd. # 4,
Hayward. (CA) 94544
510-786-1780

1750 CLEAR LAKE AVE
Milpitas, CA 95035
408-942-4400

www.uppaldental.com




# Quick Lube & Smog

We rent
U-HAUL

OIL CHANGE & SMOG CHECK STATION

## SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ
ਦਾ ਸਭ ਤੋਂ ਪਹਿਲਾ ਤੇ
ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ
ਦੇ ਨਾਲ ਸਜਾਇਆ
ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ
ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# PREET FABRICS & APPLIANCE

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ,
ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ
ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ
ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ
ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



YOUR ONE-STOP CENTER BOTH FABRICS & APPLIANCES

APPLIANCES & LUGGAGE CROSS,
PARKER PENS, OSTER BLENDERS

Watches (Seiko, Citizen & Swistar)
Shavers & Trimmers
Cellular Phones

## Onkar Singh Saini

5156 Mowry AVE. Fremont. CA 94538
Tel- 510-797-7111

# ਕਿਵੇਂ ਕੰਮ ਕਰਦੀ ਹੈ ਡਿਜੀਟਲ ਮੁਦਰਾ ਅਤੇ ਇਸ ਦੇ ਕੀ ਨੇ ਮਸਲੇ


ਡਾ. ਰਾਜੀਵ ਖੋਸਲਾ

ਪਹਿਲੀ ਨਵੰਬਰ, 2022 ਨੂੰ ਭਾਰਤੀ ਰਿਜ਼ਰਵ ਬੈਂਕ ਨੇ ਥੋਕ ਖੰਡ ਵਿਚ ਡਿਜੀਟਲ ਰੁਪਏ ਦੀ ਸ਼ੁਰੂਆਤ ਕੀਤੀ ਹੈ। ਡਿਜੀਟਲ ਰੁਪਏ ਦਾ ਅਰਥ ਹੈ ਕਿ ਰੁਪਇਆ ਆਪਣੇ ਠੋਸ ਰੂਪ ਦੀ ਥਾਂ ਇਲੈਕਟ੍ਰੌਨਿਕ ਰੂਪ ਵਿਚ ਵਰਤੋਂ 'ਚ ਆਵੇਗਾ। ਅਜ਼ਮਾਇਸ਼ ਦੇ ਤੌਰ 'ਤੇ ਡਿਜੀਟਲ ਰੁਪਏ ਦੀ ਵਰਤੋਂ ਲਈ ਕੇਵਲ 9 ਬੈਂਕਾਂ- ਬੈਂਕ ਆਫ ਬੜੌਦਾ, ਸਟੇਟ ਬੈਂਕ ਆਫ ਇੰਡੀਆ, ਯੂਨੀਅਨ ਬੈਂਕ ਆਫ ਇੰਡੀਆ, ਐਚਡੀਐਫਸੀ ਬੈਂਕ, ਆਈਸੀਆਈਸੀਆਈ ਬੈਂਕ, ਕੋਟਕ ਮਹਿੰਦਰਾ ਬੈਂਕ, ਯੈਸ ਬੈਂਕ, ਆਈਡੀਐਫਸੀ ਫਸਟ ਬੈਂਕ, ਅਤੇ ਐਚਐਸਬੀਸੀ, ਨੂੰ ਹੀ ਸਰਕਾਰੀ ਸਕਿਉਰਿਟੀਜ਼ ਖਰੀਦਣ ਅਤੇ ਵੇਚਣ ਦੀ ਇਜਾਜ਼ਤ ਦਿੱਤੀ ਗਈ ਹੈ।

ਅਜਿਹਾ ਨਹੀਂ ਕਿ ਭਾਰਤ ਕੋਈ ਪਹਿਲਾ ਮੁਲਕ ਹੈ ਜਿੱਥੇ ਡਿਜੀਟਲ ਮੁਦਰਾ ਦੀ ਵਰਤੋਂ ਹੋਵੇਗੀ ਬਲਕਿ ਵਾਸ਼ਿੰਗਟਨ ਡੀਸੀ ਦੀ ਸੁਤੰਤਰ ਸੰਸਥਾ ਅਟਲਾਂਟਿਕ ਕੌਂਸਲ ਅਨੁਸਾਰ ਮਾਰਚ 2022 ਤਕ 87 ਦੇਸ਼ ਡਿਜੀਟਲ ਮੁਦਰਾ ਜਾਰੀ ਕਰਨ ਬਾਰੇ ਵਿਚਾਰ ਕਰ ਰਹੇ ਸਨ। 9 ਦੇਸ਼- ਬਹਾਮਾਸ, ਨਾਈਜੀਰੀਆ ਅਤੇ ਪੂਰਬੀ ਕੈਰੇਬੀਅਨ ਯੂਨੀਅਨ ਦੇ 7 ਦੇਸ਼, ਪਹਿਲਾਂ ਹੀ ਕੇਂਦਰੀ ਬੈਂਕ ਦੇ ਕੰਟਰੋਲ ਵਾਲੀ ਇਹ ਡਿਜੀਟਲ ਮੁਦਰਾ ਜਾਰੀ ਕਰ ਚੁੱਕੇ ਹਨ। ਥੋਕ ਖੰਡ ਵਿਚ ਡਿਜੀਟਲ ਮੁਦਰਾ ਦੀ ਵਰਤੋਂ ਨੂੰ ਇਜਾਜ਼ਤ ਦੇ ਕੇ ਭਾਰਤ ਨੇ ਆਪਣਾ ਨਾਮ ਅਜਿਹੇ ਪਹਿਲੇ ਵੱਡੇ ਦੇਸ਼ਾਂ ਵਿਚ ਦਰਜ ਕਰਵਾਇਆ ਹੈ ਜੋ ਡਿਜੀਟਲ ਮੁਦਰਾ ਬਾਰੇ ਸਰਵੇਖਣ ਕਰ ਰਹੇ ਹਨ। ਹੁਣ ਤਕ ਵੱਡੇ ਦੇਸ਼ਾਂ ਵਿਚ ਚੀਨ ਡਿਜੀਟਲ ਮੁਦਰਾ (ਯੁਆਨ) ਵਿਕਸਤ ਕਰਨ ਵਿਚ ਮੋਹਰੀ ਰਿਹਾ ਹੈ। ਚੀਨ ਨੇ ਆਪਣੀ ਡਿਜੀਟਲ ਯੁਆਨ ਮੁਹਿੰਮ ਦੀ ਸ਼ੁਰੂਆਤੀ ਅਜ਼ਮਾਇਸ਼ ਜੂਨ 2021 ਵਿਚ ਬੇਹੱਦ ਅਨੋਖੇ ਅੰਦਾਜ਼ ਵਿਚ ਲਾਟਰੀਆਂ ਰਾਹੀਂ ਕੀਤੀ। ਚੀਨ ਦੀ ਰਾਜਧਾਨੀ ਪੇਈਚਿੰਗ ਵਿਚ ਸਥਾਨਕ ਸਰਕਾਰ ਨੇ ਸਰਕਾਰੀ ਵੈੱਬਸਾਈਟ 'ਤੇ ਨੋਟਿਸ ਜਾਰੀ ਕਰਕੇ ਆਮ ਲੋਕਾਂ ਨੂੰ ਖਾਸ ਕਿਸਮ ਦੀ ਲਾਟਰੀ ਵਿਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ ਜਿਸ ਅਨੁਸਾਰ ਲਾਟਰੀ ਲੱਗਣ 'ਤੇ 2 ਲੱਖ ਜੇਤੂਆਂ ਨੂੰ 200 ਡਿਜੀਟਲ ਯੁਆਨ (ਲਗਭਗ 31.50 ਡਾਲਰ) ਐਪ ਰਾਹੀਂ




ਮਿਲਣ ਦੀ ਪੇਸ਼ਕਸ਼ ਕੀਤੀ ਸੀ। ਜੇਤੂਆਂ ਦੀ ਇਨਾਮੀ ਰਾਸ਼ੀ 20 ਜੂਨ ਤੱਕ ਐਪ ਡਾਊਨਲੋਡ ਕਰ ਕੇ ਪੇਈਚਿੰਗ ਦੇ ਆਲੇ-ਦੁਆਲੇ ਮਨੋਨੀਤ ਵਪਾਰੀਆਂ ਕੋਲ ਹੀ ਖਰਚ ਕਰਨ ਦੀ ਸ਼ਰਤ ਵੀ ਸੀ। ਇਸ ਤਰ੍ਹਾਂ ਲੋਕਾਂ ਨੂੰ ਪਤਾ ਨਹੀਂ ਲੱਗਾ ਕਿ ਕਿਵੇਂ ਚੀਨੀ ਸਰਕਾਰ ਨੇ ਉਨ੍ਹਾਂ ਦੇ ਜ਼ਰੀਏ ਡਿਜੀਟਲ ਯੁਆਨ ਦੀ ਅਜ਼ਮਾਇਸ਼ ਵੀ ਕਰ ਲਈ ਹੈ। ਭਾਰਤੀ ਸਰਕਾਰ ਅਤੇ ਕੇਂਦਰੀ ਬੈਂਕ ਨੇ ਇਸ ਦੇ ਉਲਟ ਡਿਜੀਟਲ ਰੁਪਏ ਦੀ ਪਰਖ ਆਮ ਲੋਕਾਂ ਦੀ ਥਾਈਂ ਬੈਂਕਾਂ ਰਾਹੀਂ ਥੋਕ ਆਧਾਰ 'ਤੇ ਕਰਨ ਦੀ ਚੋਣ ਕੀਤੀ।

ਹੁਣ ਤਕ ਅਸੀਂ ਮੁਦਰਾ ਦੀ ਦੋ ਪੱਧਰੀ ਪ੍ਰਣਾਲੀ ਦੀ ਵਰਤੋਂ ਕਰ ਰਹੇ ਹਾਂ। ਪਹਿਲੇ ਪੜਾਅ ਵਿਚ ਕੇਂਦਰੀ ਬੈਂਕ ਜਿਸ ਕੋਲ ਮੁਦਰਾ ਛਾਪਣ ਦੀ ਸ਼ਕਤੀ ਹੈ, ਬੈਂਕਾਂ ਰਾਹੀਂ ਮੁਦਰਾ ਦਾ ਵਹਾਅ ਘਟਾਉਂਦਾ ਜਾਂ ਵਧਾਉਂਦਾ ਹੈ। ਦੂਜੇ ਪੜਾਅ ਵਿਚ ਵੱਖੋ-ਵੱਖ ਬੈਂਕ ਆਪਣੇ ਖਾਤਾ ਧਾਰਕਾਂ ਨੂੰ ਪੈਸੇ ਦੀ ਜਮ੍ਹਾਂ ਅਤੇ ਨਿਕਾਸੀ ਦੀ ਸਹੂਲਤ ਦਿੰਦੇ ਹਨ। ਕੁਝ ਵਰ੍ਹਿਆਂ ਦੌਰਾਨ ਅਸੀਂ ਪੈਸੇ ਦੇ ਭੁਗਤਾਨ ਦੇ ਬਹੁਤ ਸਾਰੇ ਨਵੇਂ ਸਰੋਤ ਦੇਖੇ ਹਨ; ਜਿਵੇਂ ਡੈਬਿਟ ਤੇ ਕ੍ਰੈਡਿਟ ਕਾਰਡ, ਆਨਲਾਈਨ, ਯੂਪੀਆਈ ਭੁਗਤਾਨ ਆਦਿ ਪਰ ਇਹ ਸਾਰੀਆਂ ਸਹੂਲਤਾਂ ਸਾਨੂੰ ਬੈਂਕਾਂ ਜਾਂ ਵਿੱਤੀ ਤਕਨੀਕੀ ਕੰਪਨੀਆਂ (ਪੇਟੀਐਮ, ਫੋਨ ਪੇ, ਗੂਗਲ ਪੇ ਆਦਿ) ਦੁਆਰਾ ਦਿੱਤੀਆਂ ਗਈਆਂ ਹਨ। ਇਹਨਾਂ ਭੁਗਤਾਨਾਂ ਦੇ ਪਿੱਛੇ ਸਾਡੀ ਜਮ੍ਹਾਂ ਕੀਤੀ ਰਕਮ ਖਾਤੇ ਵਿਚ ਦਰਜ ਹੈ ਜਿਸ ਨੂੰ ਭਾਵੇਂ ਅਸੀਂ ਬੈਂਕ ਕੋਲੋਂ ਕਢਵਾ ਕੇ ਠੋਸ ਰੂਪ ਵਿਚ ਖਰਚ ਕਰ ਸਕਦੇ ਹਾਂ ਜਾਂ ਬੈਂਕਾਂ ਦੁਆਰਾ ਦਿੱਤੀਆਂ ਇਹਨਾਂ ਸਹੂਲਤਾਂ ਰਾਹੀਂ ਖਰਚ ਕਰ ਸਕਦੇ ਹਾਂ ਪਰ ਡਿਜੀਟਲ ਰੁਪਏ ਦਾ ਖਾਤਾਧਾਰਕਾਂ ਕੋਲ ਪੈਸੇ ਨੂੰ ਠੋਸ ਰੂਪ ਵਿਚ ਖਰਚ ਕਰਨ ਵਾਲਾ ਬਦਲ ਮੌਜੂਦ ਨਹੀਂ ਹੋਵੇਗਾ। ਭੁਗਤਾਨ ਕਰਨ ਲਈ ਕਿਸੇ ਇਲੈਕਟ੍ਰੌਨਿਕ ਜੰਤਰ (ਜਿਵੇਂ ਮੋਬਾਈਲ ਫੋਨ) ਰਾਹੀਂ ਬਾਰਕੋਡ ਸਕੈਨ ਕਰਨਾ ਪਵੇਗਾ ਜਾਂ ਫਿਰ ਮੋਬਾਈਲ ਐਪ ਦਾ ਸਹਾਰਾ ਲੈਣਾ ਪਵੇਗਾ। ਕੇਂਦਰੀ ਬੈਂਕ ਡਿਜੀਟਲ ਮੁਦਰਾ ਦੇ ਪੱਖ 'ਤੇ ਬੜੀ ਬੇਬਾਕੀ ਨਾਲ ਖੜ੍ਹੇ ਹੁੰਦੇ ਦਿਸਦੇ ਹਨ। ਇਹਨਾਂ ਦਾ ਮੰਨਣਾ ਹੈ ਕਿ ਡਿਜੀਟਲ ਮੁਦਰਾ ਦੀ ਵਰਤੋਂ ਵਧਣ ਨਾਲ ਬਹੁ-ਪੱਖੀ ਲਾਭ ਪ੍ਰਾਪਤ ਹੋਣਗੇ।

ਇਹਨਾਂ ਵਿਚ ਮੁੱਖ ਤੌਰ 'ਤੇ ਸ਼ਾਮਲ ਹਨ ਬਿਮਾਰੀ ਸਬੰਧੀ ਸਮੱਸਿਆਵਾਂ ਤੋਂ ਛੁਟਕਾਰਾ ਕਿਉਂਕਿ ਮੌਜੂਦਾ ਹਾਲਾਤ ਵਿਚ ਨੋਟਾਂ ਦੇ ਇਕ ਹੱਥ ਤੋਂ ਦੂਜੇ ਹੱਥ ਤਬਦੀਲ ਹੋਣ ਕਾਰਨ ਕਈ ਕਿਸਮ ਦੀਆਂ ਬਿਮਾਰੀਆਂ ਵੀ ਤਬਦੀਲ ਹੁੰਦੀਆਂ ਹਨ। ਇਸ ਦੇ ਨਾਲ ਹੀ ਨੋਟ ਫਟਣ ਦਾ ਵੀ ਕੋਈ ਡਰ ਨਹੀਂ ਹੋਵੇਗਾ।

ਪ੍ਰਾਈਵੇਟ ਕੰਪਨੀਆਂ ਜਿਵੇਂ ਪੇਟੀਐਮ, ਫੋਨ ਪੇ, ਗੂਗਲ ਪੇ ਆਦਿ ਜੋ ਤਕਨੀਕ ਆਧਾਰਿਤ ਹਨ, ਉੱਤੇ ਵੀ ਲੋਕਾਂ ਦੀ ਨਿਰਭਰਤਾ ਘਟਾਈ ਜਾ ਸਕੇਗੀ। ਨਕਲੀ ਮੁਦਰਾ ਦੇ ਪ੍ਰਵਾਹ ਉੱਤੇ ਰੋਕ ਲੱਗੇਗੀ ਤੇ ਛਪਾਈ ਦੇ ਖਰਚ ਤੋਂ ਵੀ ਵੱਡੇ ਪੱਧਰ 'ਤੇ ਛੁਟਕਾਰਾ ਮਿਲੇਗਾ। 2021-22 ਦੌਰਾਨ ਭਾਰਤੀ ਰਿਜ਼ਰਵ ਬੈਂਕ ਨੇ ਲਗਭਗ 4985 ਕਰੋੜ ਰੁਪਏ ਦੀ ਰਕਮ ਕੇਵਲ ਨੋਟਾਂ ਦੀ ਛਪਾਈ ਉੱਤੇ ਹੀ ਖਰਚ ਕੀਤੀ ਹੈ। ਛਪਾਈ ਦੀ ਲਾਗਤ 2016-17 ਵਿਚ ਨੋਟਬੰਦੀ ਤੋਂ ਬਾਅਦ 7965 ਕਰੋੜ ਰੁਪਏ ਤੱਕ ਜਾ ਪੁੱਜੀ ਸੀ।

# ਟੀ-20 ਵਿਸ਼ਵ ਕੱਪ ਇੰਗਲੈਂਡ ਨੇ ਜਿੱਤਿਆ



ਇੰਗਲੈਂਡ ਨੇ ਪਾਕਿਸਤਾਨ ਨੂੰ 5 ਵਿਕਟਾਂ ਨਾਲ ਹਰਾ ਕੇ ਟੀ-20 ਵਿਸ਼ਵ ਕੱਪ ਜਿੱਤ ਲਿਆ ਹੈ। ਪਾਕਿਸਤਾਨ ਨੇ ਮੈਲਬਰਨ ਵਿੱਚ ਖੇਡੇ ਗਏ ਫਾਈਨਲ ਮੈਚ ਵਿੱਚ ਇੰਗਲੈਂਡ ਨੂੰ ਜਿੱਤ ਦੇ ਲਈ 138 ਦੌੜਾਂ ਦੀ ਚੁਣੌਤੀ ਦਿੱਤੀ ਸੀ। ਬੇਨ ਸਟੋਕਸ ਦੀ ਹਾਫ ਸੈਂਚੁਰੀ ਦੀ ਮਦਦ ਨਾਲ ਇੰਗਲੈਂਡ ਨੇ 19ਵੇਂ ਓਵਰ ਦੀ ਆਖਰੀ ਗੇਂਦ 'ਤੇ ਟੀਚਾ ਹਾਸਲ ਕਰ ਲਿਆ। ਬੇਨ ਸਟੋਕਸ 49 ਗੇਂਦਾਂ ਉੱਤੇ 52 ਦੌੜਾਂ ਬਣ ਕੇ ਨਾਬਾਦ ਰਹੇ। ਇਹ ਸਟੋਕਸ ਦੀ ਟੀ-20 ਵਿੱਚ ਪਹਿਲੀ ਹਾਫ ਸੈਂਚੁਰੀ ਹੈ। ਸ਼ਾਹੀਦ ਸ਼ਾਹ ਅਫਰੀਦੀ ਨੂੰ 16ਵੇਂ ਓਵਰ ਵਿੱਚ ਸੱਟ ਲੱਗਣਾ ਪਾਕਿਸਤਾਨ ਉੱਤੇ ਭਾਰੀ ਪਿਆ। ਉਦੋਂ ਤੱਕ ਪਾਕਿਸਤਾਨ ਟੀਮ ਮੁਕਾਬਲੇ ਵਿੱਚ ਬਣੀ ਹੋਈ ਸੀ।

ਇੰਗਲੈਂਡ ਟੀਮ ਵਨਡੇ ਦੀ ਵੀ ਵਰਲਡ ਚੈਂਪੀਅਨ ਹੈ। ਇੱਕ ਹੀ ਸਮੇਂ ਵਿੱਚ ਵਨਡੇ ਅਤੇ ਟੀ-20 ਵਰਲਡ ਕੱਪ ਜਿੱਤਣ ਵਾਲੀ ਇੰਗਲੈਂਡ ਪਹਿਲੀ ਟੀਮ ਬਣ ਗਈ ਹੈ। ਮੈਦਾਨ ਵਿੱਚ ਮੌਜੂਦ 80 ਹਜ਼ਾਰ ਤੋਂ ਵੱਧ ਦਰਸ਼ਕਾਂ ਦੇ ਸਾਹਮਣੇ ਛੋਟੇ ਸਕੋਰ ਦਾ ਬਚਾਅ ਕਰ ਰਹੀ ਪਾਕਿਸਤਾਨ ਟੀਮ ਨੂੰ ਸ਼ਾਹੀਨ ਸ਼ਾਹ ਅਫਰੀਦੀ ਅਤੇ ਹਾਰਿਸ ਰਊਫ ਨੇ ਗੇਂਦ ਤੋਂ ਚੰਗੀ ਸ਼ੁਰੂਆਤ ਦੁਆਈ। ਪਾਕਿਸਤਾਨ ਦੇ ਗੇਂਦਬਾਜ਼ਾਂ ਨੇ ਮੈਚ ਨੂੰ ਰੋਮਾਂਚਕ ਬਣਾ ਦਿੱਤਾ ਸੀ ਪਰ ਬੇਨ ਸਟੋਕਸ ਨੇ ਇੰਗਲੈਂਡ ਨੂੰ ਜਿੱਤ ਦੁਆ ਦਿੱਤੀ। ਸ਼ਾਹੀਨ ਸ਼ਾਹ ਅਫਰੀਦੀ ਨੇ ਪਹਿਲੇ ਹੀ ਓਵਰ ਵਿੱਚ ਓਪਨਰ ਐਲੇਕਸ ਹੇਲਸ ਨੂੰ 1 ਦੌੜ ਉੱਤੇ ਬੋਲਡ ਕਰ ਦਿੱਤਾ। ਹਾਰਿਸ ਰਊਫ ਨੇ ਚੌਥੇ ਓਵਰ ਵਿੱਚ ਫਿਲ ਸੌਲਟ (10 ਦੌੜਾਂ, ਨੌ ਗੇਂਦ) ਨੂੰ ਇਫ਼ਤਖਾਰ ਅਹਿਮਦ ਦੇ ਹੱਥੋਂ ਕੈਚ ਕਰਾਇਆ। ਆਪਣੇ ਦੂਜੇ ਓਵਰ ਵਿੱਚ ਉਨ੍ਹਾਂ ਨੇ ਇੰਗਲੈਂਡ ਦੇ ਕਪਤਾਨ ਬਟਲਰ (26 ਦੌੜਾਂ, 17 ਗੇਂਦਾਂ) ਨੂੰ ਵੀ ਆਊਟ ਕਰ ਦਿੱਤਾ। ਹੈਰੀ ਬਰੂਕ (20 ਦੌੜਾਂ) ਦੇ ਰੂਪ ਵਿੱਚ ਪਾਕਿਸਤਾਨ ਨੂੰ ਚੌਥੀ ਕਾਮਯਾਬੀ ਸ਼ਾਦਾਬ ਖਾਨ ਨੇ ਦੁਆਈ।

ਪਾਕਿਸਤਾਨ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਇੰਗਲੈਂਡ ਨੂੰ 138 ਦੌੜਾਂ ਦੀ ਚੁਣੌਤੀ ਦਿੱਤੀ ਸੀ। ਸ਼ਾਹੀਦ ਸ਼ਾਹ ਅਫ਼ਰੀਦੀ ਨੂੰ 16ਵੇਂ ਓਵਰ ਵਿੱਚ ਸੱਟ ਲੱਗਣਾ ਪਾਕਿਸਤਾਨ ਉੱਤੇ ਭਾਰੀ ਪਿਆ। ਇੰਗਲੈਂਡ ਦੀ ਟੀਮ ਨੇ 6 ਗੇਂਦਾਂ ਬਾਕੀ ਰਹਿੰਦੀਆਂ, 5 ਵਿਕਟਾਂ ਦੇ ਨੁਕਸਾਨ 'ਤੇ ਪਾਕਿਸਤਾਨ ਨੂੰ ਹਰਾ ਦਿੱਤਾ। ਇਸ ਜਿੱਤ ਦੇ ਨਾਲ, ਇੱਕ ਹੀ ਸਮੇਂ ਵਿੱਚ ਵਨਡੇ ਅਤੇ ਟੀ-20 ਵਰਲਡ ਕੱਪ ਜਿੱਤਣ ਵਾਲੀ ਇੰਗਲੈਂਡ ਪਹਿਲੀ ਟੀਮ ਬਣ ਗਈ ਹੈ। ਪਹਿਲਾ ਵਿਕਟ ਡਿੱਗਿਆ ਤਾਂ ਇੰਗਲੈਂਡ ਦਾ ਸਕੋਰ ਸੀ 7 ਦੌੜਾਂ। ਇੰਗਲੈਂਡ ਦੇ ਕਪਤਾਨ ਜੋਸ ਬਟਲਰ ਚੰਗੀ ਫਾਰਮ ਵਿੱਚ ਨਜ਼ਰ ਆ ਰਹੇ ਸਨ।

ਦੂਜੇ ਓਵਰ ਵਿੱਚ ਉਨ੍ਹਾਂ ਨੇ ਨਸੀਮ ਸ਼ਾਹ ਦੀ ਗੇਂਦ ਉੱਤੇ ਲਗਾਤਾਰ ਦੋ ਚੌਕੇ ਲਗਾਏ। ਤੀਜੇ ਨੰਬਰ ਉੱਤੇ ਆਏ ਫਿਲ ਸਾਲਟ ਨੇ ਵੀ ਇਸ ਓਵਰ ਵਿੱਚ ਚੌਕਾ ਜੜਿਆ। ਬਟਲਰ ਨੇ ਸ਼ਾਹੀਨ ਅਫਰੀਦੀ ਦੇ ਦੂਜੇ ਓਵਰ ਵਿੱਚ ਵੀ ਇੱਕ ਚੌਕਾ ਜਮਾਇਆ। ਇਸ ਓਵਰ ਵਿੱਚ ਇੰਗਲੈਂਡ ਦੇ ਬੱਲੇਬਾਜ਼ਾਂ ਨੇ 7 ਦੌੜਾਂ ਜੋੜੀਆਂ। ਪਾਕਿਸਤਾਨ ਦੇ ਕਪਤਾਨ ਬਾਬਰ ਆਜ਼ਮ ਨੇ ਚੌਥੇ ਓਵਰ ਵਿੱਚ ਹਾਰਿਸ ਰਊਫ਼ ਨੂੰ ਗੇਂਦ ਦਿੱਤੀ। ਫਿਲ ਸਾਲਟ ਨੇ ਉਨ੍ਹਾਂ ਦੇ ਓਵਰ ਦੀ ਪਹਿਲੀ ਗੇਂਦ ਉੱਤੇ ਚੌਕਾ ਲਗਾਇਆ ਪਰ ਹਾਰਿਸ ਨੇ ਜ਼ੋਰਦਾਰ ਵਾਪਸੀ ਕੀਤੀ ਅਤੇ ਤੀਜੀ ਗੇਂਦ ਉੱਤੇ ਸਾਲਟ ਨੂੰ ਪੈਵੇਲੀਅਨ ਭੇਜ ਦਿੱਤਾ। ਦੂਜਾ ਵਿਕਟ ਡਿੱਗਿਆ ਤਾਂ ਇੰਗਲੈਂਡ ਦਾ ਸਕੋਰ ਸੀ 32 ਦੌੜਾਂ। ਪੰਜਵੇਂ ਓਵਰ ਵਿੱਚ ਨਸੀਮ ਸ਼ਾਹ ਦੀ ਗੇਂਦ 'ਤੇ ਬਟਲਰ ਨੇ ਕੀਪਰ ਦੇ ਉੱਪਰੋਂ ਛੱਕਾ ਜੜਿਆ। ਇਸ ਓਵਰ ਵਿੱਚ 11 ਦੌੜਾਂ ਬਣੀਆਂ। ਛੇਵੇਂ ਓਵਰ ਵਿੱਚ ਹਾਰਿਸ ਰਊਫ਼ ਨੂੰ ਮੁਹੰਮਦ ਰਿਜ਼ਵਾਨ ਦੇ ਹੱਥੋਂ ਕੈਚ ਕਰਵਾ ਦਿੱਤਾ। ਤੀਜਾ ਵਿਕਟ ਡਿੱਗਿਆ ਤਾਂ ਇੰਗਲੈਂਡ ਦਾ ਸਕੋਰ ਸੀ 45 ਦੌੜਾਂ। ਪਾਵਰ ਪਲੇ ਦੇ 6 ਓਵਰ ਤੋਂ ਬਾਅਦ ਇੰਗਲੈਂਡ ਦੀ ਟੀਮ ਦੇ ਖਾਤੇ ਵਿੱਚ 49 ਦੌੜਾਂ ਆ ਚੁੱਕੀਆਂ ਸਨ।

ਬਾਬਰ ਆਜ਼ਮ ਨੇ ਸੱਤਵੇਂ ਓਵਰ ਵਿੱਚ ਸ਼ਾਦਾਬ ਖਾਨ ਨੂੰ ਗੇਂਦ ਫੜਾਈ। ਇੰਗਲੈਂਡ ਦੀ ਪਾਰੀ ਦੀਆਂ 50 ਦੌੜਾਂ ਇਸੇ ਓਵਰ 'ਚ ਪੂਰੀਆਂ ਹੋਈਆਂ। 10 ਓਵਰਾਂ ਤੋਂ ਬਾਅਦ ਇੰਗਲੈਂਡ ਦੇ ਖਾਤੇ 'ਚ 77 ਦੌੜਾਂ ਆ ਚੁੱਕੀਆਂ ਸਨ। ਆਖਰੀ ਦਸ ਓਵਰਾਂ ਵਿੱਚ ਇੰਗਲੈਂਡ ਨੂੰ ਜਿੱਤ ਲਈ 61 ਦੌੜਾਂ ਦੀ ਲੋੜ ਸੀ। ਬੇਨ ਸਟੋਕਸ ਅਤੇ ਹੈਰੀ ਬਰੂਕ ਦੀ ਜੋੜੀ ਦੌੜਾਂ ਬਣਾਉਣ ਦੇ ਹਰ ਮੌਕੇ ਦਾ ਫਾਇਦਾ ਉਠਾ ਰਹੀ ਸੀ ਅਤੇ ਮੈਚ ਨੂੰ ਪਾਕਿਸਤਾਨ ਦੀ ਪਕੜ ਤੋਂ ਦੂਰ ਲੈ ਜਾ ਰਹੀ ਸੀ। ਸ਼ਾਦਾਬ ਖਾਨ ਦੀ ਮਦਦ ਨਾਲ ਪਾਕਿਸਤਾਨ ਨੂੰ ਚੌਥੀ ਸਫਲਤਾ ਮਿਲੀ। 13ਵੇਂ ਓਵਰ ਵਿੱਚ ਉਨ੍ਹਾਂ ਨੇ ਬਰੂਕ (20 ਦੌੜਾਂ, 23 ਗੇਂਦਾਂ) ਨੂੰ ਅਫ਼ਰੀਦੀ ਹੱਥੋਂ ਕੈਚ ਕਰਵਾਇਆ। ਬਰੂਕ ਅਤੇ ਸਟੋਕਸ ਨੇ ਚੌਥੀ ਵਿਕਟ ਲਈ 39 ਦੌੜਾਂ ਦੀ ਸਾਂਝੇਦਾਰੀ ਨਿਭਾਈ।ਸਟੋਕਸ ਵੀ 14ਵੇਂ ਓਵਰ 'ਚ ਰਨਆਊਟ ਹੋ ਸਕਦੇ ਸਨ ਪਰ ਰਾਊਫ਼ ਦਾ ਥ੍ਰੋਅ ਸਟੰਪ 'ਤੇ ਨਹੀਂ ਲੱਗਿਆ। ਇੰਗਲੈਂਡ ਨੇ 15ਵੇਂ ਓਵਰ ਵਿੱਚ ਅੱਠ ਦੌੜਾਂ ਬਣਾਈਆਂ। ਰਾਊਫ਼ ਦੇ ਇਸ ਓਵਰ 'ਚ ਸਟੋਕਸ ਨੇ ਇੱਕ ਚੌਕਾ ਵੀ ਜੜਿਆ।

19ਵੇਂ ਓਵਰ ਵਿੱਚ ਮੁਹੰਮਦ ਵਸੀਮ ਨੇ ਮੋਇਨ ਅਲੀ (19 ਦੌੜਾਂ, 12 ਗੇਂਦਾਂ) ਨੂੰ ਬੋਲਡ ਆਊਟ ਕੀਤਾ। ਇੰਗਲੈਂਡ ਦੀ ਪੰਜਵੀਂ ਵਿਕਟ 132 ਦੌੜਾਂ ਦੇ ਸਕੋਰ 'ਤੇ ਡਿੱਗੀ। ਇਸ ਤੋਂ ਪਹਿਲਾਂ ਪਾਕਿਸਤਾਨ ਦੇ ਬੱਲੇਬਾਜ਼ਾਂ ਨੇ 20 ਓਵਰਾਂ 'ਚ ਅੱਠ ਵਿਕਟਾਂ ਦੇ ਨੁਕਸਾਨ 'ਤੇ 137 ਦੌੜਾਂ ਬਣਾਈਆਂ। ਪਾਕਿਸਤਾਨ ਵੱਲੋਂ ਸਭ ਤੋਂ ਵੱਧ ਦੌੜਾਂ ਸ਼ਾਨ ਮਸੂਦ (38 ਦੌੜਾਂ, 28 ਗੇਂਦਾਂ) ਨੇ ਬਣਾਈਆਂ, ਪਰ ਪਾਕਿਸਤਾਨ ਦੀ ਟੀਮ ਆਖਰੀ ਪੰਜ ਓਵਰਾਂ ਵਿੱਚ 31 ਦੌੜਾਂ ਹੀ ਬਣਾ ਸਕੀ। ਟਾਸ ਜਿੱਤਣ ਤੋਂ ਬਾਅਦ ਇੰਗਲੈਂਡ ਦੇ ਗੇਂਦਬਾਜ਼ ਇੱਕ ਵਾਰ ਫਿਰ ਚੰਗਾ ਪ੍ਰਦਰਸ਼ਨ ਕਰਨ 'ਚ ਕਾਮਯਾਬ ਰਹੇ।

ਡਬਲ ਬਾਊਂਸ (ਦੂਹਰੇ ਉਛਾਲ) ਵਾਲੀ ਪਿੱਚ 'ਤੇ ਉਨ੍ਹਾਂ ਨੇ ਯੋਜਨਾ ਮੁਤਾਬਕ ਗੇਂਦਬਾਜ਼ੀ ਕੀਤੀ ਅਤੇ ਪਾਕਿਸਤਾਨੀ ਬੱਲੇਬਾਜ਼ਾਂ ਨੂੰ ਰੋਕ ਕੇ ਰੱਖਿਆ। ਇੰਗਲੈਂਡ ਲਈ ਸੈਮ ਕਰਨ ਨੇ ਚਾਰ ਓਵਰਾਂ ਵਿੱਚ 12 ਦੌੜਾਂ ਦੇ ਕੇ ਤਿੰਨ ਵਿਕਟਾਂ ਝਟਕੀਆਂ। ਪਾਕਿਸਤਾਨ ਦੇ ਬੱਲੇਬਾਜ਼ ਉਨ੍ਹਾਂ ਖ਼ਿਲਾਫ਼ ਕੋਈ ਚੌਕਾ ਜਾਂ ਛੱਕਾ ਨਹੀਂ ਲਗਾ ਸਕੇ।

ਇਸ ਦੇ ਨਾਲ ਹੀ ਆਦਿਲ ਰਾਸ਼ਿਦ ਨੇ 22 ਦੌੜਾਂ ਦੇ ਕੇ 2 ਵਿਕਟਾਂ ਲਈਆਂ। ਉਨ੍ਹਾਂ ਦੇ ਚਾਰ ਓਵਰਾਂ ਵਿੱਚ ਪਾਕਿਸਤਾਨ ਦੇ ਬੱਲੇਬਾਜ਼ ਸਿਰਫ਼ ਇੱਕ ਚੌਕਾ ਹੀ ਲਗਾ ਸਕੇ। ਇਸੇ ਤਰ੍ਹਾਂ ਕ੍ਰਿਸ ਜੌਰਡਨ ਨੇ 27 ਦੌੜਾਂ ਦੇ ਕੇ ਦੋ ਵਿਕਟਾਂ ਲਈਆਂ। ਪਾਕਿਸਤਾਨ ਦੇ ਸਿਖਰਲੇ ਕ੍ਰਮ ਦੇ ਬੱਲੇਬਾਜ਼ ਇੰਗਲੈਂਡ ਦੇ ਗੇਂਦਬਾਜ਼ਾਂ ਅੱਗੇ ਜੂਝਦੇ ਨਜ਼ਰ ਆਏ। ਪਾਕਿਸਤਾਨ ਟੀਮ ਦੇ ਕਪਤਾਨ ਬਾਬਰ ਆਜ਼ਮ (32 ਦੌੜਾਂ, 28), ਮੁਹੰਮਦ ਰਿਜ਼ਵਾਨ (15 ਦੌੜਾਂ, 14 ਗੇਂਦਾਂ), ਮੁਹੰਮਦ ਹੈਰਿਸ (8 ਦੌੜਾਂ, 12 ਗੇਂਦਾਂ) ਅਤੇ ਇਫ਼ਤਿਖਾਰ ਅਹਿਮਦ (ਜ਼ੀਰੋ) ਨਾਲ ਟੀਮ ਦੀਆਂ ਉਮੀਦਾਂ 'ਤੇ ਖਰੇ ਨਹੀਂ ਉਤਰ ਸਕੇ। ਇਨ੍ਹਾਂ ਚਾਰ ਬੱਲੇਬਾਜ਼ਾਂ ਨੇ ਮਿਲ ਕੇ 60 ਗੇਂਦਾਂ ਖੇਡੀਆਂ ਅਤੇ 55 ਦੌੜਾਂ ਬਣਾਈਆਂ।

ਇਨ੍ਹਾਂ ਚਾਰਾਂ ਦੇ ਬੱਲੇ ਤੋਂ ਸਿਰਫ਼ ਤਿੰਨ ਚੌਕੇ ਅਤੇ ਇੱਕ ਛੱਕਾ ਨਿਕਲਿਆ। 16ਵੇਂ ਓਵਰ 'ਚ ਅਫ਼ਰੀਦੀ ਜ਼ਖ਼ਮੀ ਹੋ ਕੇ ਬਾਹਰ ਹੋ ਗਏ ਅਤੇ ਇਫ਼ਤਿਖਾਰ ਗੇਂਦਬਾਜ਼ੀ ਲਈ ਆਏ। ਸਟੋਕਸ ਨੇ ਓਵਰ ਦੀ ਚੌਥੀ ਗੇਂਦ 'ਤੇ ਚੌਕਾ ਅਤੇ ਪੰਜਵੀਂ ਗੇਂਦ 'ਤੇ ਛੱਕਾ ਜੜਿਆ। ਮੋਇਨ ਅਲੀ ਨੇ ਮੁਹੰਮਦ ਵਸੀਮ ਦੇ ਓਵਰ ਵਿੱਚ ਤਿੰਨ ਚੌਕੇ ਜੜੇ। ਇਹ ਇੰਗਲੈਂਡ ਦੀ ਪਾਰੀ ਦਾ 17ਵਾਂ ਓਵਰ ਸੀ ਅਤੇ ਮੈਚ ਇੰਗਲੈਂਡ ਵੱਲ ਝੁਕ ਗਿਆ।

# ਡੇਰਾ ਪ੍ਰੇਮੀ ਕਾਤਲ 'ਚ ਪੰਜਾਬੀ 'ਵਰਸਿਟੀ ਦੇ ਦੋ ਵਿਦਿਆਰਥੀ ਗ੍ਰਿਫ਼ਤਾਰ

ਪਟਿਆਲਾ- ਸਥਾਨਕ ਪੁਲੀਸ ਵੱਲੋਂ ਅੱਜ ਪੰਜਾਬੀ ਯੂਨੀਵਰਸਿਟੀ ਦੇ ਦੋ ਵਿਦਿਆਰਥੀਆਂ ਨੂੰ ਕੋਟਕਪੂਰਾ ਵਿਚ ਡੇਰਾ ਪ੍ਰੇਮੀ ਪਰਦੀਪ ਕੁਮਾਰ ਨੂੰ ਕਤਲ ਕਰਨ ਦੇ ਮਾਮਲੇ ਵਿੱਚ ਸ਼ਾਮਲ ਮੁਲਜ਼ਮਾਂ ਨੂੰ ਪਨਾਹ ਦੇਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਸੀਆਈਏ ਸਟਾਫ ਪਟਿਆਲਾ ਦੇ ਇੰਚਾਰਜ ਸ਼ਮਿੰਦਰ ਸਿੰਘ ਤੇ ਕੋਟਕਪੂਰਾ ਤੋਂ ਆਈ ਪੁਲੀਸ ਪਾਰਟੀ ਵੱਲੋਂ ਕੀਤੀ ਗਈ ਸਾਂਝੀ ਕਾਰਵਾਈ ਦੌਰਾਨ ਅੱਜ ਉਕਤ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਬਾਹਰੋਂ ਕਾਬੂ ਕੀਤਾ ਗਿਆ। ਗ੍ਰਿਫ਼ਤਾਰ ਕੀਤੇ ਗਏ ਇਨ੍ਹਾਂ ਵਿਦਿਆਰਥੀਆਂ ਵਿੱਚੋਂ ਇਕ ਕਿਸੇ ਪੁਲੀਸ ਅਧਿਕਾਰੀ ਦਾ ਪੁੱਤਰ ਦੱਸਿਆ ਜਾ ਰਿਹਾ ਹੈ। ਸੂਤਰਾਂ ਅਨੁਸਾਰ ਹਿਰਾਸਤ 'ਚ ਲਏ ਜਾਣ ਮਗਰੋਂ ਸੀਆਈਏ ਸਟਾਫ ਪਟਿਆਲਾ ਵਿਚ ਮੁੱਢਲੀ ਪੁੱਛ-ਪੜਤਾਲ ਕਰਨ ਤੋਂ ਬਾਅਦ ਉਕਤ ਦੋਵੇਂ ਵਿਦਿਆਰਥੀਆਂ ਨੂੰ ਕੋਟਕਪੂਰਾ ਪੁਲੀਸ ਹਵਾਲੇ ਕਰ ਦਿੱਤਾ ਗਿਆ ਹੈ, ਪਰ ਹਾਲੇ ਕਿਸੇ ਅਧਿਕਾਰੀ ਵੱਲੋਂ ਇਸ ਦੀ ਪੁਸ਼ਟੀ ਨਹੀਂ ਕੀਤੀ ਗਈ। ਚਰਚਾ ਹੈ ਕਿ ਉਕਤ ਵਿਦਿਆਰਥੀਆਂ ਵੱਲੋਂ ਆਪਣੇ ਦੋਸਤ ਦੇ ਕਹਿਣ 'ਤੇ ਇਸ ਠਹਿਰ ਦਾ ਪ੍ਰਬੰਧ ਕੀਤਾ ਗਿਆ ਸੀ। ਹਾਲਾਂਕਿ ਦੋਵੇਂ ਹੀ ਵਿਦਿਆਰਥੀਆਂ ਨੂੰ ਉਕਤ ਵਿਅਕਤੀਆਂ ਬਾਰੇ ਕੋਈ ਜਾਣਕਾਰੀ ਨਹੀਂ ਸੀ।

# ਪੰਜਾਬ ਦੇ ਦਰਜਨ ਪੀਸੀਐੱਸ ਅਫ਼ਸਰ ਘਿਰੇ

ਚੰਡੀਗੜ੍ਹ- ਪੰਜਾਬ ਸਰਕਾਰ ਨੇ ਗੱਡੀਆਂ ਦੀ ਰਜਿਸਟ੍ਰੇਸ਼ਨ 'ਚ ਹੋਏ ਘਪਲੇ 'ਚ ਸ਼ਾਮਲ ਕਰੀਬ ਦਰਜਨ ਪੀਸੀਐਸ ਅਫ਼ਸਰਾਂ 'ਤੇ ਨਿਸ਼ਾਨਾ ਸਾਧ ਲਿਆ ਹੈ। ਟਰਾਂਸਪੋਰਟ ਵਿਭਾਗ ਨੇ ਇਸ ਮਾਮਲੇ 'ਚ ਸ਼ਾਮਲ ਐਨਆਈਸੀ (ਨੈਸ਼ਨਲ ਇਨਫਰਮੇਟਿਕ ਸੈਂਟਰ) ਦੇ ਕਰੀਬ 40 ਮੁਲਾਜ਼ਮਾਂ ਨੂੰ ਨੌਕਰੀ ਤੋਂ ਹਟਾ ਦਿੱਤਾ ਹੈ ਜਦੋਂਕਿ ਅਫ਼ਸਰਾਂ ਖ਼ਿਲਾਫ਼ ਕਾਰਵਾਈ ਦੀ ਤਿਆਰੀ ਹੈ। ਵੇਰਵਿਆਂ ਅਨੁਸਾਰ ਟਰਾਂਸਪੋਰਟ ਵਿਭਾਗ ਨੇ ਗ਼ਲਤ ਦਸਤਾਵੇਜ਼ਾਂ ਦੇ ਆਧਾਰ 'ਤੇ ਬੀਐੱਸ-ਚਾਰ ਵਾਹਨਾਂ ਦੀ ਰਜਿਸਟਰੇਸ਼ਨ ਕੀਤੀ ਸੀ ਅਤੇ ਇਨ੍ਹਾਂ ਵਾਹਨਾਂ ਦੀ ਗਿਣਤੀ ਕਰੀਬ 5706 ਦੇ ਕਰੀਬ ਬਣਦੀ ਹੈ। ਇਨ੍ਹਾਂ ਅਫਸਰਾਂ ਨੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਪ੍ਰਵਾਹ ਕੀਤੇ ਬਿਨਾਂ ਰਿਕਾਰਡ ਵਿਚ ਹੇਰ-ਫੇਰ ਕਰਕੇ ਪਿਛਲੀਆਂ ਤਰੀਕਾਂ 'ਚ ਬੀਐਸ-ਚਾਰ ਵਾਹਨ ਰਜਿਸਟਰਡ ਕਰ ਦਿੱਤੇ ਸਨ ਜਦਕਿ ਸੁਪਰੀਮ ਕੋਰਟ ਨੇ ਬੀਐਸ-ਚਾਰ ਵਾਹਨਾਂ ਦੀ ਰਜਿਸਟ੍ਰੇਸ਼ਨ ਕਰਾਉਣ ਲਈ ਮਾਰਚ 2020 ਤੱਕ ਦਾ ਸਮਾਂ ਤੈਅ ਕੀਤਾ ਸੀ ਪਰ ਕਰੋਨਾ ਮਹਾਮਾਰੀ ਕਰਕੇ ਵਾਹਨਾਂ ਦੀ ਰਜਿਸਟ੍ਰੇਸ਼ਨ 31 ਜੁਲਾਈ 2020 ਤੱਕ ਕਰਾਏ ਜਾਣ ਦੀ ਮੋਹਲਤ ਦੇ ਦਿੱਤੀ ਸੀ। ਦੱਸਣਾ ਬਣਦਾ ਹੈ ਕਿ ਰਜਿਸਟਰਡ ਹੋਏ ਵਾਹਨਾਂ ਵਿਚ ਜ਼ਿਆਦਾਤਰ ਲਗਜ਼ਰੀ ਗੱਡੀਆਂ ਹਨ।

# ਟਰੰਪ ਸਮਰਥਕ ਹਥਿਆਰ ਚੁੱਕਣ ਤੇ ਅਮਰੀਕਾ ਵਿਚ ਖਾਨਾਜੰਗੀ ਛੇੜਨ ਦੀਆਂ ਕਿਉਂ ਕਰ ਰਹੇ ਨੇ ਗੱਲਾਂ

ਦੋ ਸਾਲ ਪਹਿਲਾਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਸਮਰਥਕਾਂ ਵਲੋਂ ਕੈਪੀਟੋਲ ਉੱਤੇ ਕੀਤੇ ਹੰਗਾਮੇ ਤੋਂ ਬਾਅਦ ਮੁਲਕ ਵਿਚ ਪਹਿਲੀਆਂ ਮੱਧਕਾਲੀ ਚੋਣਾਂ ਹੋ ਰਹੀਆਂ ਹਨ। ਅਮਰੀਕੀ ਸੰਸਦ (ਕਾਂਗਰਸ) ਦੇ ਮੈਂਬਰਾਂ ਦੇ ਕਾਰਜਕਾਲ ਖਤਮ ਹੋਣ ਕਾਰਨ ਖਾਲੀ ਹੋਈਆਂ ਸੀਟਾਂ ਲਈ ਹੋਣ ਵਾਲੀਆਂ ਚੋਣਾਂ ਨੂੰ ਮੱਧਕਾਲੀ ਚੋਣਾਂ ਕਿਹਾ ਜਾਂਦਾ ਹੈ। ਇਸ ਵਾਰ ਦੀਆਂ ਚੋਣਾਂ ਇਸ ਲਈ ਖਾਸ ਹਨ ਕਿਉਂ ਕਿ ਮੁਲਕ ਵਿਚ ਪੈਦਾ ਹੋਣ ਵਾਲੇ ਹਾਲਾਤ ਨੂੰ ਲੈ ਕੇ ਲੋਕ ਚਿੰਤਤ ਨਜ਼ਰ ਆ ਰਹੇ ਹਨ। ਪੱਤਰਕਾਰ ਕੈਟੀ ਕੇਅ ਇਸ ਚਿੰਤਾ ਦਾ ਕਾਰਨ ਲੱਭਣ ਦੀ ਕੋਸ਼ਿਸ਼ ਕਰਦਿਆਂ ਅਮਰੀਕਾ ਦੇ ਵੱਖ-ਵੱਖ ਹਿੱਸਿਆਂ ਵਿੱਚ ਘੁੰਮੇ। ਉਨ੍ਹਾਂ ਲੋਕਾਂ ਨਾਲ ਗੱਲਬਾਤ ਕੀਤੀ, ਫ਼ਿਕਰ ਪਿਛਲਾ ਤਰਕ ਸਮਝਣ ਲਈ ਲੋਕਾਂ ਦੇ ਮਨਾਂ ਨੂੰ ਅਤੇ ਸਿਆਸਤ ਨੂੰ ਭਾਂਪਿਆ। ਕੇਰਨ ਅਤੇ ਸਟੀਵ ਹਥਿਆਰ ਨਹੀਂ ਚੁੱਕਣਾ ਚਾਹੁੰਦੇ। ਐਰੀਜ਼ੋਨਾ ਦਾ ਰਹਿਣ ਵਾਲਾ ਇਹ ਬਜ਼ੁਰਗ ਜੋੜਾ ਕਹਿੰਦਾ ਹੈ ਕਿ ਪਰ ਜੇ ਰਿਪਬਲਿਕਨ ਹਾਰਦੇ ਹਨ ਤਾਂ ਗ੍ਰਹਿ ਯੁੱਧ ਹੋਏਗਾ ਅਤੇ ਉਹ ਲੜਾਈ ਲੜਨਗੇ।

ਉਨ੍ਹਾਂ ਨੇ ਆਪਸ ਵਿੱਚ ਇਸ ਬਾਰੇ ਪਹਿਲਾਂ ਹੀ ਵਿਚਾਰ-ਵਟਾਂਦਰਾ ਕੀਤਾ ਹੋਇਆ ਹੈ ਅਤੇ ਉਹ ਮਹਿਸੂਸ ਕਰਦੇ ਹਨ ਕਿ ਹਥਿਆਰ ਚੁੱਕਣਾ ਹੀ ਉਨ੍ਹਾਂ ਲਈ ਸਭ ਤੋਂ ਸਹੀ ਵਿਕਲਪ ਹੈ। ਇਹ ਉਹ ਮੋੜ ਸੀ, ਜਦੋਂ ਸਾਡੀ ਗੱਲਬਾਤ ਗੰਭੀਰ ਹੋ ਗਈ ਅਤੇ ਅਮਰੀਕੀ ਲੋਕਤੰਤਰ ਦੀ ਤਾਕਤ ਬਾਰੇ ਮੇਰਾ ਵਿਸ਼ਵਾਸ ਥੋੜ੍ਹਾ ਡੋਲ ਗਿਆ।

**ਅਮਰੀਕੀ ਟਰੰਪ ਨੂੰ ਪਿਆਰ ਕਰਦੇ ਹਨ**

ਮੈਂ ਸਲੈਟਨਜ਼ ਨੂੰ ਉਨ੍ਹਾਂ ਦੇ ਐਰੀਜ਼ੋਨਾ ਸਥਿਤ ਟਰੰਪ ਨਾਲ ਸਬੰਧਤ ਸਮਾਨ ਵਾਲੀ ਦੁਕਾਨ (ਸਟੋਰ) ਵਿੱਚ ਮਿਲੀ। ਇਨ੍ਹਾਂ ਗਰਮੀਆਂ ਵਿੱਚ ਅਮਰੀਕਾ ਦੀ ਇੱਕ-ਮਹੀਨੇ



ਦੀ ਸੜਕ ਯਾਤਰਾ ਦੌਰਾਨ ਇਹ ਮੇਰੇ ਪਹਿਲੇ ਪੜਾਵਾਂ ਵਿੱਚੋਂ ਇੱਕ ਸੀ। ਇਹ ਟੂਰ, ਮੈਂ ਇਹ ਸਮਝਣ ਲਈ ਕਰ ਰਹੀ ਸੀ ਕਿ ਅਗਾਮੀ ਯੂਐਸ ਚੋਣਾਂ ਇਨ੍ਹੀਆਂ ਅਹਿਮ ਕਿਉਂ ਲੱਗ ਰਹੀਆਂ ਹਨ ਅਤੇ ਸ਼ਾਇਦ ਥੋੜ੍ਹੀਆਂ ਬਦਸ਼ਗਨੀਆਂ ਵੀ। ਉਹ ਬਜ਼ੁਰਗ ਜੋੜਾ ਖੁਸ਼ਦਿਲ ਮੇਜ਼ਬਾਨ ਸੀ। ਉਹ ਮਜ਼ਾਕੀਆ ਅਤੇ ਦਿਆਲੂ ਸੀ। ਉਨ੍ਹਾਂ ਨੇ ਮੈਨੂੰ ਟਰੰਪ ਨਾਲ ਸਬੰਧਤ ਸਮਾਨ ਨਾਲ ਭਰਿਆ ਸਟੋਰ ਦਿਖਾਇਆ। ਮੈਂ ਦੇਖਿਆ ਵਾਕਈ ਅਜਿਹੇ ਲੋਕ ਹਨ, ਜੋ ਸਾਬਕਾ ਰਾਸ਼ਟਰਪਤੀ ਟਰੰਪ ਦਾ ਆਦਮ-ਕੱਦ ਕੱਟਆਊਟ 100 ਡਾਲਰ ਕੀਮਤ ਅਦਾ ਕਰਕੇ ਖ਼ਰੀਦ ਦੇ ਹਨ ਤਾਂ ਜੋ ਆਪਣੇ ਘਰ ਦੇ ਲਿਵਿੰਗ ਰੂਮ ਵਿੱਚ ਰੱਖ ਸਕਣ। ਦਰਅਸਲ, ਅਜਿਹੇ ਕਾਫ਼ੀ ਲੋਕ ਹਨ। 'ਰੈਂਬੋ' ਦੇ ਰੂਪ ਵਿੱਚ ਟਰੰਪ, ਉਨ੍ਹਾਂ ਦੀਆਂ ਸਭ ਤੋਂ ਵੱਧ ਵਿਕਣ ਵਾਲੀਆਂ ਚੀਜ਼ਾਂ ਵਿੱਚੋਂ ਹੈ। ਅਸੀਂ ਇਤਿਹਾਸ, ਆਰਥਿਕਤਾ ਅਤੇ ਇੱਥੋਂ ਤੱਕ ਕਿ ਗਰਭਪਾਤ ਵਰਗੇ ਮੁੱਦਿਆਂ ਬਾਰੇ ਵੀ ਗੱਲਬਾਤ ਕੀਤੀ। ਉਦੋਂ ਹੀ ਮੈਂ 2020 ਦੀਆਂ ਚੋਣਾਂ ਗ਼ਲਤ ਢੰਗ ਨਾਲ ਹੋਣ ਦੇ ਉਨ੍ਹਾਂ ਦੇ ਵਿਸ਼ਵਾਸ ਬਾਰੇ ਸਵਾਲ ਚੁੱਕਿਆ। ਕੀ ਇਹ ਸੰਭਵ ਨਹੀਂ ਸੀ ਕਿ ਲੱਖਾਂ ਦੀ ਗਿਣਤੀ ਵਿੱਚ ਅਮਰੀਕੀਆਂ ਨੂੰ ਰਾਸ਼ਟਰਪਤੀ ਟਰੰਪ ਪਸੰਦ ਨਾ ਹੋਣ ਅਤੇ ਇਸੇ ਲਈ ਜੋਅ ਬਾਇਡਨ ਜਿੱਤੇ ਹੋਣ? ਕੈਰਨ ਨੇ ਜਵਾਬ ਦਿੱਤਾ, "ਜੇ ਤੁਸੀਂ ਇੱਕ ਪਾਗ਼ਲ ਲਿਬਰਲ ਹੋ ਤਾਂ ਸਾਨੂੰ ਤੁਹਾਡੀ ਗੱਲਬਾਤ ਵਿਚ ਦਿਲਚਸਪੀ ਨਹੀਂ ਹੈ।

'ਦਾ ਸੈਂਟਰਲ ਨਿਊਜ਼', ਮੈਂ ਉਨ੍ਹਾਂ ਨੂੰ 'ਝੂਠੀ ਖ਼ਬਰ' ਨਹੀਂ ਕਹਾਂਗੀ ਪਰ ਇਹ ਜ਼ਰੂਰ ਹੀ ਗ਼ਲਤ ਖ਼ਬਰ ਹੈ ਕਿ ਅਮਰੀਕਾ ਟਰੰਪ ਨੂੰ ਪਸੰਦ ਨਹੀਂ ਕਰਦਾ। ਅਮਰੀਕਾ ਤਾਂ ਟਰੰਪ ਨੂੰ ਪਿਆਰ ਕਰਦਾ ਹੈ।" ਸਟੀਵ ਨੇ ਇਸ ਬਾਰੇ ਚੰਗੀ ਤਰ੍ਹਾਂ ਸੋਚਿਆ ਹੋਇਆ ਸੀ, "ਇਹ ਛੋਟੇ ਪੱਧਰ ਤੋਂ ਸ਼ੁਰੂ ਹੋਏਗੀ। ਜਿਵੇਂ ਕਿ ਸ਼ਹਿਰ ਬਨਾਮ ਸ਼ਹਿਰ, ਸਟੇਟ ਬਨਾਮ ਸਟੇਟ। ਲੋਕ ਦੂਜੇ ਅਮਰੀਕੀ ਖਾਨਾਜੰਗੀ ਦੇ ਵਿਚਾਰ ਬਾਰੇ ਹੁਣ ਪਿਛਲੇ ਕਈ ਸਾਲਾਂ ਤੋਂ ਗੱਲ ਕਰ ਰਹੇ ਹਨ। ਸਾਲ 2020 ਦੀਆ ਚੋਣਾਂ ਤੋਂ ਲੈ ਕੇ, 6 ਜਨਵਰੀ 2021 ਨੂੰ ਕੈਪੀਟੋਲ ਵਿੱਚ ਹੋਏ ਦੰਗਿਆਂ ਤੋਂ ਇਸ ਬਾਰੇ ਵਿਚਾਰ ਕਰਦੇ ਆ ਰਹੇ ਹਨ। ਮੈਨੂੰ ਇਸ 'ਤੇ ਯਕੀਨ ਕਰਨਾ ਬੇਹਦ ਮੁਸ਼ਕਿਲ ਲੱਗਦਾ ਹੈ, ਸ਼ਾਇਦ ਮੇਰੀ ਕਲਪਨਾ ਸ਼ਕਤੀ ਘੱਟ ਹੈ। ਪਰ ਚੋਣਾਂ ਹਾਰਨ ਕਰਕੇ ਅਮਰੀਕੀਆਂ ਵੱਲੋਂ ਜੰਗ 'ਤੇ ਜਾਣ ਦਾ ਵਿਚਾਰ ਅਸੰਭਵ ਜਿਹਾ ਲੱਗਦਾ ਹੈ।

# ਗੁਰਦਵਾਰਾ ਰਾਮਸ਼ਰ ਸਾਹਿਬ ਕਮੇਟੀ ਧਨੌਲਾ ਵੱਲੋਂ ਪ੍ਰਕਾਸ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਏ



ਧਨੌਲਾ ਮੰਡੀ, (ਸੰਜੀਵ ਗਰਗ ਕਾਲੀ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ ਪੁਰਬ ਨੂੰ ਜਨਮ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਰਾਮਸਰ ਸਾਹਿਬ ਧਨੌਲਾ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਦਿਆਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਤਰਨ ਸਜਾਏ ਗਏ।

ਗੁਰਦਵਾਰਾ ਕਮੇਟੀ ਪ੍ਰਧਾਨ ਸੁਖਰਾਜ ਸਿੰਘ ਪੰਧੇਰ, ਹਰਿੰਦਰਜੀਤ ਸਿੰਘ ਢੀਂਡਸਾ, ਨੇ ਦੱਸਿਆ ਕਿ ਇਹ ਨਗਰ ਕੀਰਤਨ ਗੁਰਦਵਾਰਾ ਸਹਿਬ ਤੋਂ ਸੂਰੂ ਹੋ ਕੇ ਸ਼ਹਿਰ ਧਨੌਲਾ ਦੇ ਮੇਨ ਬਜਾਰ ਤੇ ਵੱਖ-ਵੱਖ ਅਗਵਾੜਾਂ ਵਿਚੋਂ ਗੁਜ਼ਰਦਾ ਹੋਇਆ ਵਾਪਿਸ ਗੁਰਦੁਆਰਾ ਸਾਹਿਬ ਵਿਖੇ ਸੰਪੰਨ ਹੋਣਗੇ। ਨਗਰ ਕੀਰਤਨ ਦੌਰਾਨ ਨੌਜਵਾਨਾਂ ਵੱਲੋਂ ਪਟਾਕੇ ਚਲਾਏ ਗਏ, ਗੱਤਕਾ ਪਾਰਟੀ ਵੱਲੋਂ ਆਪਣੇ ਵੱਖ-ਵੱਖ ਜੋਹਰ ਵਿਖਾਏ ਗਏ ਤੇ ਸਹਿਰ ਵਾਸੀਆਂ ਵੱਲੋਂ ਵੱਲੋਂ ਜਗ੍ਹਾ-ਜਗ੍ਹਾ 'ਤੇ ਪਾਣੀ, ਚਾਹ, ਬਰੈਡਾਂ ਪਕੌੜਿਆਂ, ਚਾਵਲਾ, ਬਦਾਨਾ ਭੁਜੀਆ ਦੇ ਲੰਗਰ ਲਾਏ ਗਏ , ਰਾਗੀ, ਢਾਡੀ ਤੇ ਕਵੀਸ਼ਰੀ ਜਥਿਆਂ ਵੱਲੋਂ ਸੰਗਤਾਂ ਨੂੰ ਗੁਰੂ ਜੀ ਦੇ ਜੀਵਨ ਸੰਬੰਧੀ ਬਾਰਾਂ ਸੁਣਾਕੇ ਰੱਬੀ ਬਾਣੀ ਦਾ ਕੀਰਤਨ ਕਰਦਿਆ ਸੰਗਤਾਂ ਨੂੰ ਧੰਨ ਗੁਰੂ ਨਾਨਕ ਜੀ ਵੱਲੋਂ ਦਰਸਾਏ ਗਏ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ।

ਇਸ ਮੌਕੇ ਤੇ ਜਸਪ੍ਰੀਤ ਸਿੰਘ ਜੱਸੀ, ਕਰਮਜੀਤ ਸਿੰਘ ਮਾਨ, ਬੂਟਾ ਸਿੰਘ, ਮੁਕੇਸ ਸਰਮਾ, ਬਲਦੇਵ ਸਿੰਘ, ਪ੍ਰਧਾਨ ਗੁਰਚਰਨ ਸਿੰਘ, ਕੁਲਵੰਤ ਸਿੰਘ ਹਲਟਾਂ ਵਾਲੇ, ਲੱਕੀ ਆਦਿ ਤੋਂ ਇਲਾਵਾ ਭਾਰੀ ਗਿਣਤੀ 'ਚ ਸੰਗਤਾਂ ਨੇ ਹਾਜਰੀ ਉਂ ਸੇਵਾਦਾਰਾਂ ਵੱਲੋਂ ਪਾਲਕੀ ਸਾਹਿਬ ਦੇ ਅੱਗੇ ਜਲ ਛਿੜਕਣ ਤੇ ਬੀਬੀਆਂ ਵੱਲੋ ਝਾੜੂ ਲਾਉਣ ਦੀ ਸੇਵਾ ਨਿਭਾਈ।

***

# ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਕਾਸ ਪੁਰਬ ਨੂੰ ਸਮਰਪਿਤ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ

ਧਨੌਲਾ ਮੰਡੀ, (ਸੰਜੀਵ ਗਰਗ ਕਾਲੀ): ਸ੍ਰੀ ਗੁਰੂ ਨਾਨਕ ਦੇਵ ਜੀ ਦੇ 553 ਵੇਂ ਪ੍ਰਕਾਸ ਪੁਰਬ ਨੂੰ ਸਮਰਪਿਤ ਥਾਣਾ ਮੁਖੀ ਸਬ ਇੰਸ. ਲਖਵਿੰਦਰ ਸਿੰਘ ਗੁਰੂ ਤੇ ਸਮੂਹ ਸਟਾਫ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਗੁਰਦਵਾਰਾ ਕਿਲ੍ਹਾ ਮੁਬਾਰਕ ਸਾਹਿਬ ਥਾਣਾ ਧਨੌਲਾ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਖੰਡ ਪਾਠ ਜੀ ਦੇ ਭੋਗ ਪਾਏ ਗਏ। ਇਸ ਮੌਕੇ ਤੇ ਭਰਵੀ ਤਾਦਾਦ 'ਚ ਪੁਲਿਸ ਅਧਿਕਾਰੀਆਂ ਤੇ ਇਲਾਕੇ ਦੇ ਪੰਚਾਂ, ਸਰਪੰਚਾਂ ਤੇ ਸਹਿਰ ਵਾਸੀਆਂ ਨੇ ਆਪਣੀ ਹਾਜਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੇ ਚਰਨਾਂ ਵਿੱਚ ਲਵਾਈ।



ਰਾਗੀ ਜੱਥੇ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਸਬਦ ਤੇ ਰਸ਼ ਭਿੰਨਾ ਕੀਰਤਨ ਕਰਕੇ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਐਸਐਸਪੀ ਸ੍ਰੀ ਸੰਦੀਪ ਮਲਿਕ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਧਨੌਲਾ ਪੁਲਿਸ ਵੱਲੋਂ ਵਧੀਆ ਉਪਰਾਲਾ ਕੀਤਾ ਗਿਆ ਹੈ ਉਹਨਾਂ ਗੁਰੂ ਨਾਨਕ ਪ੍ਰਕਾਸ ਦਿਵਸ ਦੀ ਸਮੂਹ ਸੰਗਤਾਂ ਨੂੰ ਵਧਾਈ ਦਿੱਤੀ। ਦੇ ਇਸ ਮੌਕੇ ਤੇ ਖੇਡ ਤੇ ਉਚੇਰੀ ਸਿੱਖਿਆ ਮੰਤਰੀ ਗੁਰਮੀਤ ਸਿੰਘ ਹੇਅਰ ਦੇ ਓਐਸਡੀ ਹਸਨਪ੍ਰੀਤ ਭਾਰਦਵਾਜ (ਪੂਰੀ ਆਮ ਆਦਮੀ ਟੀਮ ਧਨੌਲਾ) ਐਸਐਸਪੀ ਸ੍ਰੀ ਸੰਦੀਪ ਮਲਿਕ, ਐਸਪੀ(ਐਚ) ਸ.ਮੇਜਰ ਸਿੰਘ, ਡੀਐਸਪੀ ਸ. ਸਤਵੀਰ ਸਿੰਘ, ਡੀਐਸਪੀ ਸ. ਗੁਰਬਚਨ ਸਿੰਘ, ਡੀਐਸਪੀ ਸ. ਗਮਦੂਰ ਸਿੰਘ ਚਹਿਲ, ਇੰਸ. ਸ. ਰਾਜਪਾਲ ਸਿੰਘ,ਐਚਐਚਓ ਬਲਜੀਤ ਸਿੰਘ ਢਿੱਲੋਂ, ਐਸਐਚਓ ਗੁਰਤਾਰ ਸਿੰਘ, ਐਸਐਚਓ ਕਮਲਜੀਤ ਸਿੰਘ, ਗਗਨਦੀਪ ਸਿੰਘ ਧਨੌਲਾ, ਏਐਸਆਈ ਦਰਸਨ ਸਿੰਘ ਮੰਡੀਆਂ, ਰੀਡਰ ਡੀਐਸਪੀ ਕੁਲਵੰਤ ਸਿੰਘ (ਸੀਏਡਬਲੂ ਐਂਡ ਸੀ ) ਰੀਡਰ ਗੁਰਦੀਪ ਸਿੰਘ ਮਹਿਲਕਲਾਂ, ਗੁਰਦੀਪ ਸਿੰਘ ਧਨੌਲਾ, ਹਰਜੀਤ ਸਿੰਘ ਪੱਖੋ ਕਲ੍ਹਾਂ, ਸੇਵਾ ਮੁਕਤ ਐਸਐਚਓ ਮਲਕੀਤ ਸਿੰਘ ਚੀਮਾ, ਸੇਵਾ ਮੁਕਤ ਥਾਣੇਦਾਰ ਦਰਸਨ ਸਿੰਘ ਹਰੀਗੜ੍ਹ, ਥਾਣੇਦਾਰ ਸਰਵਜੀਤ ਸਿੰਘ, ਚੌਕੀ ਇੰਚਾਰਜ ਪੱਖੋ ਕੈਂਚੀਆਂ ਥਾਣੇਦਾਰ ਤਰਸੇਮ ਸਿੰਘ, ਮੁਨਸੀ ਹਰਪ੍ਰੀਤ ਸਿੰਘ ਸਹਿਣਾ, ਸੁਖਵਿੰਦਰ ਸਿੰਘ ਖੇੜੀ, ਐਡਵੋਕੇਟ ਕੁਲਵੰਤ ਰਾਏ ਬਰਨਾਲਾ, ਬਲਭੱਦਰ ਗੋਲਾ,ਹਰਦੀਪ ਸਿੰਘ ਸੋਢੀ,ਨਿਰਮਲ ਸਿੰਘ ਨਿੰਮਾ, ਰਾਕੇਸ ਕੁਮਾਰ ਮਾੜੀ, ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਜੀਵਨ ਕੁਮਾਰ ਬਾਂਸਲ,ਮੀਤ ਪ੍ਰਧਾਨ ਨਗਰ ਕੌਸਲ ਰਜਨੀਸ ਕੁਮਾਰ ਬਾਂਸਲ ਆਲੂ, ਪ੍ਰਧਾਨ ਪਰਿੰਸਪਾਲ, ਪ੍ਰਧਾਨ ਭੂਸਨ ਕੁਮਾਰ ਗਰਗ, ਪ੍ਰਧਾਨ ਬੋਨੀ ਬਾਂਸਲ, ਸਾਂਝ ਕੇਂਦਰ ਲਖਵਿੰਦਰ ਸਿੰਘ ਧਨੌਲਾ, ਸਮੂਹ ਸਟਾਫ ਥਾਣੇਦਾਰ ਅਵਤਾਰ ਸਿੰਘ ਸੋਹੀ, ਥਾਣੇਦਾਰ ਕਰਮਜੀਤ ਸਿੰਘ, ਥਾਣੇਦਾਰ ਬਲਵਿੰਦਰ ਸਿੰਘ, ਥਾਣੇਦਾਰ ਨਿਰਮਲ ਸਿੰਘ,ਹੌਲਦਾਰ ਨਿਰਮਲ ਸਿੰਘ ਦਿਆਲਪੁਰਾ ਭਾਈਕਾ,ਮੁੱਖ ਮੁਨਸੀ ਕਮਲ ਕਿਸੋਰ, ਜਗਤਾਰ ਸਿੰਘ, ਜਗਦੀਪ ਸਿੰਘ, ਜਸਪਾਲ ਸਿੰਘ, ਰਣਜੀਤ ਸਿੰਘ, (ਸਾਰੇ ਐਚਸੀ) ਤੇਜਿੰਦਰ ਸਿੰਘ, ਜਸਪ੍ਰੀਤ ਸਿੰਘ, ਗੁਰਵਿੰਦਰ ਸਿੰਘ,ਅਕਾਸਦੀਪ, ਅਨਮੋਲਪ੍ਰੀਤ ਸਿੰਘ, ਕੁਲਵੰਤ ਸਿੰਘ,ਬੀਰਪਾਲ ਕੌਰ, ਗੁਰਪ੍ਰੀਤ ਕੌਰ, ਅਮਨਦੀਪ ਕੌਰ, ਮਨਪ੍ਰੀਤ ਕੌਰ, ਜਰਨੈਲ ਸਿੰਘ, ਸਮੂਹ ਗੁਰਦਵਾਰਾ ਰਾਮਸਰ ਸਾਹਿਬ ਕਮੇਟੀ ਤੇ ਪ੍ਰਧਾਨ ਸੁਖਰਾਜ ਸਿੰਘ, ਦਵਿੰਦਰਪਾਲ ਪਾਲੀ ਯੂਐਸਏ , ਸੁਖਪਾਲ ਸਿੰਘ ਬਰਨ ਭਰਵੀ ਗਿਣਤੀ ਵਿੱਚ ਪਤਵੰਤੇ ਸਹਿਰ ਵਾਸੀ ਅਤੇ ਇਲਾਕਾ ਨਿਵਾਸੀ ਹਾਜਰ ਸਨ। ਇਸ ਮੋਕੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਆਖਿਰ ਵਿੱਚ ਐਸਐਚਓ ਸਬ. ਇੰਸ. ਲਖਵਿੰਦਰ ਸਿੰਘ ਨੇ ਆਏ ਅਧਿਕਾਰੀਆਂ ਤੇ ਆਏ ਪਤਵੰਤੇ ਇਲਾਕਾ ਨਿਵਾਸੀਆਂ ਦਾ ਧੰਨਵਾਦ ਕੀਤਾ।

# ਸਟਾਫ ਰਿਪੋਰਟਰ ਦਵਿੰਦਰਪਾਲ ਦੇ ਪੁੱਤਰ ਹੋਈ ਬੇਵਕਤੀ ਮੌਤ ਤੇ ਧਨੌਲਾ ਵਾਸੀਆਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ

ਧਨੌਲਾ ਮੰਡੀ (ਸੰਜੀਵ ਗਰਗ ਕਾਲੀ) ਬੀਤੇ ਦਿਨ ਸਟਾਫ ਰਿਪੋਰਟਰ ਸੀਨੀਅਰ ਪੱਤਰਕਾਰ ਚੰਡੀਗੜ੍ਹ



ਸੁਖਮਨੀ (ਬੇਟੀ) ਤੇ ਸੁਖਚੈਨ (ਬੇਟਾ) ਇੰਟਰਨੈਸਨਲ ਭੰਗੜਾ ਤੇ ਥੀਏਟਰ ਕਲਾਕਾਰ, ਫਿਲਮ ਡਾਇਰੈਕਟਰ ਦਵਿੰਦਰਪਾਲ ਪਾਲੀ ਧਨੌਲਾ ਤੇ ਵਿਮਲ ਕੌਰ ਵਿੰਮੀ ਨੂੰ ਬੱਚਿਆਂ ਦੇ ਪਹਿਲੇ ਜਨਮ ਦਿਨ(15 ਨਵੰਬਰ) ਤੇ ਅਦਾਰਾ ਪ੍ਰਦੇਸ ਟਾਇਮਜ ਤੇ ਹੋਰ ਦੋਸਤਾਂ,ਮਿੱਤਰਾਂ, ਰਿਸਤੇਦਾਰਾਂ, ਭੈਣਾਂ, ਭਰਾਵਾਂ ਵੱਲੋਂ ਬਹੁਤ ਬਹੁਤ ਵਧਾਈਆਂ। ਫੋਟੋ ਤੇ ਵੇਰਵਾ : ਸੰਜੀਵ ਗਰਗ ਕਾਲੀ ਧਨੌਲਾ ਮੰਡੀ ਤੋਂ।

ਸ੍ਰੀ ਦਵਿੰਦਰਪਾਲ ਦੇ ਪੁੱਤਰ ਅਰਸ਼ ਸਰਮਾਂ (ਕਰੀਬ 25 ਸਾਲ) ਦੀ ਸੜਕ ਦੁਰਘਟਨਾ 'ਚ ਹੋਈ ਬੇਵਕਤੀ ਮੌਤ ਤੇ ਧਨੌਲਾ ਵਾਸੀਆਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸਣ ਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸਣ। ਇਸ ਸਮੇਂ ਰਘਵੀਰ ਸਿੰਘ ਚੰਗਾਲ, ਜਤਿੰਦਰ ਸਿੰਘ, ਸੰਜੀਵ ਗਰਗ ਕਾਲੀ (ਪੱਤਰਕਾਰ ਦੇਸ਼ ਸੇਵਕ ਚੰਡੀਗੜ੍ਹ/ ਪ੍ਰਦੇਸ ਟਾਇਮਜ ਯੂਐਸਏ ) ਰਵਿੰਦਰ ਸਿੰਘ, ਕਰਮਜੀਤ ਸਿੰਘ ਸਾਗਰ, ਚਮਕੌਰ ਸਿੰਘ ਗੱਗੀ, ਜਗਸੀਰ ਸਿੰਘ ਚਹਿਲ, ਸਰਾਜ ਘਨੌਰ, ਨਵਕਿਰਨ ਸਿੰਘ, ਸਨੀ ਸਦਿਓੜਾ, ਸੰਦੀਪ ਸਿੰਘ, ਰਾਮ ਸਿੰਘ, ਰਾਕੇਸ ਕੁਮਾਰ ਮਾੜੀ, (ਸਾਰੇ ਪੱਤਰਕਾਰ) ਤੇ ਸਹਿਰ ਵਾਸੀ ਡਾ. ਹੀਰਾ ਲਾਲ ਗਰਗ, ਰਾਕੇਸ ਕੁਮਾਰ ਨੇਸੀ, ਮਿਠੁਨ ਗਰਗ, ਸਿਵਿਲ ਸਰਜਨ ਡਾ. ਜਸਵੀਰ ਸਿੰਘ ਔਲਖ, ਐਸਐਮਓ ਧਨੋਲਾ ਡਾ. ਸਤਵੰਤ ਸਿੰਘ ਔਜਲਾ, ਪ੍ਰਧਾਨ ਨੰਦ ਲਾਲ ਬਾਂਸਲ,ਪ੍ਰਧਾਨ ਜਿਲ੍ਹਾ ਸੈਲਰ ਯੂਨੀਅਨ ਪਰਿੰਸ ਪਾਲ ਗਰਗ, ਪ੍ਰਧਾਨ ਡਾ. ਭੂਸਨ ਕੁਮਾਰ ਗਰਗ, ਪ੍ਰਧਾਨ ਬੋਨੀ ਬਾਂਸਲ, ਸੀਨੀਅਰ ਕਾਂਗਰਸ ਆਗੂ ਲੱਕੀ ਸਟਾਰ ਬਡਬਰ, ਸਾਬਕਾ ਚੇਅਰਮੈਨ ਜੀਵਨ ਬਾਂਸਲ, ਪ੍ਰਧਾਨ ਜਿਲ੍ਹਾ ਭੱਠਾ ਐਸੋਸੀਏਸਨ ਰਜਨੀਸ ਕੁਮਾਰ ਆਲੂ, ਪ੍ਰਧਾਨ ਹਰਨਾਮ ਸਿੰਘ ਸਿੱਧੂ, ਸੇਵਾ ਮੁਕਤ ਪ੍ਰਿੰਸੀਪਲ ਨਿਰਮਲ ਸਿੰਘ, ਬੀਜੇਪੀ ਮੰਡਲ ਪ੍ਰਧਾਨ ਜਗਤਾਰ ਸਿੰਘ ਤਾਰੀ, ਪ੍ਰਮਿੰਦਰ ਸਿੰਘ ਖੁਰਮੀ, ਐਡਵੋਕੇਟ ਚੰਦਰ ਬਾਂਸਲ, ਪ੍ਰਧਾਨ ਅਰੁਨ ਰਾਜੂ, ਮੁੱਖ ਪ੍ਰਬੰਧਕ ਗੁਰਦਵਾਰਾ ਸਹੀਦ ਬਾਬਾ ਨੱਥਾ ਸਿੰਘ ਗੁਰਨਾਮ ਸਿੰਘ ਵਾਹਿਗੁਰੂ, ਤੇ



ਬਾਬਾ ਅਜੇ ਨੌਨਿਹਾਲ ਸਿੰਘ, ਹਰਨਾਮ ਸਿੰਘ ਸਿੱਧੂ, ਸੁਰਿੰਦਰਵੀਟਾ, ਦੀਪਕ ਬਾਂਸਲ ਦੀਪੂ, ਪ੍ਰਵੀਨ ਬਾਂਸਲ, ਮਹਾਂਦੇਵ ਬਾਂਸਲ, ਰਾਕੇਸ ਗੋਲਾ, ਰੋਹਿਤ ਕੁਮਾਰ ਨੀਟੂ, ਰਮਨ ਕੁਮਾਰ ਰਿੰਪੀ ਦਾਨਗੜ੍ਹੀਆ, ਅਮਿਤ ਕੁਮਾਰ ਨੋਨਾ, ਬਲਵਿੰਦਰ ਕੁਮਾਰ ਬਿੰਦਰੀ, ਸੌਰਭ ਬਾਂਸਲ, ਰਾਮਦਿੱਤਾ ਬਾਂਸਲ ਰਾਮੂ, ਗੁਰਵਿੰਦਰ ਕਾਕੂ, ਅਮਨਦੀਪ ਗੋਇਲ (ਸਮੂਹ ਆੜਤੀ) ਕਿਸਾਨ ਆਗੂਆਂ ਨੇ ਬਲੋਰ ਸਿੰਘ ਛੰਨ੍ਹਾਂ, ਜਰਨੈਲ ਸਿੰਘ ਜਵੰਧਾ ਪਿੰਡੀ, ਮਾਸਟਰ ਨਰਿੱਪਜੀਤ ਸਿੰਘ ਨਿੱਪੀ, ਜਰਨੈਲ ਸਿੰਘ ਬਦਰਾ, ਕ੍ਰਿਸਨ ਸਿੰਘ ਛੰਨ੍ਹਾਂ, ਬਲਵਿੰਦਰ ਸਿੰਘ ਛੰਨ੍ਹਾਂ ਸੁਖਪਾਲ ਸਿੰਘ ਬਰਨ ਨੇ ਦਵਿੰਦਰਪਾਲ ਸਿੰਘ ਦੇ ਬੇਟੇ ਦੀ ਹੋਈ ਬੇਵਕਤੀ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

# ਮਨੁੱਖ ਦਾ ਆਪਣੇ ਜਿਹੇ ਹੋਰ ਜੀਵਾਂ ਨਾਲ ਰਿਸ਼ਤਾ

**ਪ੍ਰੋਫੈਸਰ ਅਰਵਿੰਦ**

ਇਹ ਮੰਨਿਆ ਜਾਂਦਾ ਹੈ ਕਿ ਲਗਭਗ 20-30 ਲੱਖ ਸਾਲ ਪਹਿਲਾਂ ਅਫਰੀਕਾ ਵਿਚ ਮਨੁੱਖਾਂ ਜਿਹੇ ਕਈ ਜੀਵ-ਸਮੂਹ ਰਹਿੰਦੇ ਸਨ। ਹੌਲੀ ਹੌਲੀ ਇਹ ਜੀਵ-ਸਮੂਹ ਸਾਰੀ ਦੁਨੀਆ ਵਿਚ ਫੈਲ ਗਏ। ਮਨੁੱਖ ਦੀ ਉਤਪਤੀ ਵੀ ਸਭ ਤੋਂ ਪਹਿਲਾਂ ਅਫਰੀਕਾ ਵਿਚ ਹੋਈ ਸਮਝੀ ਜਾਂਦੀ ਹੈ। ਵਿਗਿਆਨੀਆਂ ਅਨੁਸਾਰ ਮਨੁੱਖ ਨੇ ਲਗਪਗ 70 ਹਜ਼ਾਰ ਸਾਲ ਪਹਿਲਾਂ ਅਫਰੀਕਾ ’ਚੋਂ ਯੂਰੋਪ ਤੇ ਏਸ਼ੀਆ ਵਿਚ ਪਰਵਾਸ ਕੀਤਾ। ਉਸ ਸਮੇਂ ਯੂਰੋਪ ਤੇ ਏਸ਼ੀਆ ਵਿਚ ਮਨੁੱਖਾਂ ਜਿਹੇ ਹੋਰ ਵੱਡੇ ਜੀਵ-ਸਮੂਹ ਰਹਿੰਦੇ ਸਨ ਜਿਨ੍ਹਾਂ ਨੂੰ ਨੀਐਂਡਰਥਾਲ ਅਤੇ ਡੈਸੀਨੋਵਾ ਕਿਹਾ ਜਾਂਦਾ ਹੈ, (ਇਹ ਮਨੁੱਖਾਂ ਜਿਹੇ ਸਨ ਪਰ ਮਨੁੱਖ ਨਹੀਂ ਸਨ)। ਮੁੱਖ ਸਵਾਲ ਇਹ ਹੈ ਕਿ ਅਫਰੀਕਾ ਤੋਂ ਪਰਵਾਸ ਕਰ ਕੇ ਆਏ ਮਨੁੱਖਾਂ ਨੇ ਨੀਐਂਡਰਥਾਲ ਅਤੇ ਡੈਨੀਸੋਵਾ ਜੀਵ-ਸਮੂਹਾਂ ਨਾਲ ਸਰੀਰਕ ਰਿਸ਼ਤੇ ਕਾਇਮ ਕੀਤੇ ਜਾਂ ਨਹੀਂ। ਇਸ ਸਾਲ ਦੇ ਨੋਬੇਲ ਪੁਰਸਕਾਰ ਜੇਤੂ ਸਵਾਂਤੇ ਪਾਬੋ ਅਨੁਸਾਰ ਅਫਰੀਕਾ ’ਚੋਂ ਤੁਰੇ ਮਨੁੱਖਾਂ ਨੇ ਨੀਐਂਡਰਥਾਲ ਅਤੇ ਡੈਨੀਸੋਵਾ ਜੀਵ-ਸਮੂਹ ਨਾਲ ਸਰੀਰਕ ਰਿਸ਼ਤੇ ਬਣਾਏ ਕਿਉਂਕਿ ਇਹ ਜੀਵ-ਸਮੂਹ ਭਾਵੇਂ ਲੋਪ ਹੋ ਗਏ ਹਨ ਪਰ ਉਨ੍ਹਾਂ ਦੇ ਡੀਐੱਨਏ ਦੇ ਅੰਸ਼ ਆਧੁਨਿਕ ਮਨੁੱਖਾਂ ਵਿਚ ਪਾਏ ਜਾਂਦੇ ਹਨ।



ਧਰਤੀ ਦੇ ਵੱਖ ਵੱਖ ਹਿੱਸਿਆਂ ’ਤੇ ਵੱਸਣ ਵਾਲੇ ਮਨੁੱਖ ਕੌਣ ਹਨ? ਕੀ ਮਨੁੱਖਾਂ ਦੀ ਉਤਪਤੀ ਇੱਕੋ ਥਾਂ ’ਤੇ ਹੋਈ ਅਤੇ ਫਿਰ ਉੱਥੋਂ ਉਹ ਸਾਰੀ ਧਰਤੀ ’ਤੇ ਫੈਲ ਗਏ ਜਾਂ ਫਿਰ ਮਨੁੱਖਾਂ ਨੇ ਵੱਖ ਵੱਖ ਥਾਵਾਂ ’ਤੇ ਜਨਮ ਲਿਆ? ਮਨੁੱਖੀ ਨਸਲਾਂ ਦਾ ਆਪਸ ਵਿੱਚ ਕੀ ਰਿਸ਼ਤਾ ਹੈ ਅਤੇ ਮਨੁੱਖ ਦਾ ਮਨੁੱਖ ਵਰਗੇ ਹੋਰ ਜੀਵਾਂ ਨਾਲ ਕੀ ਰਿਸ਼ਤਾ ਹੈ? ਇਨ੍ਹਾਂ ਅਤੇ ਅਜਿਹੇ ਕਈ ਹੋਰ ਸੁਆਲਾਂ ਦੀ, ਧਰਤੀ ਉਪਰ ਮਨੁੱਖੀ ਨਸਲਾਂ ਦੇ ਵਿਕਾਸ ਨੂੰ ਸਮਝਣ ਵਿੱਚ ਬਹੁਤ ਅਹਿਮੀਅਤ ਹੈ। ਇਸ ਤਰ੍ਹਾਂ ਦੇ ਸੁਆਲਾਂ ਦੇ ਪੱਕੇ ਜੁਆਬ ਲੱਭਣੇ ਬੜੇ ਮੁਸ਼ਕਿਲ ਹੁੰਦੇ ਹਨ। ਅਵਸ਼ੇਸ਼ਾਂ, ਇਤਿਹਾਸਕ ਤੱਥਾਂ ਤੇ ਬੋਲੀਆਂ ਆਦਿ ਦੇ ਆਧਾਰ ’ਤੇ ਇਨ੍ਹਾਂ ਸੁਆਲਾਂ ਦੇ ਜੁਆਬ ਲੱਭਣ ਦੀ ਕੋਸ਼ਿਸ਼ ਲੰਮੇ ਸਮੇ ਤੋਂ ਕੀਤੀ ਜਾਂਦੀ ਰਹੀ ਹੈ। ਮਨੁੱਖੀ ਡੀਐੱਨਏ ਦੇ ਅਧਿਐਨ ਨਾਲ ਇਨ੍ਹਾਂ ਸੁਆਲਾਂ ਦੇ ਜੁਆਬ ਲੱਭਣ ਦੇ ਨਵੇਂ ਤਰੀਕੇ ਸਾਹਮਣੇ ਆਏ ਹਨ ਅਤੇ ਬਹੁਤ ਸਾਰੇ ਨਵੇਂ ਤੱਥ ਵੀ ਲੱਭੇ ਗਏ ਹਨ। ਵਿਗਿਆਨਕ ਢੰਗ ਨਾਲ ਤੇ ਡੀਐੱਨਏ ਦੇ ਵਿਸ਼ਲੇਸ਼ਣ ’ਤੇ ਆਧਾਰਿਤ ਨਵੇਂ ਮਿਲੇ ਨਤੀਜਿਆਂ ਦੀਆਂ ਲੱਭਤਾਂ ਨਾਲ ਸਾਡੀ ਮਨੁੱਖੀ ਨਸਲਾਂ ਤੇ ਇਨ੍ਹਾਂ ਦੇ ਵਿਕਾਸ ਬਾਰੇ ਸਮਝ ਵਿੱਚ ਮੌਲਿਕ ਤਬਦੀਲੀ ਆਈ ਹੈ। ਇਸ ਵਿਸ਼ੇ ਉਪਰ ਅਹਿਮ ਕੰਮ ਕਰਨ ਵਾਲੇ ਵਿਗਿਆਨੀ ਸਵਾਂਤੇ ਪਾਬੋ ਨੂੰ ਇਸ ਸਾਲ ਦਾ ਨੋਬੇਲ ਪੁਰਸਕਾਰ ਮਿਲਿਆ ਹੈ। ਡੀਐੱਨਏ ਜੀਵਾਂ ਦੇ ਸੈੱਲਾਂ ਦੇ ਨਿਊਕਲੀਅਸ ਅਤੇ ਮਾਈਟੋਕਾਂਡਰੀਆ ਵਿੱਚ ਪਾਇਆ ਜਾਂਦਾ ਹੈ। ਨਿਊਕਲੀਅਸ ਵਿਚਲਾ ਡੀਐੱਨਏ ਮਾਤਾ ਤੇ ਪਿਤਾ ਦੇ ਡੀਐੱਨਏ ਦਾ ਬਰਾਬਰ ਅਨੁਪਾਤ ਵਿਚ ਮਿਸ਼ਰਣ ਹੁੰਦਾ ਹੈ ਜੋ ਕਿ ਗਰਭ ਧਾਰਣ ਸਮੇਂ ਰਲਦਾ ਹੈ। ਮਾਈਟੋਕਾਂਡਰੀਆ ਵਿਚਲਾ ਡੀਐੱਨਏ ਸਿਰਫ਼ ਮਾਂ ਤੋ ਮਿਲਦਾ ਹੈ ਕਿਉਂਕਿ ਮਾਦਾ ਸੈੱਲ ਵਿੱਚ ਹੀ ਗਰਭ ਧਾਰਣ ਦੀ ਪ੍ਰਕਿਰਆ ਹੁੰਦੀ ਹੈ ਅਤੇ ਮਾਦਾ ਅੰਡਾ ਹੀ ਬੱਚੇ ਦਾ ਪਹਿਲਾ ਸੈੱਲ ਬਣਦਾ ਹੈ। ਇਸ ਲਈ ਇੱਕ ਮਾਂ ਦੇ ਸਾਰੇ ਬੱਚਿਆਂ ਦਾ ਮਾਈਟੋਕਾਂਡਰੀਆ ਵਿਚਲਾ ਡੀਐੱਨਏ ਇਕੋ ਜਿਹਾ ਹੋਵੇਗਾ ਤੇ ਇੱਕ ਨਾਨੀ ਦੇ ਸਾਰੇ ਦੋਹਤਰੇ-ਦੋਹਤਰੀਆਂ ਦੇ ਮਾਈਟੋਕਾਂਡਰੀਆ ਵਿਚਲਾ ਡੀਐੱਨਏ ਵੀ ਇੱਕੋ ਜਿਹਾ ਹੋਣਾ ਚਾਹੀਦਾ ਹੈ। ਗਰਭ ਧਾਰਣ ਸਮੇਂ ਅਤੇ ਸੈੱਲਾਂ ਦੀ ਵੰਡ ਸਮੇਂ ਮਾਈਟੋਕਾਂਡਰੀਆ ਤੇ ਨਿਊਕਲੀਅਸ ਦੇ ਡੀਐੱਨਏ ਦੇ ਨਕਲ ਹੋਣ ਦੀ ਪ੍ਰਕਿਰਿਆ ਵਿੱਚ ਗ਼ਲਤੀਆਂ ਹੋਣ ਦੀ ਸੰਭਾਵਨਾ ਹੁੰਦੀ ਹੈ। ਇਸ ਵਜ੍ਹਾ ਨਾਲ ਡੀਐੱਨਏ ਦੀ ਲੰਮੀ ਲੜੀ ਵਿੱਚ ਕਈ ਥਾਵਾਂ ’ਤੇ ਬਦਲਾਅ ਆ ਜਾਂਦੇ ਹਨ ਜਿਸ ਨੂੰ ਮਿਊਟੇਸ਼ਨ ਕਿਹਾ ਜਾਂਦਾ ਹੈ। ਇਹ ਲਗਭਗ ਨਿਯਤ ਹੈ ਕਿ ਕਿੰਨੀਆਂ ਕੁ ਗ਼ਲਤੀਆਂ ਜਾਂ ਮਿਊਟੇਸ਼ਨਾਂ ਡੀਐੱਨਏ ਦੇ ਇੱਕ ਤੋਂ ਦੂਸਰੀ ਪੀੜ੍ਹੀ ਵਿੱਚ ਉਲਥਾਉਣ ਸਮੇਂ ਹੁੰਦੀਆਂ ਹਨ ਤੇ ਵਿਗਿਆਨੀਆਂ ਨੇ ਮਿਊਟੇਸ਼ਨ ਦੀ ਇਸ ਦਰ ਨੂੰ ਨਾਪਿਆ ਹੋਇਆ ਹੈ। ਜੇ ਅਸੀਂ ਦੋ ਮਨੁੱਖਾਂ ਦੇ ਮਾਈਟੋਕਾਂਡਰੀਆ ਵਿਚੋਂ ਡੀਐੱਨਏ ਲਈਏ, ਉਨ੍ਹਾਂ ਨੂੰ ਆਪਸ ਵਿੱਚ ਮੇਲੀਏ ਤੇ ਉਨ੍ਹਾਂ ਵਿਚਲੇ ਫ਼ਰਕ ਨੂੰ ਮਿਣੀਏ ਤਾਂ ਇਸ ਫ਼ਰਕ ਤੋਂ ਇਹ ਜਾਣਿਆ ਜਾ ਸਕਦਾ ਹੈ ਕਿ ਕਿੰਨੀਆਂ ਪੀੜ੍ਹੀਆਂ ਪਹਿਲਾਂ ਉਨ੍ਹਾਂ ਦੀ ਇੱਕੋ ਮਾਂ ਸੀ। ਇਸ ਤਰੀਕੇ ਨਾਲ ਕੋਈ ਵੀ ਦੋ ਮਨੁੱਖਾਂ ਵਿਚਲਾ ਪੀੜ੍ਹੀਆਂ ਦਾ ਫ਼ਾਸਲਾ ਨਿਰਧਾਰਤ ਕੀਤਾ ਜਾ ਸਕਦਾ ਹੈ।

ਕੋਈ 30 ਕੁ ਸਾਲ ਪਹਿਲਾਂ ਇਸ ਤਰ੍ਹਾਂ ਦੀ ਖੋਜ ਤੋਂ ਇਹ ਤੱਥ ਸਾਹਮਣੇ ਆਇਆ ਕਿ ਸਾਰੇ ਮਨੁੱਖਾਂ ਦੀ ਮਾਂ ਇੱਕੋ ਹੀ ਹੈ ਤੇ ਉਹ ਅਫਰੀਕਾ ਵਿੱਚ ਰਹਿੰਦੀ ਸੀ ਤੇ ਸਾਰੀ ਦੁਨੀਆਂ ਦੇ ਮਨੁੱਖ ਅਫਰੀਕਾ ਵਿੱਚੋਂ ਆਏ ਅਤੇ ਧਰਤੀ ਦੇ ਵੱਖ ਵੱਖ ਹਿੱਸਿਆਂ ਉਪਰ ਵਸ ਗਏ। ਪਹਿਲੇ ਮਨੁੱਖ 70 ਹਜ਼ਾਰ ਸਾਲ ਦੇ ਕਰੀਬ ਅਫਰੀਕਾ ਵਿੱਚੋਂ ਨਿਕਲੇ ਤੇ ਸਾਰੀ ਦੁਨੀਆਂ ਵਿੱਚ ਫੈਲੇ। ਆਸਟਰੇਲੀਆ ਦੇ ਮੂਲ ਵਸਨੀਕ ਤੇ ਸਾਡੇ ਦੇਸ਼ ਦੇ ਕਈ ਆਦਿਵਾਸੀ ਕਬੀਲਿਆਂ ਵਿੱਚ ਰਹਿੰਦੇ ਮਨੁੱਖਾਂ ਦੇ ਇਹ ਪੂਰਵਜ ਸਨ। ਇਨ੍ਹਾਂ ਦਾ ਰਹਿਣ-ਸਹਿਣ ਵੱਖਰਾ ਹੈ ਤੇ ਇਨ੍ਹਾਂ ਦੇ ਡੀਐੱਨਏ ਤੋਂ ਪਤਾ ਲੱਗਦਾ ਹੈ ਕਿ ਉਹ ਬਾਕੀ ਮਨੁੱਖਾਂ ਤੋਂ ਬਹੁਤ ਪਹਿਲਾਂ ਵਿਛੜ ਗਏ ਸਨ ਜਦੋਂ ਉਹ ਅਫਰੀਕਾ ਵਿੱਚੋਂ ਨਿਕਲ ਆਏ। ਬਾਕੀ ਦੇ ਕਬੀਲੇ ਅਫਰੀਕਾ ਵਿੱਚ ਹੀ ਰਹੇ ਤੇ ਬਹੁਤ ਬਾਅਦ ਵਿੱਚ ਇਕ ਵਾਰ ਫਿਰ ਅਫਰੀਕਾ ਵਿੱਚੋਂ ਨਿਕਲੇ ਅਤੇ ਦੁਨੀਆਂ ਵਿੱਚ ਫੈਲੇ। ਅਜੋਕੀ ਵਸੋਂ ਵਿਚਲੇ ਜ਼ਿਆਦਾਤਰ ਲੋਕ ਇਨ੍ਹਾਂ ਬਾਅਦ ਵਾਲੇ ਕਬੀਲਿਆਂ ਦੀ ਔਲਾਦ ਹਨ। ਰੌਚਕ ਗੱਲ ਇਹ ਹੈ ਕਿ ਇਹ ਤੱਥ ਤੇ ਵਖਰੇਵੇਂ ਅਜੋਕੀ ਵਸੋਂ ਦੇ ਡੀਐੱਨਏ ਨਮੂਨਿਆਂ ਦੇ ਵਿਸ਼ਲੇਸ਼ਣ ਤੋਂ ਸਾਬਿਤ ਕੀਤੇ ਜਾ ਸਕਦੇ ਹਨ।




ਡੀਐੱਨਏ ਦੇ ਨਿਰੀਖਣ ਤੇ ਇਸ ਦੀ ਕ੍ਰਮਬੰਦੀ ਦੇ ਵਿਗਿਆਨ ਨੇ ਪਿਛਲੇ 30 ਸਾਲਾਂ ਵਿੱਚ ਬਹੁਤ ਪੁਲਾਂਘਾਂ ਪੁੱਟੀਆਂ ਹਨ। ਬਹੁਤ ਸਾਰੇ ਜੀਵਾਂ ਦੇ ਡੀਐੱਨਏ ਨੂੰ ਕ੍ਰਮਬੱਧ ਕਰ ਲਿਆ ਗਿਆ ਹੈ। ਵੱਖ-ਵੱਖ ਨਸਲਾਂ ਦੇ ਮਨੁੱਖਾਂ ਦਾ ਮਾਈਟੋਕਾਂਡਰੀਆ ਤੇ ਨਿਊਕਲੀਅਸ ਵਿਚਲਾ ਡੀਐੱਨਏ ਵੀ ਕ੍ਰਮਬੱਧ ਕੀਤਾ ਗਿਆ ਹੈ ਅਤੇ ਇਸ ਤੋਂ ਬਹੁਤ ਵਡਮੁੱਲੀ ਜਾਣਕਾਰੀ ਮਿਲੀ ਹੈ। ਡੀਐੱਨਏ ਨਿਰੀਖਣ ਵਿੱਚੋਂ ਮਿਲਦੀ ਜਾਣਕਾਰੀ ਨੂੰ ਸੰਭਾਲਣ ਤੇ ਇਸ ਦੇ ਵਿਸ਼ਲੇਸ਼ਣ ਲਈ ਵੱਡੇ ਕੰਪਿਊਟਰਾਂ ਦੀ ਲੋੜ ਪੈਂਦੀ ਹੈ ਜੋ ਕਿ ਪਿਛਲੇ ਸਾਲਾਂ ਵਿੱਚ ਹੀ ਸਾਨੂੰ ਉਪਲਬਧ ਹੋਏ ਹਨ। ਇਨ੍ਹਾਂ ਨਵੀਆਂ ਤਕਨੀਕਾਂ ਦੇ ਵਿਕਾਸ ਨਾਲ ਅਸੀਂ ਬਹੁਤ ਸਾਰੇ ਨਵੇਂ ਤਜਰਬੇ ਕਰ ਸਕਦੇ ਹਾਂ ਤੇ ਵੱਖ-ਵੱਖ ਤੇ ਬਹੁਤ ਸਾਰੇ ਜੀਵਾਂ ਦਾ ਮਾਈਟੋਕਾਂਡਰੀਆ ਦਾ ਤੇ ਨਿਊਕਲੀਅਸ ਦਾ ਡੀਐੱਨਏ ਜਾਂਚ ਕੇ ਉਨ੍ਹਾਂ ਵਿਚਲੇ ਆਪਸੀ ਸਬੰਧ ਸਮਝ ਸਕਦੇ ਹਾਂ। ਸਿਰਫ਼ ਬਾਪ ਤੋਂ ਮਿਲਣ ਵਾਲੇ ਵਾਈ ਕ੍ਰੋਮੋਸੋਮ ਨੂੰ ਅਲੱਗ ਕਰ ਕੇ ਇਸ ਵਿਚਲੇ ਫ਼ਰਕ ਨੂੰ ਨਾਪ ਕੇ ਅਸੀਂ ਮਨੁੱਖਾਂ ਵਿੱਚ ਬਾਪ ਵਾਲੇ ਪਾਸਿਓਂ ਰਿਸ਼ਤੇਦਾਰੀ ਵੀ ਤੈਅ ਸਕਦੇ ਹਾਂ।

ਜੇ ਡੀਐੱਨਏ ਬਹੁਤ ਥੋੜ੍ਹੀ ਮਿਕਦਾਰ ਵਿੱਚ ਉਪਲਬਧ ਹੋਵੇ ਤਾਂ ਉਸ ਨੂੰ ਜਾਂਚ ਸਕਣਾ ਤੇ ਕ੍ਰਮਬੱਧ ਕਰਨਾ ਵੀ ਸੰਭਵ ਹੋ ਗਿਆ ਹੈ। ਇੱਥੋਂ ਤੱਕ ਕਿ ਜੇ ਸਾਨੂੰ ਕਿਸੇ ਪੁਰਾਤਨ ਜੀਵ ਦੇ ਅਵਸ਼ੇਸ਼ ਮਿਲਦੇ ਹਨ ਤੇ ਅਸੀਂ ਉਸ ਵਿੱਚੋਂ ਬਹੁਤ ਥੋੜ੍ਹਾ ਡੀਐੱਨਏ ਵੀ ਕੱਢ ਲਈਏ ਤਾਂ ਅਸੀਂ ਉਸ ਦੀ ਜਾਂਚ ਅਤੇ ਉਸ ਨੂੰ ਕ੍ਰਮਬੱਧ ਕਰ ਸਕਦੇ ਹਾਂ। ਇਸ ਸਾਰੇ ਵਿਗਿਆਨਕ ਵਿਸ਼ਲੇਸ਼ਣ ਲਈ ਕਈ ਕਿਸਮ ਦੇ ਸੂਖ਼ਮ ਯੰਤਰਾਂ ਤੇ ਕੰਪਿਊਟਰਾਂ ਦੀ ਲੋੜ ਪੈਂਦੀ ਹੈ ਤੇ ਕਈ ਵਿਗਿਆਨੀ ਮਿਲ ਕੇ ਇਸ ਕੰਮ ਨੂੰ ਸਿਰੇ ਚਾੜ੍ਹਦੇ ਹਨ। 2022 ਦਾ ਮੈਡੀਸਨ ਤੇ ਫਿਜ਼ਿਆਲੋਜੀ ਦਾ ਨੋਬੇਲ ਇਨਾਮ ਸਵਾਂਤੇ ਪਾਬੋ ਨੂੰ ਮਿਲਿਆ ਹੈ ਜਿਸ ਦੀ ਖੋਜ ਸਦਕਾ ਹੀ ਥੋੜ੍ਹੀ ਮਿਕਦਾਰ ਵਿੱਚ ਪੁਰਾਤਨ ਅਵਸ਼ੇਸ਼ਾਂ ਵਿੱਚ ਪਾਏ ਜਾਣ ਵਾਲੇ ਡੀਐੱਨਏ ਨੂੰ ਕ੍ਰਮਬੱਧ ਕਰਨਾ ਸੰਭਵ ਹੋਇਆ ਹੈ।



ਨੀ-ਐਂਡਰਥਾਲ, ਮਨੁੱਖ ਵਰਗਾ ਇੱਕ ਜੀਵ ਸੀ ਜੋ ਅਫਰੀਕਾ ਵਿੱਚੋਂ ਮਨੁੱਖ ਵਾਂਗ ਹੀ ਨਿਕਲਿਆ ਅਤੇ ਧਰਤੀ ਦੇ ਵੱਖ ਵੱਖ ਹਿੱਸਿਆਂ ਵਿੱਚ ਰਹਿਣ ਲੱਗਾ ਅਤੇ ਤੀਹ ਹਜ਼ਾਰ ਪਹਿਲਾਂ ਲੋਪ ਹੋ ਗਿਆ। ਇਸ ਦੇ ਲੋਪ ਹੋਣ ਦੇ ਕਾਰਨਾਂ ਵਿੱਚੋਂ ਪ੍ਰਮੁੱਖ ਇਸ ਦਾ ਮਨੁੱਖ ਨਾਲ ਮੁਕਾਬਲਾ ਮੰਨਿਆ ਜਾਂਦਾ ਹੈ। ਮਨੁੱਖ ਨਾਲ ਇਸ ਜੀਵ ਦਾ ਕੀ ਰਿਸ਼ਤਾ ਸੀ। ਇਸ ਸਬੰਧੀ ਬਹੁਤ ਸਾਰੀਆਂ ਧਾਰਨਾਵਾਂ ਪ੍ਰਚੱਲਿਤ ਹਨ। ਸਵਾਂਤੇ ਪਾਬੋ ਨੇ ਇੱਕ ਗੁਫ਼ਾ ਵਿੱਚੋਂ ਮਿਲੇ ਨੀ-ਐਂਡਰਥਾਲ ਦੇ ਅਵਸ਼ੇਸ਼ਾਂ ਦੇ ਡੀਐੱਨਏ ਦਾ ਵਿਸ਼ਲੇਸ਼ਣ ਅਤੇ ਉਸ ਨੂੰ ਕ੍ਰਮਬੱਧ ਕੀਤਾ। ਉਸ ਨੇ ਅਜੋਕੇ ਮਨੁੱਖ ਨਾਲ ਇਸ ਦਾ ਮੇਲ ਕਰ ਕੇ ਸਾਬਿਤ ਕੀਤਾ ਕਿ ਮਨੁੱਖ ਦੇ ਪੂਰਵਜਾਂ ਅਤੇ ਨੀਐਂਡਰਥਾਲ ਜੀਵ ਵਿੱਚ ਬੱਚੇ ਪੈਦਾ ਹੁੰਦੇ ਸਨ ਅਤੇ ਅਜੋਕੀ ਮਨੁੱਖੀ ਆਬਾਦੀ ਵਿੱਚ ਨੀਐਂਡਰਥਾਲ ਦਾ ਕੁਝ ਅੰਸ਼ ਸ਼ਾਮਿਲ ਹੈ। ਇਹ ਇੱਕ ਇਨਕਲਾਬੀ ਖੋਜ ਹੈ ਜੋ ਸਾਬਿਤ ਕਰਦੀ ਹੈ ਕਿ ਮਨੁੱਖ ਦੇ ਪੂਰਵਜਾਂ ਵਿੱਚ ਨੀਐਂਡਰਥਾਲ ਵੀ ਸ਼ਾਮਿਲ ਹੈ। ਇਸੇ ਤਰ੍ਹਾਂ ਸਵਾਂਤੇ ਪਾਬੋ ਨੇ ਮਨੁੱਖ ਵਰਗੇ ਇੱਕ ਹੋਰ ਜੀਵ ਦੀ ਵੀ ਖੋਜ ਕੀਤੀ। ਸਾਇਬੇਰੀਆ ਵਿੱਚ ਡੈਨੀਸੋਵਾ ਗੁਫ਼ਾਵਾਂ ਵਿੱਚੋਂ ਉਸ ਨੇ ਚਾਲੀ ਹਜ਼ਾਰ ਸਾਲ ਪੁਰਾਣੀ ਇਸ ਜੀਵ ਦੀ ਉਂਗਲ ਵਿੱਚੋਂ ਡੀਐੱਨਏ ਕੱਢ ਕੇ ਉਸ ਨੂੰ ਕ੍ਰਮਬੱਧ ਕੀਤਾ ਅਤੇ ਸਾਬਿਤ ਕੀਤਾ ਕਿ ਇਹ ਜੀਵ ਵੀ ਸਾਡੇ ਪੂਰਵਜਾਂ ਨਾਲ ਬੱਚੇ ਪੈਦਾ ਕਰਦਾ ਸੀ ਅਤੇ ਇਸ ਲਈ ਇਸ ਦਾ ਅੰਸ਼ ਵੀ ਅਜੋਕੀ ਮਨੁੱਖੀ ਆਬਾਦੀ ਵਿੱਚ ਮੌਜੂਦ ਹੈ। ਇਸ ਜੀਵ ਦਾ ਨਾਮ ਸਵਾਂਤੇ ਪਾਬੋ ਦੀ ਖੋਜ ਤੋਂ ਬਾਅਦ ਡੈਨੀਸੋਵਾ ਰੱਖਿਆ ਗਿਆ ਹੈ। ਇਸੇ ਤਰ੍ਹਾਂ ਕ੍ਰੋਮੈਗਨਾਨ ਜੀਵ ਦਾ ਅੰਸ਼ ਵੀ ਸਾਡੇ ਵਿੱਚ ਮੌਜੂਦ ਹੈ।

ਸਵਾਂਤੇ ਪਾਬੋ ਨੂੰ ਪੈਲੀਓਜੈਨੇਟਿਕਸ ਵਿਸ਼ੇ ਦਾ ਪਿਤਾਮਾ ਮੰਨਿਆ ਜਾਂਦਾ ਹੈ ਜਿਸ ਵਿੱਚ ਪੁਰਾਣੇ ਅਵਸ਼ੇਸ਼ਾਂ ਦੇ ਡੀਐੱਨਏ ਦਾ ਨਿਰੀਖਣ ਕੀਤਾ ਜਾਂਦਾ ਹੈ। ਉਹ 1955 ਵਿੱਚ ਸਵੀਡਨ ਦੇ ਸ਼ਹਿਰ ਸਟਾਕਹੋਮ ਵਿਖੇ ਜਨਮਿਆ ਅਤੇ ਉੱਥੇ ਹੀ ਵੱਡਾ ਹੋਇਆ। ਉਸ ਦੇ ਪਿਤਾ ਸਨੇ ਬਰਗਸਟ੍ਰੋਮ ਨੂੰ ਵੀ 1982 ਵਿੱਚ ਫਿਜ਼ੀਓਲੋਜੀ ਅਤੇ ਮੈਡੀਸਨ ਵਿੱਚ ਨੋਬੇਲ ਪੁਰਸਕਾਰ ਮਿਲਿਆ ਸੀ।

ਉਸ ਨੇ 1986 ਵਿੱਚ ਉਪਸਾਲਾ ਯੂਨੀਵਰਸਿਟੀ ਤੋਂ ਆਪਣੀ ਪੀਐੱਚ.ਡੀ. ਪ੍ਰਾਪਤ ਕੀਤੀ ਅਤੇ ਜ਼ਿਊਰਿਖ ਯੂਨੀਵਰਸਿਟੀ ਵਿੱਚ ਪੋਸਟਡੌਕਸ ਕੀਤਾ। ਉਸ ਨੇ ਲੋਪ ਹੋ ਚੁੱਕੇ ਜੀਵਾਂ ਦੇ ਡੀਐੱਨਏ ’ਤੇ ਕੈਲੀਫੋਰਨੀਆ ਯੂਨੀਵਰਸਿਟੀ ਬਰਕਲੇ ਵਿੱਚ ਐਲਨ ਵਿਲਸਨ ਦੀ ਪ੍ਰਯੋਗਸ਼ਾਲਾ ਵਿੱਚ ਕੰਮ ਕੀਤਾ। ਉਹ 1990 ਵਿੱਚ ਯੂਨੀਵਰਸਿਟੀ ਆਫ ਮਿਊਨਿਖ ਜਰਮਨੀ ਵਿੱਚ ਪ੍ਰੋਫੈਸਰ ਬਣਿਆ ਅਤੇ 1997 ਵਿੱਚ ਮੈਕਸ ਪਲੈਂਕ ਇੰਸਟੀਚਿਊਟ ਫਾਰ ਐਵੋਲੂਸ਼ਨਰੀ ਐਨਥ੍ਰੋਪੋਲੋਜੀ ਲਾਈਪਜ਼ਿਗ ਦਾ ਪਹਿਲਾ ਨਿਰਦੇਸ਼ਕ ਬਣਿਆ। 2022 ਦਾ ਨੋਬੇਲ ਪੁਰਸਕਾਰ ਉਸ ਨੂੰ ਉਸ ਦੀ ਮੌਲਿਕ ਖੋਜ ਅਤੇ ਇਸ ਵਿਸ਼ੇ ਦੀ ਮਹਤੱਤਾ ਕਰਕੇ ਪ੍ਰਦਾਨ ਕੀਤਾ ਗਿਆ ਹੈ।

ਇਸੇ ਤਰ੍ਹਾਂ ਦੀਆਂ ਖੋਜਾਂ ਤੋਂ ਪਿਛਲੇ ਸਮੇਂ ਵਿੱਚ ਮਨੁੱਖੀ ਨਸਲਾਂ ਅਤੇ ਉਨ੍ਹਾਂ ਦੇ ਵਿਕਾਸ ਬਾਰੇ ਕਈ ਹੋਰ ਤੱਥ ਸਾਹਮਣੇ ਆਏ ਹਨ। ਭਾਰਤ ਵਿੱਚ ਵੀ ਕਈ ਸੰਸਥਾਵਾਂ ਵਿੱਚ ਇਸ ਤਰ੍ਹਾਂ ਦੀ ਖੋਜ ਹੁੰਦੀ ਹੈ। ਹਰਿਆਣੇ ਵਿੱਚ ਸਥਿਤ ਰਾਖੀਗੜ੍ਹੀ ਸਿੰਧੂ ਘਾਟੀ ਸਭਿਅਤਾ ਦਾ ਇੱਕ ਪ੍ਰਮੁੱਖ ਸਥਾਨ ਹੈ ਤੇ ਇੱਥੋਂ ਬਹੁਤ ਸਾਰੇ ਮਨੁੱਖੀ ਅਵਸ਼ੇਸ਼ ਮਿਲੇ ਹਨ। ਇਨ੍ਹਾਂ ਵਿੱਚੋਂ ਬਹੁਤ ਘੱਟ ਮਿਕਦਾਰ ਵਾਲੇ ਡੀਐੱਨਏ ਦੇ ਨਮੂਨਿਆਂ ਨੂੰ ਕ੍ਰਮਬੱਧ ਕੀਤਾ ਗਿਆ ਹੈ। ਸਵਾਂਤੇ ਪਾਬੋ ਦੇ ਕੰਮ ਤੋਂ ਸੇਧ ਲੈਂਦਿਆਂ ਭਾਰਤੀ, ਜਰਮਨ ਤੇ ਅਮਰੀਕੀ ਵਿਗਿਆਨੀਆਂ ਨੇ ਇਹ ਕੰਮ ਰਲ ਕੇ ਸਿਰੇ ਚਾੜ੍ਹਿਆ ਹੈ ਅਤੇ ਕੁਝ ਅਹਿਮ ਤੱਥ ਸਥਾਪਿਤ ਕੀਤੇ ਹਨ। ਸਿੰਧੂ ਘਾਟੀ ਦੀ ਸਭਿਅਤਾ ਦੇ ਲੋਕਾਂ ਦਾ ਮੱਧ ਏਸ਼ੀਆ ਦੇ ਲੋਕਾਂ ਨਾਲ ਸਿੱਧਾ ਤਾਅਲੁਕ ਨਹੀਂ ਸੀ। ਇਸ ਖੋਜ ਤੋਂ ਇਹ ਸਾਫ਼ ਸਾਬਿਤ ਹੁੰਦਾ ਹੈ ਕਿ ਜੋ ਲੋਕ ਲਗਭਗ 2000 ਪਹਿਲਾਂ ਭਾਰਤ ਵਿਚ ਆਏ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਇੱਥੇ ਲੋਕ ਰਹਿੰਦੇ ਸਨ ਤੇ ਅੱਜ ਦੇ ਭਾਰਤੀ ਲੋਕ ਇਨ੍ਹਾਂ ਦੋਵਾਂ ਕਿਸਮ ਦੇ ਲੋਕਾਂ ਦਾ ਮਿਸ਼ਰਣ ਹਨ। ਇੱਕ ਹੋਰ ਖੋਜ ਕੁਝ ਸਾਲ ਪਹਿਲਾਂ ਭਾਰਤ ਦੀ ਅਜੋਕੀ ਆਬਾਦੀ ਦੇ ਡੀਐੱਨਏ ਵਿਸ਼ਲੇਸ਼ਣ ’ਤੇ ਕੀਤੀ ਗਈ ਜਿਸ ਵਿੱਚ ਭਾਰਤ ਦੇ ਵੱਖ-ਵੱਖ ਧਰਮਾਂ, ਸੂਬਿਆਂ, ਜਾਤੀਆਂ ਆਦਿ ਦੇ ਲੋਕਾਂ ਦੇ ਡੀਐੱਨਏ ਦੇ ਨਮੂਨਿਆਂ ਦੇ ਅਧਿਐਨ ਤੋਂ ਸਾਬਿਤ ਹੋਇਆ ਕਿ ਸਾਰੇ ਭਾਰਤੀ ਲਗਭਗ ਇੱਕੋ ਜਿਹੇ ਹਨ ਭਾਵੇਂ ਉਹ ਕਿਸੇ ਧਰਮ, ਜਾਤ ਜਾਂ ਸੂਬੇ ਦੇ ਰਹਿਣ ਵਾਲੇ ਹੋਣ।



ਸਵਾਂਤੇ ਪਾਬੋ ਦੀ ਇਸ ਦਿਸ਼ਾ ਵਿੱਚ ਕੀਤੀ ਖੋਜ ਤੋਂ ਸਪਸ਼ਟ ਰੂਪ ਵਿੱਚ ਸਾਬਿਤ ਹੁੰਦਾ ਹੈ ਕਿ ਮਨੁੱਖ ਦੇ ਪੂਰਵਜ ਹੋਰ ਰਲਦੇ-ਮਿਲਦੇ ਜੀਵਾਂ ਨਾਲ ਘੁਲਦੇ-ਮਿਲਦੇ ਰਹੇ ਹਨ। ਭਾਵੇਂ ਉਹ ਜੀਵ ਹੁਣ ਨਹੀਂ ਰਹੇ ਅਤੇ ਲੋਪ ਹੋ ਚੁੱਕੇ ਹਨ, ਸਾਡੇ ਵਿੱਚ ਉਨ੍ਹਾਂ ਦਾ ਅੰਸ਼ ਮੌਜੂਦ ਹੈ। ਇਸੇ ਤਰ੍ਹਾਂ ਮਨੁੱਖਾਂ ਦੀਆਂ ਨਸਲਾਂ ਵੀ ਆਪਸ ਵਿੱਚ ਘੁਲਦੀਆਂ-ਮਿਲਦੀਆਂ ਰਹੀਆਂ ਹਨ। ਭਾਰਤ ਦੇ ਸੰਦਰਭ ਵਿੱਚ ਇਹ ਹੋਰ ਵੀ ਸਪਸ਼ਟ ਰੂਪ ਵਿੱਚ ਸਾਹਮਣੇ ਆਉਂਦਾ ਹੈ। ਜੀਵਾਂ ਦਾ ਘੁਲਣਾ ਮਿਲਣਾ ਉਨ੍ਹਾਂ ਦੇ ਵਿਕਾਸ ਲਈ ਚੰਗਾ ਗਿਣਿਆ ਜਾਂਦਾ ਹੈ ਅਤੇ ਇਸ ਲਈ ਖਾਲਸ ਨਸਲਾਂ ਦੀ ਤਲਾਸ਼ ਕਰਨੀ ਵਿਅਰਥ ਹੈ ਕਿਉਂਕਿ ਉਹ ਹੁੰਦੀਆਂ ਹੀ ਨਹੀਂ।



ਘੁਲੀਆਂ ਮਿਲੀਆਂ ਆਬਾਦੀਆਂ ਹਰ ਤਰ੍ਹਾਂ ਦੀਆਂ ਆਫ਼ਤਾਂ ਜਿਵੇਂ ਕਿ ਕਰੋਨਾ ਵਾਇਰਸ ਦੀ ਆਮਦ, ਦਾ ਮੁਕਾਬਲਾ ਵਧੇਰੇ ਸੁਖਾਲਿਆਂ ਕਰ ਸਕਦੀਆਂ ਹਨ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਜਿਨ੍ਹਾਂ ਮਨੁੱਖਾਂ ਵਿੱਚ ਨੀਐਂਡਰਥਾਲ ਡੀਐੱਨਏ ਵਧੇਰੇ ਹੈ ਉਨ੍ਹਾਂ ਨੂੰ ਘੱਟ ਬਿਮਾਰੀਆਂ ਹੁੰਦੀਆਂ ਹਨ। ਕਿਉਂਕਿ ਕਿਸੇ ਜੀਵ ਸਬੰਧੀ ਸਾਰੀ ਸੂਚਨਾ ਉਸ ਦੇ ਡੀਐੱਨਏ ਵਿੱਚ ਹੁੰਦੀ ਹੈ ਸਵਾਂਤੇ ਪਾਬੋ ਦੀ ਖੋਜ ਨਾਲ ਇੱਕ ਹੋਰ ਬਹੁਤ ਰੌਚਿਕ ਸੰਭਾਵਨਾ ਪੈਦਾ ਹੁੰਦੀ ਹੈ। ਜੇ ਅਸੀਂ ਕਿਸੇ ਲੁਪਤ ਜੀਵ ਦਾ ਡੀਐੱਨਏ ਪੂਰੀ ਤਰ੍ਹਾਂ ਕ੍ਰਮਬੱਧ ਕਰ ਲੈਂਦੇ ਹਾਂ ਤਾਂ ਕੀ ਉਸ ਡੀਐੱਨਏ ਵਿੱਚੋਂ ਉਹ ਜੀਵ ਉਤਪੰਨ ਕੀਤਾ ਜਾ ਸਕਦਾ ਹੈ? ਭਵਿੱਖ ਦੀ ਖੋਜ ਹੀ ਦੱਸੇਗੀ ਕਿ ਕੀ ਕਦੀ ਅਜਿਹਾ ਸੰਭਵ ਹੋ ਸਕੇਗਾ?

# ਕੋਲਾ ਸੰਕਟ ਦਾ ਆਸਾਨੀ ਨਾਲ ਬਦਲ ਬਣ ਸਕਦੀ ਹੈ ਪਰਾਲੀ



ਅਮਰ ਗਰਗ ਕਲਮਦਾਨ

ਕੋਲੇ ਤੋਂ ਬਿਜਲੀ ਪੈਦਾ ਕਰਨ ਦਾ ਸੰਕਟ ਭਾਰਤ ਸਮੇਤ ਪੂਰੀ ਦੁਨੀਆ 'ਚ ਛਾਇਆ ਹੋਇਆ ਹੈ। ਭਾਰਤ ਦੇ ਥਰਮਲ ਪਲਾਂਟਾਂ ਉੱਪਰ ਵੀ ਕੋਲੇ ਦੀ ਕਮੀ ਦੇ ਬੱਦਲ ਮੰਡਰਾ ਰਹੇ ਹਨ। ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਧ ਬਿਜਲੀ ਪੈਦਾ ਕਰਨ ਵਾਲਾ ਤੇ ਤੀਜਾ ਹੀ ਖਪਤ ਕਰਨ ਵਾਲਾ ਦੇਸ਼ ਹੈ। ਦੇਸ਼ 'ਚ ਕੁੱਲ ਬਿਜਲੀ ਉਤਪਾਦਨ 'ਚ ਪੂਰਤੀ ਯੋਗ ਊਰਜਾ ਦਾ ਭਾਗ 37 ਫ਼ੀਸਦੀ ਹੈ, ਜਿਸ 'ਚ ਹਾਈਡ੍ਰੋ, ਸੋਲਰ ਪੈਨਲ ਤੇ ਪੌਣ ਚੱਕੀ ਵਿਧੀ ਰਾਹੀਂ ਤਿਆਰ ਕੀਤੀ ਬਿਜਲੀ ਹੈ। ਦੋ ਫ਼ੀਸਦੀ ਬਿਜਲੀ ਦਾ ਭਾਗ ਪਰਮਾਣੂ ਊਰਜਾ ਰਾਹੀਂ ਪੈਦਾ ਹੁੰਦਾ ਹੈ। ਲਗਭਗ 61 ਫ਼ੀਸਦੀ ਬਿਜਲੀ ਦਾ ਉਤਪਾਦਨ ਕਾਰਬਨ ਉਤਸਰਜਨ ਵਿਧੀ (ਥਰਮਲ ਪਲਾਂਟਸ) ਰਾਹੀਂ ਹੁੰਦਾ ਹੈ, ਜਿਸ 'ਚ 85 ਫ਼ੀਸਦੀ ਕੋਲੇ ਨਾਲ ਚੱਲਣ ਵਾਲੇ ਤੇ ਬਾਕੀ 15 ਫ਼ੀਸਦੀ ਗੈਸ ਆਧਾਰਤ ਥਰਮਲ ਪਲਾਂਟਾਂ ਦਾ ਯੋਗਦਾਨ ਹੈ।

ਪਿਛਲੇ ਕੁਝ ਕੁ ਸਾਲਾਂ ਤੋਂ ਦੇਸ਼ 'ਚ ਬਿਜਲੀ ਦੀ ਮੰਗ ਆਏ ਸਾਲ ਪਹਿਲਾਂ ਵਾਲੀ ਮਾਤਰਾ ਨਾਲੋਂ 20 ਫ਼ੀਸਦੀ ਵੱਧ ਜਾਂਦੀ ਹੈ। ਭਾਵੇਂ ਦੇਸ਼ 'ਚ ਪੂਰਤੀ ਯੋਗ ਊਰਜਾ (ਸੋਲਰ ਪੈਨਲ ਤੋਂ) ਦੀ ਪੈਦਾਵਾਰ ਲਗਾਤਾਰ ਵੱਧ ਰਹੀ ਹੈ ਪਰ ਇਹ ਮਾਤਰਾ ਥਰਮਲ ਪਲਾਂਟਾਂ 'ਚ ਪੈਦਾ ਹੋਣ ਵਾਲੀ ਬਿਜਲੀ ਦੀ ਮਾਤਰਾ ਨੂੰ ਪੂਰੀ ਤਰ੍ਹਾਂ ਢਕ ਲਵੇ, ਇਸ ਲਈ ਲੰਬਾ ਸਮਾਂ ਲੱਗੇਗਾ। ਮੁੱਖ ਰੂਪ 'ਚ ਕੋਲਾ ਸਟੀਲ ਉਦਯੋਗਾਂ ਤੇ ਥਰਮਲ ਪਲਾਂਟਾਂ 'ਚ ਵੱਡੇ ਪੱਧਰ 'ਤੇ ਵਰਤਿਆ ਜਾਂਦਾ ਹੈ ਪਰ ਜੇ ਕੋਲੇ ਦੀ ਖਪਤ ਇਸੇ ਤਰ੍ਹਾਂ ਹੁੰਦੀ ਰਹੀ ਤਾਂ ਇਸ ਦੇ ਭੰਡਾਰਾਂ ਦੇ ਪੂਰੀ ਤਰ੍ਹਾਂ ਖ਼ਾਤਮੇ ਨੂੰ ਕੋਈ ਨਹੀਂ ਰੋਕ ਸਕੇਗਾ। ਭੂ-ਵਿਗਿਆਨੀਆਂ ਮੁਤਾਬਕ ਭਾਰਤ 'ਚ ਕੋਲੇ ਦੇ ਭੰਡਾਰ 111 ਸਾਲਾਂ ਬਾਅਦ ਪੂਰੀ ਤਰ੍ਹਾਂ ਖ਼ਤਮ ਹੋ ਜਾਣਗੇ। 55 ਸਾਲਾਂ ਬਾਅਦ ਭਾਰਤ 'ਚ ਮੌਜੂਦ ਅੱਧਾ ਕੋਲਾ ਭੰਡਾਰ ਖ਼ਤਮ ਹੋ ਚੁੱਕਾ ਹੋਵੇਗਾ। ਆਉਣ ਵਾਲੇ ਸਮੇਂ 'ਚ ਕੋਲੇ ਦੇ ਭੰਡਾਰਾਂ ਦੇ ਖ਼ਾਤਮੇ ਕਾਰਨ ਥਰਮਲ ਪਲਾਂਟਾਂ 'ਤੇ ਛਾ ਰਹੇ ਅਸਲੀ ਖ਼ਤਰੇ ਦੇ ਹੱਲ ਲਈ ਕੇਂਦਰ ਸਰਕਾਰ ਨੂੰ ਰਾਜ ਸਰਕਾਰਾਂ ਨਾਲ ਮਿਲ ਕੇ ਹੁਣੇ ਤੋਂ ਅਜਿਹੀ ਬਿਜਲੀ ਨੀਤੀ ਬਣਾਉਣੀ ਹੋਵੇਗੀ ਤਾਂ ਕਿ ਭਵਿੱਖ 'ਚ ਕਿਸੇ ਕਿਸਮ ਦਾ ਬਿਜਲੀ ਸੰਕਟ ਖੜ੍ਹਾ ਨਾ ਹੋਵੇ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਥਰਮਲ ਪਲਾਂਟਾਂ 'ਚ ਕੋਲੇ ਦਾ ਬਦਲ ਕੀ ਹੋ ਸਕਦਾ ਹੈ?

ਭਾਰਤ 'ਚ ਤਿੰਨ ਵਸਤੂਆਂ ਅਜਿਹੀਆਂ ਹਨ, ਜਿਨ੍ਹਾਂ ਦੀ ਪੈਦਾਵਾਰ ਨਾਲ ਆਏ ਸਾਲ ਵੱਡੀਆਂ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ। ਕੋਈ ਸਮੱਸਿਆ ਵਕਤੀ ਹੁੰਦੀ ਹੈ ਤੇ ਕੋਈ ਸਾਰਾ ਸਾਲ ਚੱਲਣ ਵਾਲੀ। ਸਮੱਸਿਆ ਨੂੰ ਵਰਦਾਨ ਬਣਾਇਆ ਜਾ ਸਕਦਾ ਹੈ, ਬਸ ਇੱਛਾ ਸ਼ਕਤੀ ਦੀ ਜ਼ਰੂਰਤ ਹੈ। ਪਰਾਲੀ ਦੀ ਸਮੱਸਿਆ ਭਾਵੇਂ ਵਕਤੀ ਹੁੰਦੀ ਹੈ ਪਰ ਇਸ ਦੇ ਭੈੜੇ ਨਤੀਜੇ ਲੰਬਾ ਸਮਾਂ ਭੁਗਤਣੇ ਪੈਂਦੇ ਹਨ। ਭਾਰਤ 'ਚ ਹਰ ਸਾਲ ਤਕਰੀਬਨ 150 ਮਿਲੀਅਨ ਟਨ ਫ਼ਸਲ ਦੀ ਰਹਿੰਦ-ਖੂੰਹਦ ਪੈਦਾ ਹੁੰਦੀ ਹੈ, ਜਿਸ ਵਿੱਚੋਂ ਕਰੀਬ 96 ਮਿਲੀਅਨ ਟਨ ਨੂੰ ਖੇਤਾਂ 'ਚ ਹੀ ਸਾੜ ਦਿੱਤਾ ਜਾਂਦਾ ਹੈ। ਇਸ ਦੇ ਨਾਲ ਹੀ 5 ਮਿਲੀਅਨ ਟਨ ਚੌਲ ਉੱਪਰਲਾ ਛਿਲਕਾ ਪੈਦਾ ਹੁੰਦਾ ਹੈ। ਛਿਲਕੇ ਦੀ ਮਾਲਕੀ ਸ਼ੈਲਰ ਮਾਲਕਾਂ ਜਦਕਿ ਪਰਾਲੀ ਦੀ ਮਾਲਕੀ ਕਿਸਾਨਾਂ ਕੋਲ ਹੁੰਦੀ ਹੈ। ਅੱਜ ਤੋਂ 70 ਸਾਲ ਪਹਿਲਾਂ ਸ਼ੈਲਰ ਮਾਲਕ ਛਿਲਕੇ ਨੂੰ ਖੁੱਲ੍ਹੇ ਮੈਦਾਨ 'ਚ ਅੱਗ ਲਾ ਦਿੰਦੇ ਸਨ ਪਰ ਅੱਜ ਉਹੀ ਛਿਲਕਾ ਸ਼ੈਲਰ ਮਾਲਕਾਂ ਲਈ ਆਰਥਿਕ ਉਤਪਾਦ ਬਣ ਚੁੱਕਾ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਕਿਸਾਨ ਦੀ ਮਾਲਕੀ ਵਾਲੀ 96 ਮਿਲੀਅਨ ਟਨ ਪਰਾਲੀ ਨੂੰ ਖੇਤਾਂ 'ਚ ਸਾੜ ਦਿੱਤਾ ਜਾਂਦਾ ਹੈ। ਜੇ ਇਸ ਦਾ ਘੱਟੋ-ਘੱਟ ਮੁੱਲ 2



ਰੁਪਏ ਪ੍ਰਤੀ ਕਿੱਲੋ ਲਾਇਆ ਜਾਵੇ ਤਾਂ ਇਸ ਦਾ ਕੁੱਲ ਮੁੱਲ ਕਰੀਬ 20000 ਕਰੋੜ ਰੁਪਏ ਬਣਦਾ ਹੈ। ਪਰਾਲੀ ਦੀ ਸੁਚੱਜੀ ਵਰਤੋਂ ਨਾਲ ਇਹ ਰਕਮ ਕਿਸਾਨਾਂ ਦੀ ਜੇਬ 'ਚ ਜਾ ਸਕਦੀ ਹੈ, ਜਿਹੜੀ ਅੱਜ ਅਗਨ ਭੇਟ ਹੋ ਰਹੀ ਹੈ। ਇਸ ਪ੍ਰਕਿਰਿਆ ਨਾਲ ਦੇਸ਼ ਦੀ ਜੀਡੀਪੀ ਦੇ ਵਾਧੇ 'ਚ ਅਹਿਮ ਯੋਗਦਾਨ ਪੈ ਸਕਦਾ ਹੈ।

ਪਰਾਲੀ ਦਾ ਕੁਤਰਾ ਕਰ ਕੇ ਇਸ 'ਚ ਕੁਝ ਫ਼ੀਸਦੀ ਕੋਲਾ (ਤਕਰੀਬਨ 10 ਫ਼ੀਸਦੀ ) ਤੇ ਕੁਝ ਫ਼ੀਸਦੀ ਗੋਹਾ ਮਿਲਾ ਕੇ ਉਚਿਤ ਦਾਬ ਨਾਲ ਇੱਟਾਂ ਵਰਗੇ ਬਲਾਕ ਬਣਾ ਕੇ ਥਰਮਲ ਪਲਾਂਟ ਚਲਾਏ ਜਾ ਸਕਦੇ ਹਨ। ਇਸ ਵਿਧੀ ਨਾਲ ਕੋਲਾ ਆਯਾਤ ਕਰਨ ਅਤੇ ਦੇਸ਼ 'ਚ ਕੋਲਾ ਭੰਡਾਰਾਂ 'ਤੇ ਬੋਝ ਘਟਣ ਦੇ ਨਾਲ-ਨਾਲ ਪਰਾਲੀ ਦੀ ਆਰਥਿਕ ਕਦਰ ਵੀ ਪੈ ਜਾਵੇਗੀ।

ਦੇਸ਼ 'ਚ ਬਾਇਓ ਊਰਜਾ ਉਤਪਾਦਨ ਲਈ ਕਈ ਪਲਾਂਟ ਲੱਗ ਚੁੱਕੇ ਹਨ, ਜਿਹੜੇ ਪਰਾਲੀ ਤੋਂ ਸੀਐੱਨਜੀ (ਮੀਥੇਨ ਗੈਸ) ਦੀ ਪੈਦਾਵਾਰ ਕਰ ਰਹੇ ਹਨ। ਅਜਿਹਾ ਹੀ ਇਕ ਪਲਾਂਟ ਕੇਂਦਰ ਤੇ ਪੰਜਾਬ ਸਰਕਾਰ ਦੀ ਮਦਦ ਨਾਲ ਵਰਬੀਓ ਗਰੁੱਪ ਵੱਲੋਂ ਸੰਗਰੂਰ ਵਿਖੇ ਲਾਇਆ ਗਿਆ ਹੈ, ਜਿਹੜਾ ਇਕ ਸਾਲ 'ਚ 1.50 ਲੱਖ ਟਨ ਵਿਅਰਥ ਪਦਾਰਥਾਂ (ਪਰਾਲੀ ਆਦਿ) ਦੀ ਖਪਤ ਕਰ ਕੇ 33 ਟੀਪੀਡੀ (ਟਨ ਪ੍ਰਤੀ ਦਿਨ) ਸੀਐੱਨਜੀ ਪੈਦਾ ਕਰੇਗਾ।

2021-22 'ਚ ਦੇਸ਼ ਨੇ 173.22 ਮਿਲੀਅਨ ਟਨ ਕਾਗਜ਼ ਬਾਹਰ ਤੋਂ ਖ਼ਰੀਦਿਆ। ਇਸ ਦਾ ਭੁਗਤਾਨ ਦੇਸ਼ ਨੂੰ ਯੂਐੱਸ ਡਾਲਰ 'ਚ ਕਰਨਾ ਪੈਂਦਾ ਹੈ, ਜਿਸ ਦੇ ਨਤੀਜੇ ਵਜੋਂ ਰੁਪਏ ਦੀ ਕੀਮਤ ਡਿੱਗਦੀ ਹੈ। ਇਸ ਨਾਲ ਵਾਧੂ ਆਰਥਿਕ ਬੋਝ ਪੈਂਦਾ ਹੈ। ਪਰਾਲੀ ਦੀ ਵਰਤੋਂ ਨਾਲ ਇੰਨਾ ਕਾਗਜ਼ ਤਿਆਰ ਕੀਤਾ ਜਾ ਸਕਦਾ ਹੈ ਕਿ ਭਾਰਤ ਕਾਗਜ਼ ਦਾ ਨਿਰਯਾਤਕ ਦੇਸ਼ ਵੀ ਬਣ ਸਕਦਾ ਹੈ।

ਸਾਰੇ ਦੇਸ਼ ਦੇ ਕਸਬਿਆਂ ਤੇ ਸ਼ਹਿਰਾਂ 'ਚੋਂ ਠੋਸ ਕੂੜੇ ਦੇ ਭਰੇ ਹੋਏ 40 ਲੱਖ ਟਰੱਕ ਰੋਜ਼ਾਨਾ ਨਿਕਲਦੇ ਹਨ। ਇਸ ਠੋਸ ਕੂੜੇ ਨੂੰ ਸਮੇਟਣਾ ਦੇਸ਼ ਲਈ ਬਹੁਤ ਵੱਡੀ ਸਮੱਸਿਆ ਬਣ ਚੁੱਕਿਆ ਹੈ। ਜਿਸ ਥਾਂ ਉੱਪਰ ਇਹ ਕੂੜਾ ਡੰਪ ਕੀਤਾ ਜਾਂਦਾ ਹੈ, ਉਸ ਦੇ ਆਲੇ-ਦੁਆਲੇ ਰਹਿਣ ਵਾਲੇ ਲੋਕਾਂ ਨੂੰ ਭਾਰੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਥਰਮਲ ਪਲਾਂਟਾਂ 'ਚ ਕੋਲੇ ਦੀ ਥਾਂ ਠੋਸ ਕੂੜੇ ਨੂੰ ਬਾਲ ਕੇ ਬਿਜਲੀ ਦਾ ਉਤਪਾਦਨ ਕਰਨਾ ਇਕ ਤਰ੍ਹਾਂ ਨਾਲ ਪੂਰਤੀ ਯੋਗ ਊਰਜਾ ਦਾ ਉਤਪਾਦਨ ਹੀ ਮੰਨਿਆ ਜਾਵੇਗਾ ਕਿਉਂਕਿ ਜਿਹੜਾ ਕਾਰਬਨ ਉਤਸਰਜਨ ਬਲਣ ਨਾਲ ਹੋਵੇਗਾ, ਉਹ ਤਾਂ ਕੂੜੇ ਦੀ ਅਪਘਟਣ ਪ੍ਰਕਿਰਿਆ ਰਾਹੀਂ ਕਾਰਬਨਿਕ ਗੈਸਾਂ ਦੇ ਮੁਕਤ ਹੋਣ ਨਾਲ ਵੀ ਹੁੰਦਾ ਹੈ। ਦੂਜੇ ਪਾਸੇ ਥਰਮਲ ਪਲਾਂਟਾਂ ਦੀ ਚਿਮਨੀ ਦੇ ਅੰਦਰ ਪਾਣੀ ਦੇ ਫੁਆਰਿਆਂ ਨਾਲ ਕਾਰਬਨ ਉਤਸਰਜਨ ਨਾਮਾਤਰ ਕੀਤਾ ਜਾ ਸਕਦਾ ਹੈ। ਠੋਸ ਕੂੜੇ ਦੇ ਇਸ ਸਦਉਪਯੋਗ ਨਾਲ ਹਜ਼ਾਰਾਂ ਮੈਗਾਵਾਟ ਬਿਜਲੀ ਤਿਆਰ ਕੀਤੀ ਜਾ ਸਕਦੀ ਹੈ। ਦਿੱਲੀ ਦੇ ਨਰੇਲਾ ਵਿਖੇ ਠੋਸ ਕੂੜੇ ਤੋਂ ਬਿਜਲੀ ਪੈਦਾ ਕਰਨ ਦਾ ਇਕ ਪਲਾਂਟ ਸਥਾਪਤ ਹੈ, ਜਿੱਥੇ ਪ੍ਰਤੀ ਦਿਨ 2000 ਮੀਟਰਿਕ ਟਨ ਠੋਸ ਕੂੜੇ ਦੀ ਖਪਤ ਹੁੰਦੀ ਹੈ, ਜਿਸ ਨਾਲ 24 ਮੈਗਾਵਾਟ ਬਿਜਲੀ ਤਿਆਰ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਮਹਾਂਰਾਸ਼ਟਰ ਦੇ ਸੋਲਾਪੁਰ ਦੇ ਥਰਮਲ ਪਲਾਂਟ 'ਚ ਪ੍ਰਤੀ ਦਿਨ 500 ਮੀਟਰਿਕ ਟਨ ਕੂੜੇ ਦੀ ਖਪਤ ਹੁੰਦੀ ਹੈ ਤੇ 2 ਮੈਗਾਵਾਟ ਬਿਜਲੀ ਤਿਆਰ ਹੁੰਦੀ ਹੈ। ਇਨ੍ਹਾਂ ਥਰਮਲ ਪਲਾਂਟਾਂ 'ਚ ਪਰਾਲੀ ਦੇ ਛੋਟੇ ਬਲਾਕ ਬਣਾ ਕੇ ਵੀ ਬਾਲੇ ਜਾ ਸਕਦੇ ਹਨ। ਕੁਝ ਦਿਨ ਪਹਿਲਾਂ ਹੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਤਹਿਖੰਡ-ਦਿੱਲੀ ਵਿਖੇ ਕੂੜੇ ਤੋਂ ਬਿਜਲੀ ਪੈਦਾ ਕਰਨ ਦੇ ਪਲਾਂਟ ਦਾ ਉਦਘਾਟਨ ਕੀਤਾ ਹੈ, ਜਿਸ 'ਚ 2000 ਮੀਟਰਿਕ ਟਨ ਪ੍ਰਤੀ ਦਿਨ ਕੂੜੇ ਦੀ ਖਪਤ ਨਾਲ 25 ਮੈਗਾਵਾਟ ਬਿਜਲੀ ਦਾ ਉਤਪਾਦਨ ਹੋਵੇਗਾ।

ਭਾਰਤ ਕੋਲ ਦੁਨੀਆ ਦਾ ਸਭ ਤੋਂ ਵੱਡਾ ਪਸ਼ੂ ਧਨ ਹੈ। ਜੇ ਰਾਜ ਸਰਕਾਰਾਂ ਸ਼ਰਾਈਨ ਬੋਰਡ ਬਣਾ ਕੇ ਗਊਸ਼ਾਲਾਵਾਂ ਨੂੰ ਆਪਣੇ ਅਧੀਨ ਲੈ ਲੈਂਦੀਆਂ ਹਨ ਤਾਂ ਇਸ ਨਾਲ ਕਈ ਵੱਡੇ ਫ਼ਾਇਦੇ ਹੋ ਸਕਦੇ ਹਨ। ਗਊਸ਼ਾਲਾਵਾਂ ਕੋਲ ਖੁੱਲ੍ਹੀਆਂ ਥਾਵਾਂ ਹਨ, ਜਿਨ੍ਹਾਂ ਉੱਪਰ ਗੋਬਰ ਗੈਸ ਆਧਾਰਿਤ ਮਿੰਨੀ ਥਰਮਲ ਪਲਾਂਟ ਲਾਏ ਜਾ ਸਕਦੇ ਹਨ। ਮੰਨ ਲਓ ਇਕ ਗਊਸ਼ਾਲਾ 'ਚ 5000 ਦੇ ਲਗਭਗ ਘਰੇਲੂ ਪਸ਼ੂਧਨ ਹੈ ਤਾਂ ਇਸ 'ਚ 1000 ਦੇ ਲਗਭਗ ਘਰੇਲੂ ਗੋਬਰ ਗੈਸ ਦੇ ਬਰਾਬਰ ਗੋਬਰ ਗੈਸ ਪੈਦਾ ਕੀਤੀ ਜਾ ਸਕਦੀ ਹੈ, ਜਿਸ ਨਾਲ ਇਕ ਮਿੰਨੀ ਥਰਮਲ ਪਲਾਂਟ ਅਸਾਨੀ ਨਾਲ ਚੱਲ ਸਕਦਾ ਹੈ। ਇਸ ਵਿਧੀ ਨੂੰ ਅਪਨਾ ਕੇ ਭਾਰਤ 'ਚ 5000 ਦੇ ਕਰੀਬ ਮਿੰਨੀ ਥਰਮਲ ਪਲਾਂਟਸ ਬਣ ਸਕਦੇ ਹਨ। ਇਸ ਵਿਧੀ ਨਾਲ ਕੁੱਲ ਬਿਜਲੀ ਦਾ ਉਤਪਾਦਨ ਭਾਖੜਾ ਡੈਮ ਦੇ ਬਰਾਬਰ ਹੋ ਸਕਦਾ ਹੈ। ਉਪਰੋਕਤ ਤਿੰਨੋਂ ਵਿਧੀਆਂ ਅਜਿਹੀਆਂ ਹਨ, ਜੋ ਆਉਣ ਵਾਲੇ ਸਮੇਂ ਲਈ ਕੋਲੇ ਦਾ ਬਦਲ ਸਾਬਿਤ ਹੋ ਸਕਦੀਆਂ ਹਨ। ਇਨ੍ਹਾਂ ਤਿੰਨੋਂ ਵਿਧੀਆਂ 'ਚ ਪ੍ਰਯੋਗ ਹੋਣ ਵਾਲਾ ਕੱਚਾ ਮਾਲ ਜੋ ਅੱਜ ਪਰੇਸ਼ਾਨੀ ਦਾ ਕਾਰਨ ਬਣਿਆ ਹੋਇਆ ਹੈ, ਭਵਿੱਖ 'ਚ ਸੋਨਾ ਸਾਬਿਤ ਹੋ ਸਕਦਾ ਹੈ। ਇਨ੍ਹਾਂ ਤਰੀਕਿਆਂ ਨੂੰ ਅਪਨਾਉਣ ਨਾਲ ਰੁਜ਼ਗਾਰ 'ਚ ਵੀ ਭਾਰੀ ਵਾਧਾ ਹੋਵੇਗਾ, ਭਾਰਤ ਦੀ ਜੀਡੀਪੀ ਨੂੰ ਬਲ ਮਿਲੇਗਾ ਤੇ ਰੁਪਏ ਦੀ ਕੀਮਤ 'ਚ ਵੀ ਸੁਧਾਰ ਹੋ ਸਕੇਗਾ। ਉਪਰੋਕਤ ਤਿੰਨੋਂ ਵਿਧੀਆਂ 'ਤੇ ਅਮਲ ਕਰਨਾ ਸੱਚਮੁੱਚ ਦੇਸ਼ 'ਚ 'ਵਿਅਰਥ ਤੋਂ ਊਰਜਾ ਕ੍ਰਾਂਤੀ' ਨੂੰ ਜਨਮ ਦੇਵੇਗਾ ਤੇ ਬਿਜਲੀ ਊਰਜਾ ਦੇ ਖੇਤਰ 'ਚ ਨਵਾਂ ਇਤਿਹਾਸ ਰਚੇਗਾ। ਇਕ ਅਨੁਮਾਨ ਅਨੁਸਾਰ ਆਰਥਿਕ ਤੌਰ 'ਤੇ ਤਿੰਨੇ ਵਿਧੀਆਂ ਅਪਨਾਉਣ ਨਾਲ ਦੇਸ਼ ਦੀ ਜੀਡੀਪੀ ਨੂੰ 2 ਲੱਖ ਕਰੋੜ ਰੁਪਏ ਪ੍ਰਤੀ ਸਾਲ ਦਾ ਫ਼ਾਇਦਾ ਹੋ ਸਕਦਾ ਹੈ।

# ਦੁਨੀਆ ਨੂੰ ਘਟਾਉਣੀ ਪਵੇਗੀ ਕੋਲੇ, ਪੈਟਰੋਲ ਅਤੇ ਡੀਜ਼ਲ ਦੀ ਵਰਤੋਂ

ਅਸ਼ਵਨੀ ਚਤਰਥ

ਵਾਯੂਮੰਡਲ, ਧਰਤੀ ਦੀ ਸਤ੍ਹਾ ਅਤੇ ਸਮੁੰਦਰਾਂ ਦੇ ਪਾਣੀ ਆਦਿ ਦੇ ਲਗਾਤਾਰ ਵਧਦੇ ਤਾਪਮਾਨ ਨੂੰ ਆਲਮੀ ਤਪਸ਼ ਜਾਂ ਗਲੋਬਲ ਵਾਰਮਿੰਗ ਆਖਿਆ ਜਾਂਦਾ ਹੈ । ਧਰਤੀ ਦੀ ਆਬੋ-ਹਵਾ 'ਚ ਲਗਾਤਾਰ ਪੈਦਾ ਹੋ ਰਹੇ ਵਿਗਾੜ ਪ੍ਰਤੀ ਦੁਨੀਆ ਭਰ ਦੇ ਵਿਗਿਆਨੀਆਂ ਵੱਲੋਂ ਪ੍ਰਗਟਾਈਆਂ ਚਿੰਤਾਵਾਂ ਨੂੰ ਧਿਆਨ 'ਚ ਰੱਖ ਕੇ ਸੰਯੁਕਤ ਰਾਸ਼ਟਰ ਸੰਘ ਦੀ ਵਾਤਾਵਰਨ ਸਬੰਧੀ ਸੰਸਥਾ (ਯੂਐੱਨਈਪੀ) ਵੱਲੋਂ 1988 'ਚ 'ਵਾਤਾਵਰਨ ਤਬਦੀਲੀ ਸਬੰਧੀ ਕੌਮਾਂਤਰੀ ਪੈਨਲ' ਨਾਂ ਦੀ ਜਥੇਬੰਦੀ ਦਾ ਗਠਨ ਕੀਤਾ ਗਿਆ ਸੀ । ਉਕਤ ਪੈਨਲ ਵੱਲੋਂ 2018 'ਚ ਪੇਸ਼ ਕੀਤੀ ਗਈ ਇਕ ਵਿਸ਼ੇਸ਼ ਰਿਪੋਰਟ 'ਚ ਕਿਹਾ ਗਿਆ ਹੈ ਕਿ ਪਿਛਲੇ ਕਰੀਬ ਡੇਢ ਸੌ ਸਾਲਾਂ 'ਚ ਧਰਤੀ ਦੇ ਤਾਪਮਾਨ 'ਚ ਇੱਕ ਡਿਗਰੀ ਸੈਲਸੀਅਸ ਦਾ ਵਾਧਾ ਹੋ ਚੁੱਕਾ ਹੈ । ਇਹ ਵਾਧਾ ਮਨੁੱਖੀ ਕਿਰਿਆਵਾਂ ਖ਼ਾਸ ਕਰਕੇ ਉਦਯੋਗਾਂ 'ਚ ਵਰਤੇ ਜਾਂਦੇ ਕੋਲਾ, ਪੈਟਰੋਲ, ਡੀਜ਼ਲ ਤੇ ਹੋਰ ਬਾਲਣਾਂ ਦੇ ਬਲਣ ਤੋਂ ਨਿਕਲਦੀਆਂ ਗੈਸਾਂ ਜਿਵੇਂ ਕਾਰਬਨ ਡਾਈਆਕਸਾਈਡ, ਮੀਥੇਨ, ਨਾਈਟ੍ਰਸ ਆਕਸਾਈਡ, ਸੀਐੱਫਸੀ ਅਤੇ ਐੱਚਐੱਫਸੀ ਗੈਸਾਂ, ਜਿਨ੍ਹਾਂ ਨੂੰ ਗ੍ਰੀਨ ਹਾਊਸ ਗੈਸਾਂ ਵੀ ਕਿਹਾ ਜਾਂਦਾ ਹੈ, ਕਰਕੇ ਹੁੰਦਾ ਹੈ । ਹਵਾ 'ਚ ਵੱਧ ਰਹੀ ਇਨ੍ਹਾਂ ਗੈਸਾਂ ਦੀ ਮਾਤਰਾ ਸੂਰਜ ਤੋਂ ਆ ਰਹੀ ਗਰਮੀ ਨੂੰ ਸੋਖ ਕੇ ਧਰਤੀ ਦੇ ਸਮੁੱਚੇ ਵਾਤਾਵਰਨ ਨੂੰ ਗਰਮ ਕਰਨ ਦਾ ਕੰਮ ਕਰ ਰਹੀ ਹੈ।

ਵਿਗਿਆਨੀਆਂ ਦਾ ਦਾਅਵਾ ਹੈ ਕਿ ਤਾਪਮਾਨ 'ਚ ਜ਼ਿਆਦਾਤਰ ਇਹ ਵਾਧਾ ਦੁਨੀਆ ਭਰ 'ਚ ਉਦਯੋਗਿਕ ਕ੍ਰਾਂਤੀ ਆਉਣ ਤੋਂ ਬਾਅਦ ਸ਼ੁਰੂ ਹੋਇਆ ਹੈ । ਗੱਲ ਕਰੀਏ ਧਰਤੀ ਦੇ ਤਾਪਮਾਨ ਦੀ ਤਾਂ ਵਾਤਾਵਰਨ ਵਿਗਿਆਨੀਆਂ ਵੱਲੋਂ ਕੀਤੇ ਗਏ ਇਕ ਸਰਵੇ ਅਨੁਸਾਰ 1980 'ਚ ਧਰਤੀ ਦਾ ਔਸਤ ਤਾਪਮਾਨ 14 ਡਿਗਰੀ ਸੈਲਸੀਅਸ ਸੀ, ਜੋ ਮੌਜੂਦਾ ਸਮੇਂ 'ਚ ਵੱਧ ਕੇ 14.9 ਡਿਗਰੀ ਸੈਲਸੀਅਸ ਹੋ ਚੁੱਕਾ ਹੈ । ਉਨ੍ਹਾਂ ਵੱਲੋਂ ਆਲਮੀ ਭਾਈਚਾਰੇ ਨੂੰ ਚੌਕੰਨਾ ਕਰਦਿਆਂ ਕਿਹਾ ਗਿਆ ਹੈ ਕਿ ਆਲਮੀ ਤਪਸ਼ ਕਰਕੇ ਪਿਛਲੀ ਇਕ ਸਦੀ 'ਚ ਸਮੁੰਦਰ ਦੇ ਪਾਣੀ ਦਾ ਪੱਧਰ 30 ਸੈਂਟੀਮੀਟਰ ਦੇ ਕਰੀਬ ਵੱਧ ਚੁੱਕਿਆ ਹੈ। ਜੇ ਇਹ ਰੁਝਾਨ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਇਕ ਦਿਨ ਅਜਿਹਾ ਵੀ ਆ ਸਕਦਾ ਹੈ ਜਦੋਂ ਤਾਪਮਾਨ ਵਧੇ ਕਾਰਨ ਧਰਤੀ ਦੇ ਧਰੁਵਾਂ, ਪਹਾੜਾਂ ਅਤੇ ਬਰਫ਼ਾਨੀ ਤੋਦਿਆਂ ਉੱਤੇ ਜੰਮੀ ਬਰਫ਼ ਪਿਘਲ ਕੇ ਸਮੁੰਦਰੀ ਪਾਣੀ ਦਾ ਪੱਧਰ ਇੰਨਾ ਉੱਚਾ ਕਰ ਦੇਵੇਗੀ, ਜਿਸ ਨਾਲ ਸਮੁੰਦਰਾਂ ਦੇ ਕੰਢੇ ਉੱਤੇ ਸਥਿਤ ਵੱਡੇ-ਵੱਡੇ ਸ਼ਹਿਰ ਜਿਵੇਂ ਬੈਂਕਾਕ, ਮੁੰਬਈ, ਜਕਾਰਤਾ, ਵੈਨਿਸ, ਮਿਆਮੀ ਅਤੇ ਨਿਊ ਓਰਲੀਅਨਸ ਆਦਿ ਪਾਣੀ 'ਚ ਡੁੱਬ ਸਕਦੇ ਹਨ ਤੇ ਇਨ੍ਹਾਂ ਇਲਾਕਿਆਂ 'ਚ ਵੱਸਦੇ ਪੌਦੇ ਤੇ ਜੀਵ- ਜੰਤੂਆਂ ਦਾ ਜੀਵਨ ਖ਼ਤਰੇ 'ਚ ਪੈ ਸਕਦਾ ਹੈ । ਇਸ ਦੇ ਨਾਲ ਹੀ ਨੀਵੇਂ ਤੱਟਵਰਤੀ ਇਲਾਕਿਆਂ ਦੀ ਜ਼ਰਖੇਜ਼ ਜ਼ਮੀਨ ਸਮੁੰਦਰ ਦੇ ਖਾਰੇ ਪਾਣੀ ਨਾਲ ਬੰਜਰ ਹੋ ਜਾਵੇਗੀ, ਜਿਸ ਦੇ ਸਿੱਟੇ ਵਜੋਂ ਵੱਡੀ ਮਨੁੱਖੀ ਆਬਾਦੀ ਨੂੰ ਬੇਘਰ ਹੋਣਾ ਪੈ ਸਕਦਾ ਹੈ ਤੇ ਰੋਜ਼ੀ-ਰੋਟੀ ਦੀ ਕਮੀ ਦੇ ਨਾਲ-ਨਾਲ ਬੇਰੁਜ਼ਗਾਰੀ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਪਹਾੜਾਂ ਦੀ ਬਰਫ਼ ਤੇਜ਼ੀ ਨਾਲ ਪਿਘਲ ਕੇ ਦਰਿਆਵਾਂ ਅਤੇ ਨਹਿਰਾਂ 'ਚ ਹੜ੍ਹ ਵਰਗੇ ਹਾਲਾਤ ਪੈਦਾ ਕਰ ਸਕਦੀ ਹੈ, ਜਿਸ ਨਾਲ ਵੱਡੇ ਪੱਧਰ 'ਤੇ ਜਾਨੀ ਅਤੇ ਮਾਲੀ ਨੁਕਸਾਨ ਹੋਣ ਦਾ ਖ਼ਦਸ਼ਾ ਵੱਧ ਜਾਵੇਗਾ।



ਜੇ ਗੱਲ ਕਰੀਏ ਆਲਮੀ ਤਪਸ਼ ਤੋਂ ਪੈਦਾ ਹੋਣ ਵਾਲੇ ਸੰਕਟ ਦੇ ਹੱਲ ਲੱਭਣ ਦੀ ਤਾਂ ਸੰਯੁਕਤ ਰਾਸ਼ਟਰ ਸੰਘ ਵੱਲੋਂ ਪਿਛਲੇ ਤਕਰੀਬਨ ਤੀਹ ਸਾਲਾਂ 'ਚ ਇਸ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਸਮੱਸਿਆ ਦੇ ਹੱਲ ਲਈ ਅਨੇਕਾਂ ਸੰਜੀਦਾ ਯਤਨ ਵੀ ਕੀਤੇ ਗਏ ਹਨ। ਸਾਲ 1992 'ਚ ਰੀਓ ਡੀ ਜਨੇਰੀਓ ਵਿਖੇ ਹੋਏ 'ਅਰਥ ਸਮਿਟ' ਤੋਂ ਬਾਅਦ ਵਾਤਾਵਰਨ ਪਰਿਵਰਤਨ ਸਬੰਧੀ ਕਾਨਫਰੰਸਾਂ ਦੀ ਸ਼ੁਰੂਆਤ ਕੀਤੀ ਗਈ ਸੀ । ਇਸ ਸਬੰਧੀ ਪਹਿਲੀ ਮੀਟਿੰਗ 1995 'ਚ ਜਰਮਨੀ ਵਿਖੇ ਹੋਈ ਸੀ ।

ਆਲਮੀ ਭਾਈਚਾਰੇ ਵੱਲੋਂ ਵਾਤਾਵਰਨ ਸਬੰਧੀ ਪ੍ਰਗਟ ਕੀਤੇ ਗਏ ਖ਼ਦਸ਼ਿਆਂ ਦੇ ਨਿਪਟਾਰੇ ਲਈ ਦਸੰਬਰ, 1997 'ਚ ਜਾਪਾਨ ਦੇ ਸ਼ਹਿਰ ਕਯੋਟੋ ਵਿਖੇ ਅਹਿਮ ਇਜਲਾਸ ਬੁਲਾਇਆ ਗਿਆ ਸੀ, ਜਿਸ ਨੂੰ 'ਕਯੋਟੋ ਪ੍ਰੋਟੋਕੋਲ' ਦਾ ਨਾਂ ਦਿੱਤਾ ਗਿਆ ਸੀ । ਇਸ ਇਜਲਾਸ 'ਚ ਕੁਝ ਅਹਿਮ ਫ਼ੈਸਲੇ ਲਏ ਗਏ ਸਨ ਤੇ ਇਹ ਵੀ ਅਹਿਦ ਲਿਆ ਗਿਆ ਸੀ ਕਿ ਦੁਨੀਆ ਭਰ ਦੇ ਵਿਕਸਿਤ ਦੇਸ਼ ਆਪੋ-ਆਪਣੇ ਮੁਲਕਾਂ 'ਚ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਨੂੰ ਘੱਟ ਕਰ ਕੇ ਹਵਾ 'ਚ ਇਨ੍ਹਾਂ ਗੈਸਾਂ ਦੀ ਮਾਤਰਾ ਨੂੰ ਸਾਲ 1990 ਦੇ ਪੱਧਰ ਤੋਂ 6 ਤੋਂ 8 ਫ਼ੀਸਦੀ ਤਕ ਹੇਠਾਂ ਲੈ ਕੇ ਜਾਣ ਦਾ ਪ੍ਰਬੰਧ ਕਰਨਗੇ। ਵਾਤਾਵਰਨ ਦੀ ਸਾਂਭ-ਸੰਭਾਲ ਲਈ ਕੀਤੀਆਂ ਜਾਂਦੀਆਂ ਕੋਸ਼ਿਸ਼ਾਂ ਨੂੰ ਉਦੋਂ ਵੱਡਾ ਬਲ ਮਿਲਿਆ ਜਦੋਂ ਸਾਲ 2015 'ਚ ਫਰਾਂਸ ਦੀ ਰਾਜਧਾਨੀ ਪੈਰਿਸ ਵਿਖੇ ਦੁਨੀਆ ਭਰ ਦੇ 190 ਦੇ ਕਰੀਬ ਦੇਸ਼ਾਂ ਅਤੇ ਜਥੇਬੰਦੀਆਂ ਨੇ ਭਾਗ ਲਿਆ ਸੀ। ਮਨੁੱਖੀ ਚੌਗਿਰਦੇ ਨੂੰ ਗੰਭੀਰ ਸੰਕਟਾਂ ਤੋਂ ਮੁਕਤ ਕਰਵਾਉਣ ਦੀ ਦਿਸ਼ਾ ਵੱਲ ਪੈਰਿਸ ਸੰਮੇਲਨ ਨੂੰ ਇਕ ਇਤਿਹਾਸਕ ਕਦਮ ਕਿਹਾ ਜਾ ਸਕਦਾ ਹੈ, ਜਿਸ ਵਿਚ ਸਾਰੀਆਂ ਧਿਰਾਂ ਨੇ ਮਿਲ ਕੇ ਇਕ ਪ੍ਰਸਤਾਵ ਪਾਸ ਕੀਤਾ ਜਿਸ ਨੂੰ 'ਪੈਰਿਸ ਸਮਝੌਤਾ' ਦਾ ਨਾਂ ਦਿੱਤਾ ਗਿਆ ਸੀ। ਇਸ 'ਚ ਅਹਿਦ ਲਿਆ ਗਿਆ ਸੀ ਕਿ ਵਿਕਸਿਤ ਦੇਸ਼ਾਂ ਸਮੇਤ ਸਾਰੇ ਹੀ ਮੁਲਕ ਧਰਤੀ ਦੇ ਵਾਤਾਵਰਨ ਦੇ ਤਾਪਮਾਨ 'ਚ ਹੋਣ ਵਾਲੇ ਵਾਧੇ ਨੂੰ ਠੱਲ੍ਹ ਪਾਉਣ ਅਤੇ ਇਸ ਵਾਧੇ ਨੂੰ 1.5 ਡਿਗਰੀ ਸੈਲਸੀਅਸ ਤੋਂ ਹੇਠਾਂ ਰੱਖਣ ਲਈ ਆਪਣੀ ਉਸਾਰੂ ਭੂਮਿਕਾ ਨਿਭਾਉਣਗੇ। ਸੰਮੇਲਨ 'ਚ ਗਰੀਨ ਹਾਊਸ ਗੈਸਾਂ ਨੂੰ ਘੱਟ ਕਰਨ ਲਈ 20/20/20 ਦਾ ਫਾਰਮੂਲਾ ਵੀ ਪੇਸ਼ ਕੀਤਾ ਗਿਆ ਸੀ । ਇਸ ਦਾ ਮਤਲਬ ਹੈ ਕਿ ਉਕਤ ਗੈਸਾਂ ਦੀ ਨਿਕਾਸੀ ਨੂੰ 20 ਫ਼ੀਸਦੀ ਘੱਟ ਕਰਨਾ, ਊਰਜਾ ਦੇ ਨਵਿਆਉਣ ਯੋਗ ਸਾਧਨਾਂ ਦੀ ਵਰਤੋਂ 'ਚ 20 ਫ਼ੀਸਦੀ ਵਾਧਾ ਕਰਨਾ ਤੇ ਊਰਜਾ ਸਮਰੱਥਾ 'ਚ 20 ਫ਼ੀਸਦੀ ਵਾਧਾ ਕਰਨਾ।

ਇੱਥੇ ਇਹ ਦੱਸਣਯੋਗ ਹੈ ਕਿ ਅਮਰੀਕਾ ਵੱਲੋਂ ਇਸ ਸਮਝੌਤੇ ਤੋਂ ਪਿੱਛੇ ਹਟਣ ਦੇ ਸੰਕੇਤ ਦਿੱਤੇ ਗਏ ਸਨ ਪਰ ਹੁਣ ਰਾਸ਼ਟਰਪਤੀ ਜੋਅ ਬਾਇਡਨ ਨੇ ਪੈਰਿਸ ਸਮਝੌਤੇ ਨੂੰ ਇੰਨ-ਬਿੰਨ ਲਾਗੂ ਕਰਨ ਦਾ ਭਰੋਸਾ ਦਿਵਾਇਆ ਹੈ । ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਲਮੀ ਤਪਸ਼ ਨੂੰ ਰੋਕਣ ਲਈ ਸਰਕਾਰ ਕੀ ਕਦਮ ਚੁੱਕੇ। ਸਰਕਾਰ ਨੂੰ ਚਾਹੀਦਾ ਹੈ ਕਿ ਈ-ਵਾਹਨਾਂ ਦੇ ਉਤਪਾਦਨ ਤੇ ਵਿਕਰੀ ਨੂੰ ਉਤਸ਼ਾਹਿਤ ਕਰਨ ਲਈ ਲੋਕਾਂ ਨੂੰ ਸਬਸਿਡੀ ਭਾਵ ਸਰਕਾਰੀ ਮਦਦ ਦੇਵੇ । ਬਿਜਲੀ ਪੈਦਾ ਕਰਨ ਵਾਲੇ ਕਾਰਖਾਨਿਆਂ 'ਚ ਸੂਰਜੀ ਊਰਜਾ ਦੀ ਵਰਤੋਂ ਜ਼ਿਆਦਾ ਤੋਂ ਜ਼ਿਆਦਾ ਕਰ ਕੇ ਕੋਲੇ, ਪੈਟਰੋਲ ਤੇ ਡੀਜ਼ਲ ਦੀ ਵਰਤੋਂ ਨੂੰ ਘੱਟ ਕੀਤਾ ਜਾਵੇ । ਨਿਊਕਲੀ ਊਰਜਾ ਵਾਲੇ ਜ਼ਿਆਦਾ ਤੋਂ ਜ਼ਿਆਦਾ ਕਾਰਖਾਨੇ ਲਾ ਕੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਨੂੰ ਘੱਟ ਕੀਤਾ ਜਾ ਸਕਦਾ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਸੋਲਰ ਪਲਾਂਟ ਲਾਉਣ ਵਾਸਤੇ ਲੋਕਾਂ ਨੂੰ ਸਬਸਿਡੀ ਦੇ ਕੇ ਗਰੀਨ ਊਰਜਾ ਨੂੰ ਉਤਸ਼ਾਹਿਤ ਕਰੇ।

ਇਕ ਆਮ ਆਦਮੀ ਵੀ ਆਲਮੀ ਤਪਸ਼ ਨੂੰ ਘੱਟ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ । ਹਰੇਕ ਆਦਮੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਘਰਾਂ, ਸਕੂਲਾਂ-ਕਾਲਜਾਂ, ਦਫ਼ਤਰਾਂ, ਕਾਰਖਾਨਿਆਂ ਅਤੇ ਕੰਮ-ਕਾਜ ਵਾਲੀਆਂ ਥਾਵਾਂ ਉੱਤੇ ਬਿਜਲੀ ਤੇ ਹੋਰ ਊਰਜਾ ਸਾਧਨਾਂ ਦੀ ਉਚਿਤ ਵਰਤੋਂ ਕਰੇ। ਇਕ ਆਮ ਆਦਮੀ ਆਵਾਜਾਈ ਦੇ ਨਿੱਜੀ ਸਾਧਨਾਂ ਦੀ ਵਰਤੋਂ ਕਰਨ ਦੀ ਬਜਾਏ ਜਨਤਕ ਸਾਧਨਾਂ ਦੀ ਵਰਤੋਂ ਕਰ ਕੇ ਪੈਟਰੋਲ ਅਤੇ ਡੀਜ਼ਲ ਆਦਿ ਵਰਤਣ 'ਤੇ ਨਿਕਲਣ ਵਾਲੀਆਂ ਗੈਸਾਂ ਨੂੰ ਘੱਟ ਕਰ ਸਕਦਾ ਹੈ ਤੇ ਈ-ਵਾਹਨਾਂ ਦੀ ਵਰਤੋਂ ਕਰ ਕੇ ਧਰਤੀ ਦੇ ਸਮੂਹ ਜੀਵਾਂ ਨੂੰ ਆਲਮੀ ਤਪਸ਼ ਦੇ ਹੋਣ ਵਾਲੇ ਨਾਂਹ-ਪੱਖੀ ਪ੍ਰਭਾਵਾਂ ਤੋਂ ਬਚਾ ਸਕਦਾ ਹੈ।

# ਬੜੀ ਦੇਰ ਬਾਅਦ ਜਾਗੀ ਸਰਕਾਰ, ਹੁਣ ਖੁੱਲ੍ਹੇਆਮ ਨਹੀਂ ਵਰਤੇ ਜਾ ਸਕਣਗੇ ਹਥਿਆਰ

ਪੰਜਾਬ ਸਰਕਾਰ ਨੇ ਇਕ ਵਾਰ ਫਿਰ ਸੂਬਾ ਪੁਲਿਸ ਨੂੰ ਹਥਿਆਰ ਚੁੱਕ ਕੇ ਚੱਲਣ ਵਾਲਿਆਂ ਵਿਰੁੱਧ ਸਖ਼ਤੀ ਕਰਨ ਲਈ ਕਿਹਾ ਹੈ। ਇਕ ਹਫ਼ਤੇ ਅੰਦਰ ਹੀ ਪਹਿਲਾਂ ਅੰਮ੍ਰਿਤਸਰ 'ਚ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਤੇ ਫਿਰ ਕੋਟਕਪੂਰਾ 'ਚ ਪ੍ਰਦੀਪ ਇੰਸਾਂ ਦੇ ਕਤਲ ਕਾਰਨ ਅਜਿਹੀ ਸਖ਼ਤੀ ਤੇ ਚੌਕਸੀ ਡਾਢੀ ਜ਼ਰੂਰੀ ਵੀ ਸੀ। ਸੂਬੇ ਦੇ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਵੱਲੋਂ ਪੰਜਾਬ ਪੁਲਿਸ ਦੇ ਡੀਜੀਪੀ ਤੇ ਹੋਰ ਅਧਿਕਾਰੀਆਂ ਨੂੰ ਇਸ ਸਬੰਧੀ ਇਕ ਮੀਮੋ ਰਾਹੀਂ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਹੁਣ ਤਕ ਜਾਰੀ ਸਾਰੇ ਅਸਲਾ ਲਾਇਸੈਂਸਾਂ ਦੀ ਸਮੀਖਿਆ ਕੀਤੀ ਜਾਵੇਗੀ ਤੇ ਜੇ ਕੋਈ ਲਾਇਸੈਂਸ ਕਿਸੇ ਗ਼ਲਤ ਅਨਸਰ ਨੂੰ ਜਾਰੀ ਕੀਤਾ ਪਾਇਆ ਜਾਂਦਾ ਹੈ ਤਾਂ ਉਹ ਤੁਰੰਤ ਰੱਦ ਕੀਤਾ ਜਾਵੇ। ਇਸ ਨੁਕਤੇ ਬਾਰੇ ਇਹੋ ਕਿਹਾ ਜਾ ਸਕਦਾ ਹੈ ਕਿ ਪੰਜਾਬ 'ਚ ਇਸ ਵੇਲੇ ਜਿੰਨੀਆਂ ਵੀ ਘਿਨਾਉਣੀਆਂ ਤੇ ਹਿੰਸਕ ਵਾਰਦਾਤਾਂ ਵਾਪਰ ਰਹੀਆਂ ਹਨ, ਉਨ੍ਹਾਂ 'ਚ ਆਮ ਤੌਰ 'ਤੇ ਲਾਇਸੈਂਸੀ ਹਥਿਆਰਾਂ ਦੀ ਤਾਂ ਵਰਤੋਂ ਕਦੇ ਕੀਤੀ ਹੀ ਨਹੀਂ ਜਾਂਦੀ। ਗੈਂਗਸਟਰਾਂ ਤੇ ਹੋਰ ਸਮਾਜ-ਵਿਰੋਧੀ ਅਨਸਰਾਂ ਕੋਲ ਨਾਜਾਇਜ਼ ਹਥਿਆਰ ਕਿੱਥੋਂ ਆਉਂਦੇ ਹਨ, ਅਸਲ 'ਚ ਇਸ ਦੀ ਨਿੱਠ ਕੇ ਜਾਂਚ-ਪੜਤਾਲ ਕਰਨ ਦੀ ਜ਼ਰੂਰਤ ਹੈ। ਆਖ਼ਰ ਇਹ ਨਾਜਾਇਜ਼ ਹਥਿਆਰ ਕਿਵੇਂ ਤੇ ਕਿੱਥੋਂ ਆ ਜਾਂਦੇ ਹਨ? ਕੀ ਹਿੰਸਕ ਵਾਰਦਾਤਾਂ 'ਚ ਵਰਤੇ ਜਾਣ ਵਾਲੇ ਸਾਰੇ ਹਥਿਆਰ ਡਰੋਨਾਂ ਰਾਹੀਂ ਪਾਕਿਸਤਾਨ ਤੋਂ ਹੀ ਆ ਰਹੇ ਹਨ? ਇਸ ਮਸਲੇ ਦਾ ਸਿਰ ਜੋੜ ਕੇ ਹੱਲ ਲੱਭਣਾ ਹੋਵੇਗਾ। ਇਸ ਮਾਮਲੇ 'ਚ ਸੜਕਾਂ ਅਤੇ ਟੋਲ-ਪਲਾਜ਼ਿਆਂ ਜਾਂ ਆਮ ਨਾਕਿਆਂ 'ਤੇ ਅਜਿਹੇ ਅਤਿ-ਆਧੁਨਿਕ ਸੈਂਸਰਾਂ ਵਾਲੇ ਸਕੈਨਰ ਲਾਏ ਜਾ ਸਕਦੇ ਹਨ, ਜਿੱਥੇ ਸੁਰੱਖਿਆ ਜਵਾਨਾਂ ਨੂੰ ਕਿਸੇ ਵੀ ਵਾਹਨ 'ਚ ਨਸ਼ੀਲੇ ਪਦਾਰਥਾਂ ਤੇ ਅਸਲੇ ਬਾਰੇ ਤੁਰੰਤ ਜਾਣਕਾਰੀ ਮਿਲ ਸਕੇ। ਇਸ ਦੇ ਨਾਲ ਹੀ ਸਰਕਾਰ ਵੱਲੋਂ ਜਾਰੀ ਤਾਜ਼ਾ ਹਦਾਇਤਾਂ 'ਚ ਅੱਗੇ ਹੁਕਮ ਦਿੱਤਾ ਗਿਆ ਹੈ ਕਿ ਅਗਲੇ ਤਿੰਨ ਮਹੀਨਿਆਂ ਦੌਰਾਨ ਕੋਈ ਵੀ ਨਵਾਂ ਲਾਇਸੈਂਸ ਜਾਰੀ ਨਾ ਕੀਤਾ ਜਾਵੇ ਤੇ ਜੇ ਕਿਸੇ ਖ਼ਾਸ ਮਾਮਲੇ 'ਚ ਜ਼ਰੂਰਤ ਹੋਵੇ, ਕੇਵਲ ਉਸ ਨੂੰ ਹੀ ਜਾਰੀ ਕੀਤਾ ਜਾਵੇ। ਹੁਣ ਸਰਕਾਰ ਨੇ ਪੁਲਿਸ ਨੂੰ ਹਦਾਇਤਾਂ ਜਾਰੀ ਕਰ ਕੇ ਇਕ ਤਰ੍ਹਾਂ ਆਮ ਜਨਤਾ ਨੂੰ ਵੀ ਇਸ ਪਾਸੇ ਚੌਕਸ ਕਰਨ ਦੀ ਹੀ ਗੱਲ ਕੀਤੀ ਹੈ। ਪਿੰਡ 'ਚ ਕਿਹੜੇ ਵਿਅਕਤੀ ਕੋਲ ਨਾਜਾਇਜ਼ ਅਸਲਾ ਹੈ, ਇਸ ਬਾਰੇ ਸਮੂਹ ਵਾਸੀਆਂ ਨੂੰ ਜਾਣਕਾਰੀ ਹੁੰਦੀ ਹੈ। ਇਸ ਲਈ ਅਜਿਹੇ ਅਸਲਾ-ਧਾਰਕਾਂ ਵਿਰੁੱਧ ਹੁਣ ਬੱਚੇ-ਬੱਚੇ ਨੂੰ ਜਾਗਰੂਕ ਹੋ ਕੇ ਉਨ੍ਹਾਂ ਤੋਂ ਡਰਨ ਦੀ ਥਾਂ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਡੱਕਣ 'ਚ ਮਦਦ ਕਰਨੀ ਚਾਹੀਦੀ ਹੈ। ਹੁਣ ਕੋਈ ਵੀ ਵਿਅਕਤੀ ਜਾਂ ਜਥੇਬੰਦੀ ਹਥਿਆਰਾਂ ਦਾ ਪੰਜਾਬ 'ਚ ਕਿਸੇ ਵੀ ਸਥਾਨ 'ਤੇ ਪ੍ਰਦਰਸ਼ਨ ਨਹੀਂ ਕਰ ਸਕੇਗਾ, ਸੋਸ਼ਲ ਮੀਡੀਆ 'ਤੇ ਵੀ ਨਹੀਂ। ਇਹ ਹਕੀਕਤ ਹੈ ਕਿ ਅੱਜ-ਕੱਲ੍ਹ ਆਮ ਲੋਕਾਂ 'ਚ ਭੜਕਾਹਟ ਪੈਦਾ ਕਰਨ ਲਈ ਸੋਸ਼ਲ ਮੀਡੀਆ ਦੀ ਹੀ ਵਰਤੋਂ ਸਭ ਤੋਂ ਵੱਧ ਕੀਤੀ ਜਾ ਰਹੀ ਹੈ।



ਹਥਿਆਰਾਂ ਦੇ ਵਿਆਹਾਂ ਤੇ ਹੋਰ ਜਨਤਕ ਪ੍ਰਦਰਸ਼ਨ 'ਤੇ ਪਾਬੰਦੀਆਂ ਤਾਂ ਪਹਿਲਾਂ ਤੋਂ ਹੀ ਲਾਗੂ ਹਨ, ਸਰਕਾਰ ਨੇ ਪੁਲਿਸ ਨੂੰ ਸਿਰਫ਼ ਉਨ੍ਹਾਂ ਬਾਰੇ ਮੁੜ ਚੇਤਾ ਹੀ ਕਰਵਾਇਆ ਹੈ। ਇਹ ਹਦਾਇਤਾਂ ਇਕ ਤਰ੍ਹਾਂ ਗੈਂਗਸਟਰਾਂ ਨੂੰ ਚੇਤਾਵਨੀ ਵੀ ਹਨ। ਅਗਲੇ ਕੁਝ ਦਿਨਾਂ 'ਚ ਵੱਖੋ-ਵੱਖਰੇ ਇਲਾਕਿਆਂ 'ਚ ਅਚਨਚੇਤ ਚੈਕਿੰਗ ਕੀਤੀ ਜਾਵੇਗੀ। ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਦੇਣ ਵਾਲੇ ਵਿਰੁੱਧ ਐੱਫਆਈਆਰ ਦਰਜ ਕੀਤੀ ਜਾਵੇਗੀ ਤੇ ਅਜਿਹੇ ਅਨਸਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜੇ ਇਹ ਸਾਰੇ ਨਿਰਦੇਸ਼ ਇੰਨ-ਬਿੰਨ ਲਾਗੂ ਹੋ ਜਾਂਦੇ ਹਨ ਤਾਂ ਰਾਜ ਦੀਆਂ ਕਾਨੂੰਨ ਵਿਵਸਥਾ ਦੀਆਂ ਬਹੁਤੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ। ਪੁਲਿਸ ਨੂੰ ਪਿੰਡਾਂ ਦੀਆਂ ਪੰਚਾਇਤਾਂ ਤੇ ਆਮ ਲੋਕਾਂ ਦੇ ਸਹਿਯੋਗ ਨਾਲ ਗ਼ਲਤ ਅਨਸਰਾਂ ਦਾ ਖ਼ਾਤਮਾ ਕਰਨਾ ਹੋਵੇਗਾ।

# ਜੇ ਇਨਸਾਨ ਦੇ ਹੱਥ-ਵੱਸ ਸਾਰਾ ਕੁਝ ਹੁੰਦਾ ਤਾਂ ਧਰਤੀ ਹੋਰ ਤਰ੍ਹਾਂ ਦੀ ਹੋਣੀ ਸੀ

**ਤਰਸੇਮ ਲੰਡੇ**

ਮਰਨਾ ਸੱਚ ਤੇ ਜਿਊਣਾ ਝੂਠ ਹੈ ਪਰ ਹਰ ਕੋਈ ਇਹ ਗੱਲ ਸ਼ਮਸ਼ਾਨਘਾਟ ਤਕ ਹੀ ਆਪਣੇ ਦਿਮਾਗ ਵਿਚ ਰੱਖਦਾ ਹੈ। ਬਾਹਰ ਆਉਂਦਿਆਂ ਹੀ ਆਪਣੇ ਮੂੰਹ-ਹੱਥ ਧੋ ਕੇ ਉਹ ਇਹ ਗੱਲ ਮਨੋਂ ਵਿਸਾਰ ਦਿੰਦਾ ਹੈ। ਘਰ ਆ ਕੇ ਹਰ ਕੋਈ ਅਟੱਲ ਸੱਚਾਈ ਭੁੱਲ ਜਾਂਦਾ ਹੈ। ਫਿਰ ਤੋਂ ਝੂਠ, ਧੋਖਾ, ਪਾਪ ਤੇ ਲੱਤ ਖਿੱਚਣ ਦੀ ਬਿਰਤੀ ਭਾਰੂ ਹੋ ਜਾਂਦੀ ਹੈ। ਇਨਸਾਨ ਨੇ ਇੱਥੋਂ ਲੈ ਵੀ ਕੀ ਜਾਣਾ ਹੈ। ਫਿਰ ਕਿਉਂ ਉਹ ਇੱਥੇ ਮੇਰੀ-ਮੇਰੀ ਤੇ ਸ਼ਰੀਕੇਬਾਜ਼ੀ ਦੇ ਚੱਕਰ ਵਿਚ ਫਸਿਆ ਪਿਆ ਹੈ। ਅਗਲਾ ਸ਼ਬਦ ਹੈ 'ਜੇ'। ਅਸੀਂ ਸੋਚਦੇ ਹਾਂ ਕਿ ਜੇ ਏਦਾਂ ਹੁੰਦਾ ਤਾਂ ਇਉਂ ਹੋ ਜਾਣਾ ਸੀ। ਜੇ ਮੈਂ ਪ੍ਰਧਾਨ -ਮੰਤਰੀ ਹੁੰਦਾ ਤਾਂ ਇਉਂ ਕਰ ਦਿੰਦਾ। ਦੇਸ਼ ਨੂੰ ਇਉਂ ਚਲਾਉਣਾ ਸੀ। ਸਭ ਫੋਕੀ ਸ਼ੋਹਰਤ ਕਮਾਉਣ ਦੀ ਦੌੜ ਵਿਚ ਲੱਗੇ ਹਨ। ਜੇ ਕੁਝ ਚੰਗਾ ਹੋ ਜਾਂਦਾ ਹੈ ਤਾਂ ਇਨਸਾਨ ਕਹਿੰਦਾ ਹੈ ਕਿ ਇਹ ਮੈਂ ਕਰ 'ਤਾ। ਜੇ ਮਾੜਾ ਹੋ ਜਾਏ ਤਾਂ ਰੱਬ ਨੇ...। ਜੇ ਮੈਂ ਬਿਮਾਰ ਵਿਅਕਤੀ ਕੋਲ ਹੁੰਦਾ ਤਾਂ ਉਹਨੂੰ ਮਰਨ ਨਹੀਂ ਦੇਣਾ ਸੀ ਅਤੇ ਜੇ ਅਸੀਂ ਕੋਲ ਹੋਈਏ ਤੇ ਅਗਲਾ ਅਗਲੇ ਰਾਹ ਤੁਰ ਜਾਵੇ ਤਾਂ ਅਸੀਂ ਕਹਿੰਦੇ ਹਾਂ ਕਿ ਰੱਬ ਨੇ ਕਰ ਦਿੱਤਾ। ਜੋ ਉਸ ਨੂੰ ਮਨਜ਼ੂਰ ਸੀ। ਜੋ ਕੁਝ ਹੋਣਾ ਉਹ ਹੋ ਕੇ ਹੀ ਰਹਿੰਦਾ ਹੈ। ਜੇ ਇਨਸਾਨ ਦੇ ਹੱਥ-ਵੱਸ ਸਾਰਾ ਕੁਝ ਹੁੰਦਾ ਤਾਂ ਧਰਤੀ ਹੋਰ ਤਰ੍ਹਾਂ ਦੀ ਹੋਣੀ ਸੀ। ਫਿਰ ਕੁਦਰਤ ਦੇ ਵਰਤਾਰੇ ਨੂੰ ਕੌਣ ਸਮਝਦਾ ਤੇ ਰੱਬ ਨੂੰ ਕੌਣ ਮੰਨਦਾ?



ਦੋ ਇਸ ਤਰ੍ਹਾਂ ਦੀਆਂ ਹੀ ਘਟਨਾਵਾਂ ਸਾਡੇ ਪਰਿਵਾਰ ਵਿਚ ਘਟੀਆਂ। ਇਕ ਵਿਚ 'ਜੇ' ਤੇ ਦੂਜੀ ਵਿਚ 'ਪਰਮਾਤਮਾ'। ਹਰਜਿੰਦਰ ਸਿੰਘ ਮੇਰੇ ਤਾਏ ਦਾ ਮੁੰਡਾ ਸੀ। ਉੱਚਾ-ਲੰਮਾ ਤੇ ਛੈਲ-ਛਬੀਲਾ ਗੱਭਰੂ। ਕੱਦ-ਕਾਠ ਪੂਰਾ ਹੋਣ ਕਰ ਕੇ ਉਹਨੇ ਕਿਸੇ ਤੋਂ ਪਿੱਠ ਨਹੀਂ ਸੀ ਲਵਾਈ। ਦਸਵੀਂ ਪਾਸ ਕਰਨ ਉਪਰੰਤ ਉਹ ਫ਼ੌਜ ਵਿਚ ਭਰਤੀ ਹੋ ਗਿਆ। ਜਿਸ ਨਾਲ ਉਸ ਦਾ ਵਿਆਹ ਹੋਇਆ ਸੀ, ਉਹ ਮੇਰੀ ਭਰਜਾਈ ਨਹੀਂ ਬਲਕਿ ਮੰਮੀ ਦੇ ਚਾਚੇ ਦੀ ਕੁੜੀ ਸੀ। ਮੈਂ ਉਸ ਨੂੰ ਹਮੇਸ਼ਾ ਹੀ ਮਾਂ ਦੇ ਬਰਾਬਰ ਦਾ ਦਰਜਾ ਦਿੱਤਾ। ਕਦੇ ਭਰਜਾਈਆਂ ਵਾਲੀ ਮਸ਼ਕਰੀ ਤਕ ਨਾ ਕੀਤੀ। ਹਰਜਿੰਦਰ ਨੂੰ ਫ਼ੌਜ ਵਿਚ ਲਗਪਗ ਅਠਾਰਾਂ ਸਾਲ ਬੀਤ ਗਏ ਸਨ। ਹੁਣ ਉਹ ਸੇਵਾ-ਮੁਕਤ ਹੋ ਕੇ ਘਰ ਆ ਸਕਦਾ ਸੀ ਪਰ ਇਨਸਾਨ ਉਮਰ ਦੇ ਹਿਸਾਬ ਨਾਲ ਦੂਰ ਦੀ ਸੋਚਦਾ ਹੈ। ਕਬੀਲਦਾਰੀ ਦੇ ਮੱਦੇਨਜ਼ਰ ਉਹਨੇ ਹੋਰ ਸਮਾਂ ਨੌਕਰੀ ਦੇ ਲੇਖੇ ਲਾਉਣਾ ਚਾਹਿਆ। ਉਸ ਨੇ ਸੋਚਿਆ ਕਿ ਹੁਣ ਤਾਂ ਉਹ ਪਦਉੱਨਤ ਹੋ ਕੇ ਹੌਲਦਾਰ ਬਣਿਆ ਹੈ। ਕੁਝ ਸਮਾਂ ਇਹ ਮਾਣ-ਸਨਮਾਨ ਹੋਰ ਬਹਾਲ ਰੱਖਿਆ ਜਾਵੇ। ਸੰਨ 2012 ਵਿਚ ਉਸ ਦੀ ਤਾਇਨਾਤੀ ਸ੍ਰੀਨਗਰ ਦੀ ਸੀ ਜਿੱਥੇ ਉਸ ਦੇ ਦਿਮਾਗ ਦੀ ਨਾੜੀ ਫਟ ਗਈ ਅਤੇ ਮੌਤ ਹੋ ਗਈ। ਉਸ ਦੀ ਕੰਪਨੀ ਵਿੱਚੋਂ ਤਾਂ ਫੋਨ ਕਾਲ ਉਸ ਦੀ ਹਾਲਤ ਦੇ ਨਾਜ਼ੁਕ ਹੋਣ ਬਾਰੇ ਹੀ ਆਈ ਸੀ। ਮੌਤ ਬਾਰੇ ਉਨ੍ਹਾਂ ਨੇ ਯਕਦਮ ਨਹੀਂ ਦੱਸਿਆ ਸੀ। ਇਹ ਘਾਟਾ ਸਾਡੇ ਟੱਬਰ ਨੂੰ ਨਾ ਪੂਰਾ ਹੋਣ ਵਾਲਾ ਸੀ। ਸਾਰਾ ਪਰਿਵਾਰ ਏਸ ਗੱਲ ਨੂੰ ਕੋਸ ਰਿਹਾ ਸੀ ਕਿ 'ਜੇ' ਘਰ ਆਏ ਨੂੰ ਕੋਈ ਢਿੱਲ-ਮੱਠ ਹੁੰਦੀ ਤਾਂ ਉਹਦੀ ਕੋਈ ਓਹੜ-ਪੋਹੜ ਵੀ ਹੋ ਜਾਂਦੀ। 'ਜੇ' ਅਸੀਂ ਉਸ ਕੋਲ ਹੁੰਦੇ ਤਾਂ ਸ਼ਾਇਦ ਉਹ ਬਚ ਜਾਂਦਾ। ਹੋ ਸਕਦਾ ਹੈ, ਮਹਿਕਮੇ ਨੇ ਉਸ ਨੂੰ ਹਸਪਤਾਲ ਪਹੁੰਚਾਉਣ ਵਿਚ ਦੇਰੀ ਕਰ ਦਿੱਤੀ ਹੋਵੇ। ਹੋ ਸਕਦਾ ਉਸ ਦਾ ਇਲਾਜ ਸਹੀ ਤਰ੍ਹਾਂ ਨਾ ਹੋ ਸਕਿਆ ਹੋਵੇ। ਸਭ ਦੇ ਮਨ ਅੰਦਰ ਤਰ੍ਹਾਂ-ਤਰ੍ਹਾਂ ਦੇ ਸ਼ੰਕੇ ਖੜ੍ਹੇ ਹੋ ਰਹੇ ਸਨ ਪਰ ਹੁਣ ਇਹ ਸਭ ਕੁਝ ਵਿਅਰਥ ਸੀ।

ਦੂਜੀ ਘਟਨਾ ਮੇਰੀ ਤਾਈ ਨਾਲ ਸਬੰਧਤ ਸੀ ਮਤਲਬ ਹਰਜਿੰਦਰ ਦੀ ਮਾਤਾ ਨਾਲ। ਉਸ ਨੂੰ ਮੈਂ 'ਬੀਬੀ' ਕਹਿ ਕੇ ਬੁਲਾਉਂਦਾ ਸੀ। ਹਰਜਿੰਦਰ ਦੀ ਮੌਤ ਤੋਂ ਬਾਅਦ ਬੀਬੀ ਤਾਏ ਨੂੰ ਹਰ ਵਕਤ ਮਨ ਕਰੜਾ ਰੱਖਣ ਦਾ ਧਰਵਾਸਾ ਦਿੰਦੀ ਪਰ ਉਹ ਆਪ ਉਹਲੇ ਹੋ ਕੇ ਰੋ-ਰੋ ਕੇ ਅੱਖਾਂ ਸੁਜਾ ਲੈਂਦੀ। ਆਂਢ-ਗੁਆਂਢ ਜਾਂ ਪਿੰਡ ਵਿਚ ਜੇ ਉਹ ਕਿਸੇ ਦੇ ਦੁੱਖ ਵਿਚ ਸ਼ਰੀਕ ਹੋਣ ਜਾਂਦੀ ਤਾਂ ਡੂੰਘੇ ਹੰਝੂ ਵਹਾਉਂਦੀ। ਜੇ ਕਿਸੇ ਦੇ ਸੱਥਰ 'ਤੇ ਬਹਿਣ ਜਾਂਦੀ ਤਾਂ ਪਿੱਟ-ਪਿੱਟ ਕੇ ਛਾਤੀ ਲਾਲ ਕਰ ਲੈਂਦੀ। ਵੈਣ ਪਾਉਂਦੀ ਝੱਲੀ ਨਾ ਜਾਂਦੀ। ਸੰਨ 2013 ਵਿਚ ਸਤੰਬਰ ਮਹੀਨਾ ਚੱਲ ਰਿਹਾ ਸੀ। ਅਚਾਨਕ ਇਕ ਸਵੇਰ ਕਰੀਬ ਤਿੰਨ ਕੁ ਵਜੇ 'ਬੀਬੀ' ਦੀ ਸਿਹਤ ਕਾਫ਼ੀ ਵਿਗੜ ਗਈ। ਪਿੰਡ ਦੇ ਡਾਕਟਰ ਨੂੰ ਘਰ ਬੁਲਾਇਆ ਗਿਆ। ਉਹਨੇ 'ਬੀਬੀ' ਨੂੰ ਸ਼ਹਿਰ ਦੇ ਹਸਪਤਾਲ ਵਿਚ ਲੈ ਕੇ ਜਾਣ ਦੀ ਸਲਾਹ ਦਿੱਤੀ। ਬਾਈ ਦੀ ਮੌਤ ਤੋਂ ਬਾਅਦ ਮੈਂ ਤਾਏ ਦੇ ਪਰਿਵਾਰ ਲਈ ਪੂਰੀ ਤਰ੍ਹਾਂ ਸਮਰਪਿਤ ਹੋ ਗਿਆ ਸੀ। ਬਾਕੀ ਮਾਸੀ ਨੂੰ ਮੰਮੀ ਝੋਲੀ ਪਾ ਕੇ ਲੈ ਕੇ ਆਈ ਸੀ ਅਤੇ ਸਾਡਾ ਇਹ ਫ਼ਰਜ਼ ਵੀ ਬਣਦਾ ਸੀ। ਪਿੰਡ ਵਾਲੇ ਆਰਐੱਮਪੀ ਡਾਕਟਰ ਨੇ ਨਾਮੀ ਹਸਪਤਾਲ ਦੇ ਮੁੱਖ ਡਾਕਟਰ ਨੂੰ ਪਹਿਲਾਂ ਹੀ 'ਬੀਬੀ' ਦੀ ਹਾਲਤ ਬਾਰੇ ਫੋਨ ਕਰ ਦਿੱਤਾ ਸੀ। ਸਾਡੇ ਜਾਣ ਸਾਰ ਡਾਕਟਰ ਬੀਬੀ ਦਾ ਚੈੱਕਅੱਪ ਕਰਨ ਲਈ ਆ ਗਿਆ। ਅਸੀਂ ਸਾਰੇ ਜਣੇ ਐਮਰਜੈਂਸੀ ਦੇ ਬਾਹਰ ਖੜ੍ਹੇ ਹੱਥ ਮਲ ਰਹੇ ਸਾਂ। ਕੁਝ ਸਮੇਂ ਬਾਅਦ ਡਾਕਟਰ ਬਾਹਰ ਆਇਆ। ਉਸ ਨੇ ਮੇਰੀ ਬਾਂਹ ਫੜੀ ਤੇ ਮੈਨੂੰ ਆਪਣੇ ਨਾਲ ਤੋਰ ਲਿਆ। ਮੱਧਮ ਜਿਹੀ ਆਵਾਜ਼ ਵਿਚ ਉਹ ਮੈਨੂੰ ਪੁੱਛਣ ਲੱਗਾ," ਇਹ ਮਾਤਾ ਤੁਹਾਡੀ ਕੀ ਲੱਗਦੀ ਐ...?"

"ਸਰ, ਇਹ ਮੇਰੇ ਬੀਬੀ ਜੀ ਹਨ, ਮਤਲਬ ਤਾਈ ਜੀ।" ਤੇਜ਼ ਧੜਕਦੇ ਦਿਲ ਤੇ ਕੰਬਦੇ ਹੋਠਾਂ ਨਾਲ ਮੈਂ ਕਿਹਾ।

"ਅਸਲ ਵਿਚ ਇਨ੍ਹਾਂ ਦਾ ਹਰਟ ਫੇਲ੍ਹ ਹੋ ਗਿਆ ਹੈ ਅਤੇ ਇਨ੍ਹਾਂ ਦੇ ਬਚਣ ਦੀ ਸੰਭਾਵਨਾ ਬਹੁਤ ਘੱਟ ਹੈ।" ਸੁਣਦਿਆਂ ਸਾਰ ਮੇਰੇ ਤਾਂ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਮੈਂ ਡਾਕਟਰ ਨੂੰ ਕਿਹਾ," ਡਾਕਟਰ ਸਾਬ੍ਹ, ਕੋਈ ਹੱਲ ਕਰੋ ਜੀ। ਜੇ ਕਿਤੇ ਹੋਰ ਲਿਜਾਣਾ ਪੈਣਾ ਤਾਂ ਅਸੀਂ ਲੈ ਜਾਂਦੇ ਹਾਂ, ਸਾਨੂੰ ਦੱਸ ਦਿਉ, ਅਸੀਂ ਉੱਥੇ ਲੈ ਜਾਂਦੇ ਹਾਂ।"

"ਦੇਖ ਲਓ, ਕਿਤੇ ਮਰਜ਼ੀ ਲੈ ਜਾਓ। ਇਨ੍ਹਾਂ ਦਾ ਦਿਲ ਪੰਪ ਬਹੁਤ ਘੱਟ ਕਰ ਰਿਹਾ ਹੈ। ਹੱਲ ਕੋਈ ਨਹੀਂ। ਅਸੀਂ ਇਕ ਵਾਰ ਇਲਾਜ ਸ਼ੁਰੂ ਕਰਦੇ ਹਾਂ। ਅੱਗੇ ਵਾਹਿਗੁਰੂ ਹੈ।" ਉੱਧਰ ਬੀਬੀ ਦੀ ਹਾਏ-ਬੂਅ ਸਾਥੋਂ ਝੱਲੀ ਨਹੀਂ ਸੀ ਜਾ ਰਹੀ। ਇਸ ਹਾਲਤ ਵਿਚ ਬੀਬੀ ਨੂੰ ਕਿਸੇ ਹੋਰ ਹਸਪਤਾਲ ਲੈ ਕੇ ਜਾਣਾ ਵਧੇਰੇ ਖ਼ਤਰਨਾਕ ਸੀ। ਅਸੀਂ ਇਹ ਖ਼ਤਰਾ ਮੁੱਲ ਲੈਣ ਦਾ ਹੀਆ ਨਾ ਕਰ ਸਕੇ। ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਹਸਪਤਾਲ ਵਾਲਿਆਂ ਨੇ ਇਕ ਪ੍ਰਿੰਟਡ ਕਾਗਜ਼ ਉੱਪਰ ਮੇਰੇ ਦਸਤਖ਼ਤ ਲੈ ਲਏ। ਅਸਲ ਵਿਚ ਉਹ ਅੱਖਰ ਮੈਨੂੰ ਧੁੰਦਲੇ-ਧੁੰਦਲੇ ਦਿਸ ਰਹੇ ਸਨ। ਬਾਕੀ ਮੈਨੂੰ ਪਤਾ ਹੀ ਸੀ ਉਨ੍ਹਾਂ ਉੱਪਰ ਕੀ ਲਿਖਿਆ ਹੋਣਾ। ਡਾਕਟਰ ਜਿਹੜੇ ਟੈਸਟ ਕਰਾਉਣ ਜਾਂ ਦਵਾਈ ਲਿਆਉਣ ਲਈ ਕਹਿੰਦਾ ਤਾਂ ਮੈਂ ਕਾਹਲੇ ਕਦਮੀਂ ਆ-ਜਾ ਰਿਹਾ ਸੀ। ਉਮੀਦ ਸੀ ਕਿ ਸ਼ਾਇਦ ਪਰਮਾਤਮਾ ਭਲੀ ਕਰ ਦੇਵੇ ਪਰ ਉਸ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਤੱਪਦਿਆਂ-ਘੁੱਟਦਿਆਂ ਤੋਂ ਹੀ 'ਬੀਬੀ' ਇਸ ਫਾਨੀ ਜਹਾਨ ਨੂੰ ਸਦਾ ਲਈ ਅਲਵਿਦਾ ਆਖ ਗਈ। ਅਸੀਂ ਚਾਹੁੰਦੇ ਹੋਏ ਵੀ ਕੁਝ ਨਾ ਕਰ ਸਕੇ।

'ਪਰਮਾਤਮਾ' ਦਾ ਭਾਣਾ ਮੰਨ ਕੇ ਸਭ ਕੁਝ ਜਰਨਾ ਹੀ ਪੈਣਾ ਸੀ ਪਰ ਜੇ ਵੱਸ ਚੱਲਦਾ ਹੁੰਦਾ ਤਾਂ ਅਸੀਂ ਇਹ ਵਰਤਾਰਾ ਨਾ ਹੋਣ ਦਿੰਦੇ। ਹੁਣ ਜਦ ਸੈਂਕੜੇ ਕੋਹਾਂ ਦੂਰ ਹੋਈ ਬਾਈ ਦੀ ਮੌਤ ਦਾ ਕਿਤੇ ਕੋਈ ਜ਼ਿਕਰ ਹੁੰਦਾ ਹੈ ਜਾਂ ਜਦੋਂ ਉਸ ਦੀ ਹੋਣੀ ਦੀ ਕੋਈ ਗੱਲ ਤੁਰਦੀ ਹੈ ਕਿ 'ਕਾਸ਼! ਕਿਤੇ ਉਹ ਘਰ ਹੁੰਦਾ ਤਾਂ ਸ਼ਾਇਦ ਬਚ ਜਾਂਦਾ।' ਤਾਂ ਅਗਲੇ ਹੀ ਪਲ ਇਹ ਸੋਚ ਕੇ ਦਿਲ ਨੂੰ ਧਰਵਾਸ ਦੇਈਦਾ ਹੈ ਕਿ ਬੀਬੀ ਤਾਂ ਘਰ ਹੀ ਸੀ ਅਤੇ ਹੈ ਵੀ ਸਾਡੇ ਸਾਰਿਆਂ ਦੇ ਹੱਥਾਂ ਵਿਚ। ਉਸ ਦਾ ਅਸੀਂ ਕੀ ਕਰ ਲਿਆ। ਇਹ ਤਾਂ ਉਸ ਮਾਲਕ ਦਾ ਭਾਣਾ ਹੈ। ਜੋ ਸਭ ਨੂੰ ਮੰਨਣਾ ਹੀ ਪੈਂਦਾ ਹੈ।

# ਅੱਤਵਾਦ ਦੇ ਮਦਦਗਾਰਾਂ 'ਤੇ ਸਖ਼ਤੀ ਨਾਲ ਚੋਟ ਕਰਨ ਦੀ ਜ਼ਰੂਰਤ

ਭਾਰਤ 'ਚ 'ਨੋ ਮਨੀ ਫਾਰ ਟੈਰਰ' ਭਾਵ 'ਦਹਿਸ਼ਤਗਰਦੀ ਫੈਲਾਉਣ ਲਈ ਕੋਈ ਧਨ ਨਹੀਂ' ਨਾਂ ਦਾ ਇਕ ਸੰਮੇਲਨ ਹੋਣ ਜਾ ਰਿਹਾ ਹੈ ਜੋ ਅੱਤਵਾਦੀਆਂ ਨੂੰ ਮਿਲਣ ਵਾਲੀ ਵਿੱਤੀ ਸਹਾਇਤਾ ਰੋਕਣ ਲਈ ਸਮੁੱਚੇ ਵਿਸ਼ਵ ਨੂੰ ਇਕਜੁੱਟ ਹੋਣ ਦਾ ਇਕ ਹੋਰ ਮੌਕਾ ਉਪਲਬਧ ਕਰਵਾਉਣ ਵਾਲਾ ਹੈ। ਇਸ ਸੰਮੇਲਨ ਦਾ ਭਾਰਤ 'ਚ ਹੋਣਾ ਇਸ ਲਈ ਵੀ ਅਹਿਮ ਹੈ ਕਿਉਂਕਿ ਇਸ ਤੋਂ ਪਹਿਲਾਂ ਇੰਟਰਪੋਲ ਅਤੇ ਸੰਯੁਕਤ ਰਾਸ਼ਟਰ ਦੀਆਂ ਅੱਤਵਾਦ ਵਿਰੋਧੀ ਕਮੇਟੀ ਦੀਆਂ ਬੈਠਕਾਂ ਵੀ ਦੇਸ਼ 'ਚ ਹੋ ਚੁੱਕੀਆਂ ਹਨ। ਅੱਤਵਾਦੀਆਂ ਨੂੰ ਮਿਲਣ ਵਾਲੀ ਮਦਦ ਤੇ ਪੁਸ਼ਤ-ਪਨਾਹੀ ਨੂੰ ਰੋਕਣ ਲਈ ਵਿਸ਼ਵ ਪੱਧਰ 'ਤੇ ਕੋਈ ਨਾ ਕੋਈ ਪ੍ਰਭਾਵਸ਼ਾਲੀ ਵਿਵਸਥਾ ਕਾਇਮ ਕਰਨੀ ਬਹੁਤ ਜ਼ਰੂਰੀ ਹੈ ਕਿਉਂਕਿ ਪਾਕਿਸਤਾਨ ਦੇ ਐੱਫਏਟੀਐੱਫ ਦੀ ਨਿਗਰਾਨੀ ਸੂਚੀ 'ਚੋਂ ਨਿਕਲਣ ਤੋਂ ਬਾਅਦ ਉੱਥੇ ਅੱਤਵਾਦੀ ਜੱਥੇਬੰਦੀਆਂ ਦੇ ਵਧਣ-ਫੁੱਲਣ ਦਾ ਖ਼ਤਰਾ ਦੁਬਾਰਾ ਪੈਦਾ ਹੋ ਗਿਆ ਹੈ। ਇਸ ਖ਼ਤਰੇ ਦਾ ਕਾਰਨ ਇਹ ਹੈ ਕਿ ਪਾਕਿਸਤਾਨ 'ਚ ਅੱਤਵਾਦੀ ਸੰਗਠਨ ਤਾਂ ਪਹਿਲਾਂ ਤੋਂ ਹੀ ਸਰਗਰਮ ਹਨ। ਇਸ ਤੋਂ ਇਲਾਵਾ ਇਹ ਤੱਥ ਵੀ



ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ ਕਿ ਪਾਕਿਸਤਾਨ ਨੇ ਇਕ ਬੇਹੱਦ ਸੋਚੀ-ਸਮਝੀ ਨੀਤੀ ਤਹਿਤ ਅੱਤਵਾਦੀ ਜੱਥੇਬੰਦੀਆਂ ਨੂੰ ਸੁਰੱਖਿਆ ਤੇ ਸਮਰਥਨ ਦੇਣਾ ਜਾਰੀ ਰੱਖਿਆ ਹੋਇਆ ਹੈ। ਐੱਫਏਟੀਐੱਫ ਭਾਵੇਂ ਇਸ ਗੱਲ ਤੋਂ ਸੰਤੁਸ਼ਟ ਹੋ ਗਿਆ ਹੈ ਕਿ ਪਾਕਿਸਤਾਨ ਨੇ ਅੱਤਵਾਦੀ ਜੱਥੇਬੰਦੀਆਂ ਨੂੰ ਪਾਲਣਾ ਬੰਦ ਕਰ ਦਿੱਤਾ ਹੈ ਪਰ ਅਸਲ ਹਾਲਾਤ ਇਸ ਦੇ ਉਲਟ ਹਨ ਪਰ ਉੱਥੇ ਅਨੇਕ ਕਿਸਮ ਦੇ ਅੱਤਵਾਦੀ ਸਰਗਨੇ ਹਾਲੇ ਵੀ ਪਲ਼ ਰਹੇ ਹਨ। ਇਨ੍ਹਾਂ 'ਚੋਂ ਕਈ ਤਾਂ ਅਜਿਹੇ ਹਨ ਜਿਨ੍ਹਾਂ ਉੱਤੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਪਾਬੰਦੀਆਂ ਲਾਉਣਾ ਚਾਹੁੰਦੀ ਹੈ ਪਰ ਚੀਨ ਦੇ ਅੜਿੱਕਿਆਂ ਕਾਰਨ ਅਜਿਹਾ ਨਹੀਂ ਹੋ ਰਿਹਾ ਹੈ। ਇਹ ਹੈਰਾਨੀਜਨਕ ਗੱਲ ਹੈ ਕਿ ਵਿਸ਼ਵ ਭਾਈਚਾਰੇ ਨੇ ਚੀਨ ਦੇ ਇਸ ਰਵੱਈਏ ਦੀ ਉਹੋ ਜਿਹੀ ਆਲੋਚਨਾ ਕਰਨੀ ਜ਼ਰੂਰੀ ਨਹੀਂ ਸਮਝੀ, ਜਿਹੋ ਜਿਹੀ ਇਸ ਮਾਮਲੇ 'ਚ ਚਾਹੀਦੀ ਸੀ। ਚੀਨ ਜਿਸ ਤਰ੍ਹਾਂ ਪਾਕਿਸਤਾਨੀ ਅੱਤਵਾਦੀਆਂ ਦੇ ਹੱਕ ਵਿਚ ਖੁੱਲ੍ਹ ਕੇ ਖੜ੍ਹਾ ਹੁੰਦਾ ਰਿਹਾ ਹੈ, ਉਸ ਤੋਂ ਸਹਿਜੇ ਹੀ ਇਹ ਸਮਝਿਆ ਜਾ ਸਕਦਾ ਹੈ ਕਿ ਵਿਸ਼ਵ ਅੱਤਵਾਦ ਦੀ ਲਗਾਮ ਕੱਸਣੀ ਕਿੰਨੀ ਔਖੀ ਹੈ। ਇਹ ਔਕੜਾਂ ਭਾਰਤ ਦੀ ਚਿੰਤਾ ਵਧਾਉਣ ਵਾਲੀਆਂ ਹਨ। ਫ਼ਿਲਹਾਲ ਇਹ ਕਹਿਣਾ ਔਖਾ ਹੈ ਕਿ 'ਨੋ ਮਨੀ ਫਾਰ ਟੈਰਰ' ਸੰਮੇਲਨ 'ਚ ਅੱਤਵਾਦੀ ਫੰਡਿੰਗ ਨੂੰ ਨੱਥ ਪਾਉਣ ਦੇ ਠੋਸ ਉਪਾਅ ਕੀਤੇ ਜਾ ਸਕਣਗੇ ਜਾਂ ਨਹੀਂ ਕਿਉਂਕਿ ਵਿਸ਼ਵ ਭਾਈਚਾਰਾ ਹਾਲੇ ਤਕ ਅੱਤਵਾਦ ਨੂੰ ਹੀ ਪਰਿਭਾਸ਼ਿਤ ਨਹੀਂ ਕਰ ਸਕਿਆ ਹੈ। ਇੰਨਾ ਹੀ ਨਹੀਂ, ਉਹ ਅੱਤਵਾਦੀ ਸੰਗਠਨਾਂ ਨੂੰ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਕਰਨ ਦੀ ਸਹੂਲਤ ਵੀ ਦਿੰਦੇ ਹਨ। ਇਹ ਗੱਲ ਕਿਸੇ ਤੋਂ ਲੁਕੀ ਹੋਈ ਨਹੀਂ ਹੈ ਕਿ ਅਫ਼ਗਾਨਿਸਤਾਨ 'ਚ ਤਾਲਿਬਾਨ ਦੇ ਕਾਬਜ਼ ਹੋਣ ਤੋਂ ਬਾਅਦ ਉੱਥੋਂ ਨਸ਼ਿਆਂ ਦੀ ਸਮੱਗਲਿੰਗ ਵਿਚ ਤੇਜ਼ੀ ਆਈ ਹੈ। ਇਸ ਵਿਚ ਪਾਕਿਸਤਾਨ ਦਾ ਹੱਥ ਕਿਸੇ ਤੋਂ ਵੀ ਲੁਕਿਆ ਹੋਇਆ ਨਹੀਂ ਹੈ। ਭਾਰਤ ਨੂੰ ਸਿਰਫ਼ ਇਸ ਲਈ ਹੀ ਸਰਗਰਮੀ ਨਹੀਂ ਵਿਖਾਉਣੀ ਹੋਵੇਗੀ ਕਿ ਅੱਤਵਾਦੀ ਜੱਥੇਬੰਦੀਆਂ ਨੂੰ ਫੰਡਿੰਗ ਰੋਕਣ ਨੂੰ ਲੈ ਕੇ ਕੌਮਾਂਤਰੀ ਪੱਧਰ 'ਤੇ ਕੋਈ ਸਹਿਮਤੀ ਬਣੇ ਸਗੋਂ ਇਸ ਲਈ ਵੀ ਚੌਕਸ ਹੋਣਾ ਹੋਵੇਗਾ ਕਿ ਘਰੇਲੂ ਪੱਧਰ 'ਤੇ ਅੱਤਵਾਦੀਆਂ ਦੇ ਮਦਦਗਾਰਾਂ 'ਤੇ ਲਗਾਮ ਲੱਗੇ। ਇਸ ਨੂੰ ਅੱਖੋਂ-ਪ੍ਰੋਖੇ ਨਹੀਂ ਕੀਤਾ ਜਾਣਾ ਚਾਹੀਦਾ ਕਿ ਘਰੇਲੂ ਪੱਧਰ 'ਤੇ ਕਈ ਕਿਸਮ ਦੀਆਂ ਅੱਤਵਾਦੀ ਜੱਥੇਬੰਦੀਆਂ ਸਰਗਰਮ ਹਨ ਅਤੇ ਉਹ ਕਿਵੇਂ ਨਾ ਕਿਵੇਂ ਬਹੁਤ ਸਾਰੇ ਸਰੋਤਾਂ ਤੋਂ ਧਨ ਹਾਸਲ ਕਰਦੀਆਂ ਰਹਿੰਦੀਆਂ ਹਨ। ਭਾਰਤ ਨੂੰ ਇਨ੍ਹਾਂ ਨੂੰ ਨੱਥ ਪਾ ਕੇ ਮਿਸਾਲ ਪੇਸ਼ ਕਰਨੀ ਹੋਵੇਗੀ।

# ਦੁਨੀਆ ਦੇ ਕਈ ਦੇਸ਼ ਆਰਥਿਕ ਮੰਦੀ ਦੇ ਡੂੰਘੇ ਸੰਕਟ ਵਿੱਚ

ਕੋਰੋਨਾ ਮਹਾਮਾਰੀ ਦੇ ਬਾਅਦ ਤੋਂ ਵਿਸ਼ਵ ਅਰਥਵਿਵਸਥਾ ਪਟੜੀ 'ਤੇ ਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦੇ ਨਾਲ ਹੀ ਕਈ ਦੇਸ਼ਾਂ ਦੀ ਆਰਥਿਕਤਾ ਪਟੜੀ ਤੋਂ ਉਤਰ ਗਈ ਹੈ। ਇਹੀ ਕਾਰਨ ਹੈ ਕਿ ਮਾਹਿਰਾਂ ਅਤੇ ਵੱਖ-ਵੱਖ ਸੰਗਠਨਾਂ ਨੇ ਦੁਨੀਆ ਦੇ ਕਈ ਦੇਸ਼ਾਂ ਵਿਚ ਡੂੰਘੀ ਆਰਥਿਕ ਮੰਦੀ ਦੇ ਸੰਕਟ ਬਾਰੇ ਚੇਤਾਵਨੀ ਦਿੱਤੀ ਹੈ। ਇਨ੍ਹਾਂ ਮਾਹਿਰਾਂ ਦਾ ਕਹਿਣਾ ਹੈ ਕਿ ਆਰਥਿਕ ਮੰਦੀ ਦਾ ਸੰਕਟ ਦੁਨੀਆ ਦੇ ਕਈ ਦੇਸ਼ਾਂ 'ਚ ਨਜ਼ਰ ਆ ਰਿਹਾ ਹੈ। ਜੇਕਰ ਇਹ ਗੱਲ ਸੱਚ ਸਾਬਤ ਹੋ ਜਾਂਦੀ ਤਾਂ ਕੋਰੋਨਾ ਮਹਾਮਾਰੀ ਕਾਰਨ ਪਹਿਲਾਂ ਹੀ ਲੀਹੋਂ ਲੱਥ ਚੁੱਕੀ ਦੁਨੀਆ ਦੀ ਅਰਥਵਿਵਸਥਾ ਹੋਰ ਵੀ ਮਾੜੀ ਸਥਿਤੀ 'ਤੇ ਪਹੁੰਚ ਜਾਂਦੀ, ਭਾਰਤ 'ਚ ਵੀ ਅਜਿਹਾ ਹੀ ਸੰਕਟ ਹੈ। ਇਸ ਸਵਾਲ ਦਾ ਜਵਾਬ ਲੱਭਣਾ ਬਹੁਤ ਜ਼ਰੂਰੀ ਹੈ।

ਦਰਅਸਲ ਯੂਰਪੀ ਸੰਘ ਵੱਲੋਂ ਦੁਨੀਆ ਦੇ ਕਈ ਦੇਸ਼ਾਂ 'ਚ ਆਰਥਿਕ ਸੰਕਟ ਨੂੰ ਲੈ ਕੇ ਚਿਤਾਵਨੀ ਦਿੱਤੀ ਗਈ ਹੈ। ਯੂਰਪੀ ਸੰਘ ਦਾ ਕਹਿਣਾ ਹੈ ਕਿ 19 ਦੇਸ਼ਾਂ ਦੇ ਯੂਰੋਜ਼ੋਨ 'ਚ ਆਰਥਿਕ ਮੰਦੀ ਦਾ ਸੰਕਟ ਸਾਫ ਦਿਖਾਈ ਦੇ ਰਿਹਾ ਹੈ। ਈਯੂ ਦੇ ਅਨੁਸਾਰ, ਇਸਦੇ ਮੈਂਬਰ ਦੇਸ਼ਾਂ ਨੂੰ ਇਸ ਸਰਦੀਆਂ ਵਿੱਚ ਆਰਥਿਕ ਮੰਦੀ ਦਾ ਸਾਹਮਣਾ ਕਰਨਾ ਪਵੇਗਾ। ਯੂਰਪੀ ਸੰਘ ਨੇ ਇਸ ਦਾ ਸਭ ਤੋਂ ਵੱਡਾ ਕਾਰਨ ਮਹਿੰਗਾਈ ਅਤੇ ਤੇਲ ਦੀਆਂ ਵਧਦੀਆਂ ਕੀਮਤਾਂ ਨੂੰ ਦੱਸਿਆ ਹੈ। ਈਯੂ ਦਾ ਕਹਿਣਾ ਹੈ ਕਿ 2020-2021 ਵਿੱਚ ਦੁਨੀਆ ਵਿੱਚ ਕੋਵਿਡ-19 ਮਹਾਮਾਰੀ ਨੇ ਆਰਥਿਕ ਗਤੀਵਿਧੀਆਂ ਨੂੰ ਕਾਫੀ ਹੱਦ ਤੱਕ ਬਰਬਾਦ ਕਰ ਦਿੱਤਾ ਹੈ। ਜਦੋਂ ਇਸ ਨੂੰ ਰਾਹਤ ਮਿਲਣ ਲੱਗੀ ਤਾਂ ਯੂਕਰੇਨ-ਰੂਸ ਹਮਲੇ ਨੇ ਇਸ ਨੂੰ ਪਟੜੀ ਤੋਂ ਉਤਾਰਨ ਦਾ ਕੰਮ ਕੀਤਾ ਹੈ। ਇਸ ਕਾਰਨ ਵਿਸ਼ਵ ਮੰਡੀ ਵਿੱਚ ਈਂਧਨ ਦੀ ਕੀਮਤ ਵਿੱਚ ਕਾਫੀ ਵਾਧਾ ਹੋਇਆ ਹੈ। ਇੰਨਾ ਹੀ ਨਹੀਂ ਇਸ ਦਾ ਅਸਰ ਹਰ ਪਾਸੇ ਦੇਖਣ ਨੂੰ ਮਿਲ ਰਿਹਾ ਹੈ।

### ਯੂਰਪ ਦੀ ਸਥਿਤੀ

ਈਯੂ ਨੇ ਉਨ੍ਹਾਂ ਮੁਸ਼ਕਿਲਾਂ ਦਾ ਵੀ ਜ਼ਿਕਰ ਕੀਤਾ ਹੈ, ਜਿਨ੍ਹਾਂ ਕਾਰਨ ਊਰਜਾ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਸ ਕਾਰਨ ਇਹ ਦੇਸ਼ ਮਹਿੰਗਾਈ ਦੀ ਮਾਰ ਝੱਲ ਰਹੇ ਹਨ। ਦੱਸ ਦੇਈਏ ਕਿ ਯੂਰਪੀਅਨ ਯੂਨੀਅਨ ਵਿਚ



ਕੁੱਲ 28 ਦੇਸ਼ ਹਨ। ਯੂਰਪੀਅਨ ਯੂਨੀਅਨ ਦਾ ਕਹਿਣਾ ਹੈ ਕਿ ਯੂਰਪ ਵਿੱਚ ਮਹਿੰਗਾਈ ਇਸ ਸਾਲ ਦੇ ਅੰਤ ਵਿੱਚ ਆਪਣੇ ਸਿਖਰ 'ਤੇ ਪਹੁੰਚ ਸਕਦੀ ਹੈ। ਇਸ ਦਾ ਪ੍ਰਭਾਵ 2023 ਦੀ ਪਹਿਲੀ ਤਿਮਾਹੀ ਤੱਕ ਰਹਿਣ ਦੀ ਉਮੀਦ ਹੈ। ਇਸ ਤੋਂ ਬਾਅਦ ਯੂਰਪ ਮੁੜ ਲੀਹ 'ਤੇ ਆਉਣਾ ਸ਼ੁਰੂ ਹੋ ਜਾਵੇਗਾ। ਈਯੂ ਦਾ ਕਹਿਣਾ ਹੈ ਕਿ 2023 ਵਿਚ ਵਿਕਾਸ ਦਰ 0.3 ਫੀਸਦੀ ਤੱਕ ਜਾ ਸਕਦੀ ਹੈ। ਜਰਮਨੀ, ਦੁਨੀਆ ਦੀ ਚੌਥੀ ਅਤੇ ਈਯੂ ਦੀ ਸਭ ਤੋਂ ਵੱਡੀ ਅਰਥਵਿਵਸਥਾ, ਪਹਿਲਾਂ ਹੀ ਆਰਥਿਕ ਮੰਦੀ ਦਾ ਸਾਹਮਣਾ ਕਰ ਰਿਹਾ ਹੈ ਜਿਸਦਾ ਯੂਰਪੀਅਨ ਯੂਨੀਅਨ ਨੇ ਸੰਕੇਤ ਦਿੱਤਾ ਹੈ। ਈਯੂ ਦੇ ਮੁਲਾਂਕਣ ਦੇ ਅਨੁਸਾਰ, ਜਰਮਨੀ ਦੀ ਜੀਡੀਪੀ 2023 ਵਿੱਚ ਵੀ ਗਿਰਾਵਟ ਜਾਰੀ ਰੱਖ ਸਕਦੀ ਹੈ।

### ਚੀਨ ਤੇ ਜਰਮਨੀ

ਜ਼ਿਕਰਯੋਗ ਹੈ ਕਿ ਹਾਲ ਹੀ ਵਿੱਚ ਜਰਮਨੀ ਅਤੇ ਚੀਨ ਦੇ ਵਪਾਰਕ ਸਬੰਧ ਮਜ਼ਬੂਤ ਹੋਏ ਹਨ। ਪਰ, ਚੀਨ ਦੀ ਜ਼ੀਰੋ ਕੋਵਿਡ ਨੀਤੀ ਇਸ 'ਤੇ ਪਰਛਾਵਾਂ ਪਾ ਰਹੀ ਹੈ। ਚੀਨ ਦੇ ਵੱਖ-ਵੱਖ ਸ਼ਹਿਰਾਂ 'ਚ ਲਾਕਡਾਊਨ ਲਗਾਇਆ ਗਿਆ ਹੈ। ਇਸ ਕਾਰਨ ਚੀਨ ਵਿੱਚ ਜਰਮਨ ਮਸ਼ੀਨਰੀ ਦੀ ਮੰਗ ਵਿੱਚ ਕਮੀ ਆਈ ਹੈ। ਜਰਮਨੀ ਦੇ ਮੁੜ ਏਕੀਕਰਨ ਤੋਂ ਬਾਅਦ ਪਹਿਲੀ ਵਾਰ ਮਹਿੰਗਾਈ ਦਰ 10 ਫੀਸਦੀ ਨੂੰ ਪਾਰ ਕਰ ਗਈ ਹੈ। ਇਸ ਦੇ ਨਾਲ ਹੀ ਬਰਤਾਨੀਆ ਵੀ ਆਰਥਿਕ ਮੰਦੀ ਦੀ ਲਪੇਟ ਵਿਚ ਹੈ।

ਸਤੰਬਰ ਵਿੱਚ ਉੱਥੇ ਜੀਡੀਪੀ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਇਹ ਗਿਰਾਵਟ ਦੇਸ਼ ਦੇ ਨਿਰਮਾਣ ਖੇਤਰ 'ਚ ਆਈ ਗਿਰਾਵਟ ਅਤੇ ਜ਼ਿਆਦਾ ਛੁੱਟੀਆਂ ਕਾਰਨ ਦਰਜ ਕੀਤੀ ਗਈ ਹੈ। ਬ੍ਰਿਟੇਨ ਵਿੱਚ ਪਿਛਲੇ 4 ਦਹਾਕਿਆਂ ਵਿੱਚ ਸਭ ਤੋਂ ਵੱਧ ਮਹਿੰਗਾਈ ਦਰ ਹੈ। ਇਸ ਦਾ ਕਾਰਨ ਯੂਕਰੇਨ-ਰੂਸ ਜੰਗ ਹੈ। ਇਸ ਤੋਂ ਬਚਣ ਲਈ ਬੈਂਕ ਆਫ ਇੰਗਲੈਂਡ ਨੇ ਵਿਆਜ ਦਰ ਵਧਾ ਦਿੱਤੀ ਹੈ। ਇਸ ਕਾਰਨ ਦੇਸ਼ ਵਿੱਚ ਆਰਥਿਕ ਮੰਦੀ ਦਾ ਪ੍ਰਭਾਵ ਲੰਮੇ ਸਮੇਂ ਤੱਕ ਬਣਿਆ ਰਹਿ ਸਕਦਾ ਹੈ।

### ਅਮਰੀਕਾ ਤੇ ਭਾਰਤ ਦੇ ਗੁਆਂਢੀ ਦੇਸ਼

ਇਸੇ ਤਰ੍ਹਾਂ ਅਮਰੀਕਾ ਵਿਚ ਮਹਿੰਗਾਈ ਕਈ ਦਹਾਕਿਆਂ ਵਿਚ ਆਪਣੇ ਸਿਖਰ 'ਤੇ ਹੈ। ਇਹ ਇਸ ਵਾਰ ਵੀ ਵੱਡਾ ਚੋਣ ਮੁੱਦਾ ਬਣ ਗਿਆ ਹੈ। ਦੂਜੇ ਪਾਸੇ ਜੇਕਰ ਭਾਰਤ ਦੀ ਗੱਲ ਕਰੀਏ ਤਾਂ ਇੱਥੇ ਆਰਥਿਕ ਮੰਦੀ ਦਾ ਕੋਈ ਖ਼ਤਰਾ ਨਹੀਂ ਹੈ। ਹਾਲਾਂਕਿ ੀਂ ਨੇ ਦੇਸ਼ ਦੀ ਆਰਥਿਕ ਵਿਕਾਸ ਦਰ 7 ਫੀਸਦੀ ਦੇ ਆਸ-ਪਾਸ ਰਹਿਣ ਦਾ ਅਨੁਮਾਨ ਲਗਾਇਆ ਹੈ, ਪਰ ਭਾਰਤ ਦੂਜੇ ਦੇਸ਼ਾਂ ਦੇ ਮੁਕਾਬਲੇ ਕਾਫੀ ਬਿਹਤਰ ਸਥਿਤੀ 'ਚ ਹੈ।

ਅਗਲੇ ਸਾਲ ਵੀ ਭਾਰਤ ਦੀ ਆਰਥਿਕ ਵਿਕਾਸ ਦਰ ਚੀਨ ਸਮੇਤ ਕਈ ਦੇਸ਼ਾਂ ਨਾਲੋਂ ਬਿਹਤਰ ਰਹਿਣ ਦਾ ਅਨੁਮਾਨ ਲਗਾਇਆ ਗਿਆ ਹੈ। ਹਾਲਾਂਕਿ, ਇਹ ਆਵਾਜ਼ ਭਾਰਤ ਦੇ ਗੁਆਂਢੀ ਦੇਸ਼ਾਂ ਵਿੱਚ ਸੁਣੀ ਜਾ ਸਕਦੀ ਹੈ। ਇਹ ਦੇਸ਼ ਪਹਿਲਾਂ ਹੀ ਆਰਥਿਕ ਪਤਨ ਦੇ ਕੰਢੇ ਪਹੁੰਚ ਚੁੱਕੇ ਹਨ।

# ਕਣਕ ਖ਼ਿਲਾਫ਼ ਪ੍ਰਚਾਰ: ਅਸਲੀਅਤ ਕੀ ਹੈ?



ਡਾ. ਰਣਜੀਤ ਸਿੰਘ

ਦੇਖਣ ਵਿਚ ਆਇਆ ਹੈ ਕਿ ਕੁਝ ਸਮੇਂ ਤੋਂ ਕਣਕ ਵਿਰੁੱਧ ਕੂੜ ਪ੍ਰਚਾਰ ਹੋ ਰਿਹਾ ਹੈ। ਆਖਿਆ ਜਾ ਰਿਹਾ ਹੈ ਕਿ ਕਣਕ ਵਿਚ ਕੋਈ ਖ਼ੁਰਾਕੀ ਤੱਤ ਨਹੀਂ ਹੁੰਦੇ ਸਗੋਂ ਇਹ ਕਈ ਬਿਮਾਰੀਆਂ ਦਾ ਕਾਰਨ ਬਣਦੀ ਹੈ। ਪੰਜਾਬੀਆਂ ਨੂੰ ਬਾਜਰਾ ਤੇ ਦੂਜੇ ਮੋਟੇ ਅਨਾਜ ਖਾਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਬਾਜਰਾ ਸਾਉਣੀ ਦੀ ਫ਼ਸਲ ਹੈ। ਇਸ ਦੀ ਕਾਸ਼ਤ ਮਾਲਵਾ ਅਤੇ ਰਾਜਸਥਾਨ ਦੇ ਰੇਤਲੇ ਟਿੱਲਿਆਂ ਵਿਚ ਕੀਤੀ ਜਾਂਦੀ ਸੀ। ਇਨ੍ਹਾਂ ਇਲਾਕਿਆਂ ਦੇ ਵਸਨੀਕਾਂ ਨੂੰ ਮਜਬੂਰੀ ਵਿਚ ਬਾਜਰੇ ਦੀ ਰੋਟੀ ਖਾਣੀ ਪੈਂਦੀ ਸੀ ਕਿਉਂਕਿ ਕਣਕ ਸੇਂਜੂ ਇਲਾਕੇ ਦੀ ਫ਼ਸਲ ਹੈ। ਮਾਰੂ ਖੇਤੀ ਵਿਚ ਕਣਕ ਦੀ ਥਾਂ ਜੌਂ, ਛੋਲੇ, ਮਸਰ ਤੇ ਸਰ੍ਹੋਂ ਬੀਜ ਦਿੱਤੇ ਜਾਂਦੇ ਸਨ। ਕਣਕ ਉਗਾਉਣ ਵਾਲੇ ਛੋਟੇ ਕਿਸਾਨਾਂ ਨੂੰ ਵੀ ਕਣਕ ਦੀ ਰੋਟੀ ਨਹੀਂ ਸੀ ਮਿਲਦੀ ਕਿਉਂਕਿ ਬਹੁਤੇ ਕਿਸਾਨ ਕਰਜ਼ਈ ਸਨ ਤੇ ਖੇਤ ਵਿਚੋਂ ਹੀ ਵਿਆਜ ਦੇ ਰੂਪ ਵਿਚ ਕਣਕ ਚੁਕਵਾ ਦਿੰਦੇ ਸਨ।



ਪਹਿਲਾਂ ਦੁੱਧ, ਮੱਖਣ, ਘਿਓ ਵਿਰੁੱਧ ਕੂੜ ਪ੍ਰਚਾਰ ਕੀਤਾ ਗਿਆ ਅਤੇ ਕੰਪਨੀਆਂ ਨੇ ਪਾਮ ਤੇਲ, ਚਾਹਪੱਤੀ ਅਤੇ ਸ਼ਰਾਬ ਵੇਚੀ। ਨਤੀਜਾ ਇਹ ਹੋਇਆ ਕਿ ਪੰਜਾਬੀ ਵੀ ਕੁਪੋਸ਼ਣ ਦੇ ਸ਼ਿਕਾਰ ਹੋ ਗਏ। ਦੇਸ਼ ਵਿਚ ਔਰਤਾਂ ਅਤੇ ਬੱਚਿਆਂ ਵਿਚ ਕੁਪੋਸ਼ਣ ਦੀ ਜੋ ਫ਼ੀਸਦ ਸੀ, ਉਹੀ ਪੰਜਾਬ ਵਿਚ ਵੀ ਹੋ ਗਈ। ਵੱਡੀਆਂ ਕੰਪਨੀਆਂ ਨੇ ਕਣਕ ਦੇ ਆਟੇ ਦਾ ਵਪਾਰ ਸ਼ੁਰੂ ਕਰ ਕੇ ਪ੍ਰਚਾਰ ਕੀਤਾ ਕਿ ਉਨ੍ਹਾਂ ਦਾ ਆਟਾ ਮੱਧ ਪ੍ਰਦੇਸ਼ ਤੋਂ ਲਿਆਂਦੀ ਸ਼ਰਬਤੀ ਕਣਕ ਦਾ ਹੈ। ਇਸ ਦੀ ਪੰਜ ਕਿਲੋ ਵਾਲੀ ਥੈਲੀ 300 ਰੁਪਏ ਦੀ ਵੇਚੀ ਜਾ ਰਹੀ ਹੈ। ਇਸ ਦੇ ਨਾਲ ਹੀ ਮਲਟੀਗ੍ਰੇਨ ਆਟਾ ਵੇਚਿਆ ਜਾ ਰਿਹਾ ਹੈ। ਇਸ ਦੀ ਪੰਜ ਕਿਲੋ ਵਾਲੀ ਥੈਲੀ 350 ਰੁਪਏ ਦੀ ਹੈ। ਕੀਟਨਾਸ਼ਕ, ਨਦੀਨਨਾਸ਼ਕ ਤੇ ਭਾਰੀਆਂ ਮਸ਼ੀਨਾਂ ਪੰਜਾਬ ਵਿਚ ਵੇਚ ਕੇ ਜਿੱਥੇ ਪੰਜਾਬੀ ਕਿਸਾਨ ਦੀ ਆਰਥਿਕ ਲੁੱਟ ਕੀਤੀ ਗਈ, ਉੱਥੇ ਉਨ੍ਹਾਂ ਨੂੰ ਕਿਰਤ ਤੋਂ ਵੀ ਦੂਰ ਕੀਤਾ ਗਿਆ। ਇਸ ਕਰ ਕੇ ਕਿਸਾਨਾਂ ਨੇ ਘਰ ਦੀ ਲੋੜ ਲਈ ਬੰਬੀ ਲਾਗੇ ਸਬਜ਼ੀਆਂ ਦੀ ਕਾਸ਼ਤ ਬੰਦ ਕਰ ਦਿੱਤੀ ਹੈ। ਪਹਿਲਾਂ ਹਰ ਪੇਂਡੂ ਘਰ ਵਿਚ ਦੁਧਾਰੂ ਪਸ਼ੂ ਹੁੰਦਾ ਸੀ। ਹੁਣ ਬਹੁਤੇ ਘਰਾਂ ਵਿਚ ਡੰਗਰ ਨਹੀਂ ਹਨ। ਇੰਝ ਪੰਜਾਬੀਆਂ ਨੂੰ ਸੰਤੁਲਿਤ ਭੋਜਨ ਨਹੀਂ ਮਿਲ ਰਿਹਾ। ਪੰਜਾਬੀਆਂ ਨੂੰ ਅੰਗਰੇਜ਼ੀ ਦਾ ਭੂਤ ਮੁੜ ਸਵਾਰ ਕੀਤਾ ਗਿਆ ਤੇ ਅਖੌਤੀ ਅੰਗਰੇਜ਼ੀ ਸਕੂਲਾਂ ਰਾਹੀਂ ਜਿੱਥੇ ਕਿਸਾਨਾਂ ਦੀ ਮਾਲੀ ਲੁੱਟ ਹੋ ਰਹੀ ਹੈ, ਉੱਥੇ ਨਵੀਂ ਪੀੜ੍ਹੀ ਆਪਣੀ ਬੋਲੀ, ਵਿਰਸੇ ਅਤੇ ਸੱਭਿਆਚਾਰ ਤੋਂ ਦੂਰ ਹੋ ਰਹੀ ਹੈ। ਸਮਾਜਿਕ ਕਦਰਾਂ-ਕੀਮਤਾਂ ਤੋਂ ਦੂਰੀ ਦਾ ਨਤੀਜਾ ਰਿਸ਼ਤਿਆਂ ਵਿਚ ਆ ਰਹੀਆਂ ਤਰੇੜਾਂ ਅਤੇ ਵਧ ਰਹੀ ਹਿੰਸਾ ਤੋਂ ਦੇਖਿਆ ਜਾ ਸਕਦਾ ਹੈ।

ਕਣਕ ਬਾਰੇ ਕੂੜ ਪ੍ਰਚਾਰ ਕਰਦਿਆਂ ਇਹ ਵੀ ਆਖਿਆ ਜਾਂਦਾ ਹੈ ਕਿ ਕਣਕ ਪੰਜਾਬ ਦੀ ਰਵਾਇਤੀ ਫ਼ਸਲ ਨਹੀਂ ਹੈ। ਇਹ ਆਖਣ ਵਾਲੇ ਸ਼ਾਇਦ ਭੁੱਲ ਜਾਂਦੇ ਹਨ ਕਿ ਕਣਕ ਦੀ ਕਾਸ਼ਤ ਮੁੱਢ-ਕਦੀਮ ਤੋਂ ਹੋ ਰਹੀ ਹੈ। ਜਿੱਥੋਂ ਤੱਕ ਖ਼ੁਰਾਕੀ ਤੱਤਾਂ ਦਾ ਸਬੰਧ ਹੈ, ਕਣਕ 'ਚ ਸਟਾਰਚ, ਪ੍ਰੋਟੀਨ, ਆਇਰਨ, ਪੋਟਾਸ਼ੀਅਮ, ਵਿਟਾਮਨ, ਸੋਡੀਅਮ, ਕਾਰਬੋਹਾਈਡਰੇਟ, ਮੈਗਨੀਸ਼ੀਅਮ, ਕੈਲਸ਼ੀਅਮ ਤੇ ਫਾਈਬਰ ਹੁੰਦੇ ਹਨ। ਸੰਸਾਰ 'ਚ ਜਿਹੜੇ ਲੋਕਾਂ ਦੀ ਮੁੱਖ ਖ਼ੁਰਾਕ ਕਣਕ ਹੈ, ਉਹ ਦੂਜਿਆਂ ਦੇ ਮੁਕਾਬਲੇ ਜਿਸਮਾਨੀ ਅਤੇ ਦਿਮਾਗੀ ਤੌਰ ਉੱਤੇ ਵਧੇਰੇ ਤਾਕਤਵਰ ਹਨ।

ਸਿੰਜਾਈ ਸਹੂਲਤਾਂ ਵਿਚ ਵਾਧੇ ਨਾਲ ਕਣਕ ਹਾੜ੍ਹੀ ਦੀ ਮੁੱਖ ਫ਼ਸਲ ਬਣ ਗਈ ਹੈ। ਦੂਜੀਆਂ ਫ਼ਸਲਾਂ ਦੇ ਮੁਕਾਬਲੇ ਕਣਕ ਹੇਠ ਸਭ ਤੋਂ ਵੱਧ ਰਕਬਾ ਹੈ। ਅਸਲ ਵਿਚ ਕਣਕ ਪੰਜਾਬ ਦੀ ਆਰਥਿਕਤਾ ਦਾ ਆਧਾਰ ਹੈ।

ਪੰਜਾਬ ਵਿਚ ਕਣਕ ਮਸਾਂ ਪੰਜ ਫ਼ੀਸਦੀ ਬਰਾਨੀ ਬੀਜੀ ਜਾਂਦੀ ਹੈ, ਉਹ ਵੀ ਪਹਾੜਾਂ ਦੇ ਨਾਲ ਲਗਦੇ ਇਲਾਕੇ ਵਿਚ। ਆਜ਼ਾਦੀ ਤੋਂ ਪਹਿਲਾਂ ਜਦੋਂ ਸਿੰਜਾਈ ਸਹੂਲਤਾਂ ਸੀਮਤ ਸਨ ਤਾਂ ਕਣਕ ਹੇਠ ਰਕਬਾ ਬਹੁਤ ਘੱਟ ਹੁੰਦਾ ਸੀ ਜਿਸ ਕਰ ਕੇ ਇਸ ਦੀ ਪੈਦਾਵਾਰ ਵੀ ਘੱਟ ਹੁੰਦੀ ਸੀ। ਉਦੋਂ ਗ਼ਰੀਬਾਂ ਨੂੰ ਕਣਕ ਨਸੀਬ ਨਹੀਂ ਸੀ ਹੁੰਦੀ। ਗ਼ਰੀਬ ਕਣਕ ਦੀਆਂ ਸੁਨਹਿਰੀ ਬੱਲੀਆਂ ਦੇਖ ਕੇ ਹਉਕੇ ਭਰਦੇ ਹੋਏ ਆਖਦੇ ਸਨ: ਬੱਲੀਏ ਕਣਕ ਦੀਏ, ਤੈਨੂੰ ਖਾਣਗੇ ਨਸੀਬਾਂ ਵਾਲੇ।

ਉਸ ਸਮੇਂ ਜ਼ਿਆਦਾਤਰ ਕਣਕ, ਜੌਂ ਅਤੇ ਛੋਲਿਆਂ ਦੀ ਇਕੱਠੀ ਖੇਤੀ (ਜਿਸ ਨੂੰ ਬੇਰੜਾ ਵੀ ਆਖਿਆ ਜਾਂਦਾ ਸੀ) ਹੁੰਦੀ ਸੀ। ਕਣਕ ਪੰਜਾਬੀਆਂ ਦੀ ਮੁੱਖ ਖ਼ੁਰਾਕ ਹੈ, ਫਿਰ ਵੀ ਕੇਂਦਰੀ ਅਨਾਜ ਭੰਡਾਰ ਵਿਚ 60 ਫ਼ੀਸਦੀ ਕਣਕ ਪੰਜਾਬ ਹੀ ਦਿੰਦਾ ਰਿਹਾ ਹੈ। ਪੰਜਾਬ ਵਿਚ ਕਾਸ਼ਤ ਦੇ ਪ੍ਰਮਾਣ ਹੜੱਪਾ ਤੇ ਮਹਿੰਜੋਦੜੋ ਦੀ ਖ਼ੁਦਾਈ ਸਮੇਂ ਮਿਲੇ ਹਨ। ਆਰੀਆ ਲੋਕਾਂ ਨੇ ਕਣਕ ਦੀ ਥਾਂ ਜੌਂਆਂ ਦੀ ਖੇਤੀ ਸ਼ੁਰੂ ਕੀਤੀ ਪਰ ਕੁਝ ਸਮਾਂ ਪਿੱਛੋਂ ਉਨ੍ਹਾਂ ਵੀ ਕਣਕ ਦੀ ਕਾਸ਼ਤ ਸ਼ੁਰੂ ਕਰ ਲਈ ਸੀ। ਕਣਕ ਦੀ ਪੈਦਾਵਾਰ ਵਿਚ ਵਾਧਾ ਖੇਤੀ ਵਿਗਿਆਨੀਆਂ ਦੀ ਖੋਜ ਸਦਕਾ ਹੀ ਹੋਇਆ ਹੈ। ਪਹਿਲਾਂ ਘੱਟ ਝਾੜ ਦੇਣ ਵਾਲੀਆਂ ਲਾਲ ਤੇ ਸਖ਼ਤ ਦਾਣਿਆਂ ਵਾਲੀਆਂ ਕਿਸਮਾਂ ਦੀ ਕਾਸ਼ਤ ਹੁੰਦੀ ਸੀ ਪਰ ਲਾਇਲਪੁਰ ਵਿਚ ਬਣੇ ਖੇਤੀ ਖੋਜ ਕੇਂਦਰ ਨੇ ਸ਼ਰਬਤੀ ਤੇ ਨਰਮ ਦਾਣਿਆਂ ਵਾਲੀ ਕਿਸਮ ਸੀ 591 ਕੱਢੀ। ਇਸ ਨਾਲ ਪੱਛਮੀ ਪੰਜਾਬ ਦੇ ਨਹਿਰੀ ਇਲਾਕੇ ਵਿਚ ਕਣਕ ਦੀ ਪੈਦਾਵਾਰ ਵਿਚ ਚੋਖਾ ਵਾਧਾ ਹੋਇਆ। ਆਜ਼ਾਦੀ ਸਮੇਂ ਇਹ ਇਲਾਕਾ ਪਾਕਿਸਤਾਨ ਵਿਚ ਰਹਿਣ ਕਰ ਕੇ ਪੰਜਾਬ ਅਤੇ ਸਾਰੇ ਭਾਰਤ ਵਿਚ ਹੀ ਅਨਾਜ ਦੀ ਘਾਟ ਆ ਗਈ। ਸੱਠਵਿਆਂ ਵਿਚ ਤਾਂ ਹਾਲਾਤ ਬਹੁਤ ਭੈੜੇ ਹੋ ਗਏ ਸਨ। ਉਦੋਂ ਹੀ ਮੈਕਸੀਕੋ ਤੋਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਆਉਣ ਨਾਲ ਕਣਕ ਦੀ ਪੈਦਾਵਾਰ ਵਿਚ ਕਈ ਗੁਣਾ ਵਾਧਾ ਹੋਇਆ। ਇਸ ਤੇਜ਼ੀ ਨਾਲ ਇਹ ਵਾਧਾ ਹੋਇਆ, ਉਸ ਨੂੰ ਦੇਖ ਇਸ ਚਮਤਕਾਰ ਨੂੰ ਹਰੇ ਇਨਕਲਾਬ ਦਾ ਨਾਂ ਦਿੱਤਾ ਗਿਆ। ਮੈਕਸੀਕੋ ਤੋਂ ਆਈ ਪ੍ਰਸਿੱਧ ਕਿਸਮ ਪੀਬੀ 18 ਸੀ। ਇਸ ਪਿੱਛੋਂ ਖੇਤੀ ਵਿਗਿਆਨੀਆਂ ਨੇ ਇਸ ਵਿਚ ਸੁਧਾਰ ਕਰ ਕੇ ਕਲਿਆਣ ਸੋਨਾ ਕਿਸਮ ਬਣਾਈ। ਇਸ ਪਿੱਛੋਂ ਪੀਬੀਡਬਲਿਊ 711 ਅਤੇ ਪੀਬੀਡਬਲਿਊ 343 ਨੇ ਉਪਜ ਵਿਚ ਚੋਖਾ ਵਾਧਾ ਕੀਤਾ। ਇਸ ਸਾਲ ਨਵੀਂ ਕਿਸਮ ਪੀਬੀਡਬਲਿਊ 826 ਕਾਸ਼ਤ ਲਈ ਦਿੱਤੀ ਗਈ ਹੈ ਜਿਸ ਦਾ ਝਾੜ 24 ਕੁਇੰਟਲ ਪ੍ਰਤੀ ਏਕੜ ਹੈ। ਕਣਕ ਜਿਹੜੀ ਕਦੇ ਨਸੀਬਾਂ ਵਾਲਿਆਂ ਨੂੰ ਹੀ ਨਸੀਬ ਹੁੰਦੀ ਸੀ, ਹੁਣ ਬਾਕੀ ਸਾਰੇ ਅਨਾਜਾਂ ਦੇ ਮੁਕਾਬਲੇ ਸਸਤੀ ਹੈ। ਪੰਜਾਬੀ ਕਣਕ ਦੀ ਰੋਟੀ ਬਗੈਰ ਨਹੀਂ ਰਹਿ ਸਕਦਾ। ਇਸੇ ਕਰ ਕੇ ਤਾਂ ਆਖਿਆ ਗਿਆ ਹੈ:

ਵਸੀਏ ਸ਼ਹਿਰ ਭਾਵੇਂ ਹੋਵੇ ਕਹਿਰ
ਖਾਈਏ ਕਣਕ ਭਾਵੇਂ ਹੋਵੇ ਜ਼ਹਿਰ

ਪਿਛਲੇ ਸਾਲ 35.30 ਲੱਖ ਹੈਕਟੇਅਰ ਧਰਤੀ ਵਿਚ ਕਣਕ ਦੀ ਕਾਸ਼ਤ ਕੀਤੀ ਗਈ ਤੇ ਇਸ ਦੀ ਕੁੱਲ ਉਪਜ 171.85 ਲੱਖ ਟਨ ਸੀ। ਇਸ ਦਾ ਭਾਵ ਹੈ ਕਿ ਹਾੜ੍ਹੀ ਦੇ ਮੌਸਮ ਵਿਚ ਪੰਜਾਬ ਦੇ ਵਾਹੀ ਹੇਠ ਰਕਬੇ ਵਿਚੋਂ 80 ਫ਼ੀਸਦੀ ਦੇ ਕਰੀਬ ਕਣਕ ਹੇਠ ਹੁੰਦਾ ਹੈ। ਸਿਆਲ ਵਿਚ ਸਾਰਾ ਸੂਬਾ ਇੰਜ ਜਾਪਦਾ ਹੈ ਜਿਵੇਂ ਹਰੀ ਚਾਦਰ ਨਾਲ ਢਕਿਆ ਹੋਇਆ ਹੋਵੇ। ਕਣਕ ਦੀ ਬਿਜਾਈ ਲਈ ਕੱਤਕ ਦਾ ਮਹੀਨਾ (15 ਅਕਤੂਬਰ ਤੋਂ 15 ਨਵੰਬਰ) ਸਭ ਤੋਂ ਵਧੀਆ ਮੰਨਿਆ ਜਾਂਦਾ ਹੈ। ਇਹ ਵਿਸਾਖ ਮਹੀਨੇ ਪੱਕ ਕੇ ਤਿਆਰ ਹੋ ਜਾਂਦੀ ਹੈ। ਵਿਸਾਖ ਮਹੀਨੇ ਦੇ ਪਹਿਲੇ ਦਿਨ (13 ਅਪਰੈਲ) ਵਿਸਾਖੀ ਦਾ ਤਿਉਹਾਰ ਖੇਤਾਂ ਵਿਚ ਵਿਖਰੇ ਸੋਨੇ ਦੀ ਖ਼ੁਸ਼ੀ ਵਿਚ ਹੀ ਮਨਾਇਆ ਜਾਂਦਾ ਹੈ। ਮਸ਼ੀਨ ਆਉਣ ਨਾਲ ਕਣਕ ਦੀ ਕਾਸ਼ਤ ਦਾ ਕੰਮ ਸੌਖਾ ਹੋ ਗਿਆ ਹੈ। ਹੁਣ ਸਿੰਜਾਈ ਅਤੇ ਕਣਕ ਦੀ ਗਹਾਈ ਦਾ ਪੂਰੀ ਤਰ੍ਹਾਂ ਮਸ਼ੀਨੀਕਰਨ ਹੋ ਚੁੱਕਿਆ ਹੈ।

ਕਣਕ ਹੇਠ ਵਧੇ ਰਕਬੇ ਨੇ ਕੇਵਲ ਦੇਸ਼ ਵਿਚੋਂ ਭੁੱਖਮਰੀ ਹੀ ਦੂਰ ਨਹੀਂ ਕੀਤੀ ਸਗੋਂ ਲੱਖਾਂ ਕਾਮਿਆਂ ਨੂੰ ਰੁਜ਼ਗਾਰ ਵੀ ਦਿੱਤਾ ਹੈ।

ਹੁਣ ਤੱਕ ਵਿਗਿਆਨੀਆਂ ਦਾ ਧਿਆਨ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਕਰਨ ਵੱਲ ਸੀ ਪਰ ਹੁਣ ਇਹ ਧਿਆਨ ਦੇਣ ਦੀ ਲੋੜ ਹੈ ਕਿ ਇਸ ਵਿਚ ਖ਼ੁਰਾਕੀ ਤੱਤ ਵੀ ਵੱਧ ਤੋਂ ਵੱਧ ਹੋਣ। ਪੀਏਯੂ ਨੇ ਜ਼ਿੰਕ ਦੀ ਵੱਧ ਮਾਤਰਾ ਵਾਲੀ ਕਿਸਮ ਪੀਬੀਡਬਲਿਊ 1 ਜ਼ਿੰਕ ਤਿਆਰ ਕੀਤੀ ਹੈ। ਅਜਿਹੀਆਂ ਹੋਰ ਕਿਸਮਾਂ ਵਿਕਸਤ ਕੀਤੀਆਂ ਜਾਣ ਤਾਂ ਜੋ ਕਣਕ ਵਿਰੁੱਧ ਕੂੜ ਪ੍ਰਚਾਰ ਦਾ ਮੁਕਾਬਲਾ ਕੀਤਾ ਜਾ ਸਕੇ। ਕਣਕ ਜਿਹਤੀ ਪੰਜਾਬ ਦੀ ਆਰਥਿਕਤਾ ਦਾ ਧੁਰਾ ਹੈ। ਉਸ ਦੀ ਵਿਕਰੀ ਬੰਦ ਕਰਵਾ ਕੇ ਪੰਜਾਬ ਦੀ ਆਰਥਿਕਤਾ ਨੂੰ ਨੁਕਸਾਨ ਕੀਤੇ ਜਾਣ ਵਾਲੇ ਯਤਨਾਂ ਨੂੰ ਰੋਕਿਆ ਜਾ ਸਕੇ।

# ਵਾਲੌਂਗ ਦੀ ਲੜਾਈ ’ਚ ਸਿੱਖ ਰੈਜੀਮੈਂਟ ਦੀ ਬਹਾਦਰੀ

ਲੈਫਟੀਨੈਂਟ ਜਨਰਲ (ਰਿਟਾ.) ਰਾਜ ਸੁਜਲਾਨਾ

ਭਾਰਤ ਅਤੇ ਚੀਨ ਵਿਚਕਾਰ 1962 ਦੇ ਯੁੱਧ ਦੌਰਾਨ ਰੇਜ਼ਾਂਗ ਲਾ, ਚਿਪ ਚਾਪ ਨਦੀ, ਥਾਗ ਲਾ ਅਤੇ ਵਾਲੋਂਗ ਉਪਰ ਮੁੱਖ ਲੜਾਈਆਂ ਹੋਈਆਂ ਸਨ। 4 ਸਿੱਖ ਰੈਜੀਮੈਂਟ (ਕੁਮਾਊਂ, ਗੋਰਖਾ ਤੇ ਡੋਗਰਾ ਰੈਜੀਮੈਂਟਾਂ ਨਾਲ) ਨੇ ਲੋਹਿਤ ਨਦੀ ਉਪਰ ਸਥਿਤ ਵਾਲੌਂਗ ਵਿਚ ਲੜਾਈ ਵਿਚ ਆਪਣੀ ਬਹਾਦਰੀ ਸਿੱਧ ਕੀਤੀ ਸੀ।

26 ਸਤੰਬਰ ਨੂੰ 4 ਸਿੱਖ ਦੇ ਮੋਹਰੀ ਦਸਤੇ ਹਵਾਈ ਜਹਾਜ਼ ਰਾਹੀਂ 5000 ਤੋਂ ਲੈ ਕੇ 8000 ਫੁੱਟ ਦੀ ਉਚਾਈ ਤੋਂ ਉਪਰ ਵਾਲੌਂਗ ਦੇ ਖੇਤਰ ਵਿਚ ਪਹੁੰਚਾਏ ਗਏ ਤਾਂ ਕਿ ਰੱਖਿਆ ਪੰਕਤੀਆਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਇਸ ਤੋਂ ਅਗਾਂਹ 6 ਕੁਮਾਊਂ ਮੈਕਮੋਹਨ ਲਾਈਨ ਦੇ ਨਾਲੋ-ਨਾਲ ਸਕਰੀਨ ਪੁਜ਼ੀਸ਼ਨਾਂ ’ਤੇ ਤਾਇਨਾਤ ਸੀ।

27 ਸਤੰਬਰ ਤੋਂ 4 ਸਿੱਖ ਦੀਆਂ ਕੰਪਨੀਆਂ ਵਾਲੌਂਗ ਪੁੱਜਣੀਆਂ ਸ਼ੁਰੂ ਹੋ ਗਈਆਂ ਤੇ ਹਵਾਈ ਜਹਾਜ਼ ਦੀ ਸਮੱਰਥਾ ਘੱਟ ਹੋਣ ਕਰ ਕੇ ਇਸ ਅਮਲ ਵਿਚ ਕਾਫ਼ੀ ਸਮਾਂ ਲੱਗ ਗਿਆ। ਇਸ ਤੋਂ ਇਲਾਵਾ ਸਾਜ਼ੋ-ਸਾਮਾਨ, ਅਸਲ੍ਹਾ, ਪੱਕਿਆ ਖਾਣਾ ਤੇ ਪਾਣੀ ਲਿਜਾਣ ਲਈ ਛੇ ਘੰਟਿਆਂ ਦੀ ਚੜ੍ਹਾਈ ਚੜ੍ਹ ਕੇ ਜਾਣਾ ਪੈਂਦਾ ਸੀ। ਕੁਲੀ ਤੇ ਖੱਚਰਾਂ ਉਪਲਬਧ ਨਾ ਹੋਣ ਕਰ ਕੇ ਇਸ ਵਿਚ ਕਾਫ਼ੀ ਸਮਾਂ ਲੱਗਿਆ ਤੇ ਮੁਸ਼ੱਕਤ ਵੀ ਕਾਫ਼ੀ ਹੋਈ ਪਰ ਰੱਖਿਆ ਟਿਕਾਣੇ ਤਿਆਰ ਕਰਨੇ ਪੈਣੇ ਸਨ। ਸਮੁੱਚੀ ਜੰਗ ਦੌਰਾਨ ਇਹ ਸਥਿਤੀ ਬਣੀ ਰਹੀ। 4 ਸਿੱਖ 23 ਅਕਤੂਬਰ ਨੂੰ ਰੱਖਿਆ ਟਿਕਾਣਿਆਂ ’ਤੇ ਕਾਬਿਜ਼ ਹੋਈ ਸੀ; ਅੱਗੋਂ ਲੋਹਿਤ ਨਦੀ ’ਤੇ ਪਹੁੰਚ ਕੇ ਉਹ ਦੋ ਹਿੱਸਿਆਂ ਵਿਚ ਵੰਡੀ ਗਈ। ਮੇਜਰ ਹਰਬੰਸ ਸਿੰਘ ਦੀ ਅਗਵਾਈ ਹੇਠ ਬਰਾਵੋ ਕੰਪਨੀ ਨੇ ਪੱਛਮੀ ਕੰਢਾ ਮੱਲ ਲਿਆ ਅਤੇ ਮੇਜਰ ਸੰਵਤਸਰ ਦੀ ਅਗਵਾਈ ਹੇਠ ਅਲਫਾ ਕੰਪਨੀ ਪੂਰਬੀ ਕੰਢੇ ’ਤੇ ਕਾਬਜ਼ ਹੋ ਗਈ। 20/21 ਅਕਤੂਬਰ ਤੱਕ ਚੀਨੀ ਫੌਜ ਨੇ ਅਗਲੇ ਟਿਕਾਣਿਆਂ ’ਤੇ ਧਾਵਾ ਬੋਲ ਦਿੱਤਾ ਜਿੱਥੇ 6 ਕੁਮਾਊਂ ਤਾਇਨਾਤ ਸੀ। 24 ਅਕਤੂਬਰ ਦੀ ਸਵੇਰ ਦੁਸ਼ਮਣ ਨੇ 4 ਸਿੱਖ ਦੀ ਸੱਜੀ ਵੱਖੀ ’ਤੇ ਤਾਇਨਾਤ ਪਲਟੂਨ ਉਪਰ ਹਮਲਾ ਕਰ ਦਿੱਤਾ। ਦੁਸ਼ਮਣ ਨੂੰ ਨੇੜੇ ਆਉਣ ਦਿੱਤਾ ਗਿਆ ਤੇ ਫਿਰ ਇਕਦਮ ਭਾਰੀ ਫਾਇਰ ਖੋਲ੍ਹ ਦਿੱਤਾ ਗਿਆ ਜਿਸ ਵਿਚ 3 ਇੰਚ ਦੇ ਮੌਰਟਾਰ ਅਤੇ ਦਰਮਿਆਨੀ ਮਸ਼ੀਨ ਗੰਨ ਦਾ ਇਸਤੇਮਾਲ ਵੀ ਕੀਤਾ ਗਿਆ। ਚੀਨੀ ਫ਼ੌਜੀਆਂ ਨੂੰ ਮਾਰ ਖਾ ਕੇ ਪਿਛਾਂਹ ਦੌੜਨਾ ਪਿਆ ਤੇ ਆਪਣੇ ਕਰੀਬ 200 ਫ਼ੌਜੀ ਛੱਡ ਗਏ। ਆਪਣੇ ਫ਼ੌਜੀਆਂ ਦੀਆਂ ਲਾਸ਼ਾਂ ਹਾਸਲ ਕਰਨ ਲਈ ਚੀਨੀਆਂ ਨੇ ਘਾਹ ਨੂੰ ਅੱਗ ਲਾ ਦਿੱਤੀ ਜੋ ਛੇਤੀ ਹੀ ਸਮੁੱਚੇ ਰਿੱਜ ’ਤੇ ਫੈਲ ਗਈ ਅਤੇ ਆਲੇ-ਦੁਆਲੇ ਸੜੇ ਹੋਏ ਮਾਸ ਦੀ ਦੁਰਗੰਧ ਭਰ ਗਈ। 4 ਸਿੱਖ ਦੇ ਦਸਤਿਆਂ ਦੀ ਜ਼ਿੰਮੇਵਾਰੀ ਹੁਣ ਹੋਰ ਵੀ ਵਧ ਗਈ ਤਾਂ ਕਿ ਅੱਗ ਬੁਝਾਈ ਜਾ ਸਕੇ ਅਤੇ ਆਪਣਾ ਅਸਲ੍ਹਾ ਬਚਾ ਕੇ ਰੱਖਿਆ ਜਾਵੇ। ਇਸੇ ਦੌਰਾਨ ਲਾਂਸ ਨਾਇਕ ਗੁਰਦਿਆਲ ਸਿੰਘ ਨੇ ਅਚਨਚੇਤ ਦੁਸ਼ਮਣ ’ਤੇ ਧਾਵਾ ਬੋਲ ਦਿੱਤਾ ਅਤੇ ਉਸ ਨੇ ਦੋ ਚੀਨੀ ਰਾਈਫਲਾਂ ਖੋਹ ਲਿਆਂਦੀਆਂ। ਇਨ੍ਹਾਂ ਵਿਚੋਂ ਇਕ ਰਾਈਫਲ 4 ਸਿੱਖ ਅਤੇ ਦੂਜੀ ਸਿੱਖ ਰੈਜੀਮੈਂਟਲ ਸੈਂਟਰ ਮਿਊਜ਼ੀਅਮ ’ਚ ਰੱਖੀ ਗਈ ਹੈ।

25 ਅਕਤੂਬਰ ਦੀ ਰਾਤ ਚੀਨੀ ਦੁਬਾਰਾ ਆ ਧਮਕੇ। ਸਿਪਾਹੀ ਕੇਵਲ ਸਿੰਘ ਜਿਸ ਨੂੰ ਸੇਵਾ ਨਿਭਾਉਂਦਿਆਂ ਮਸਾਂ 18 ਮਹੀਨੇ ਹੀ ਹੋਏ ਸਨ, ਨੇ ਗੋਲੀਬਾਰੀ ਤੇ ਸੰਗੀਨ ਨਾਲ ਲੜਦਿਆਂ ਦੁਸ਼ਮਣ ਦੇ ਅੱਠ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਸਿਪਾਹੀ ਕੇਵਲ ਸਿੰਘ ਨੂੰ ਮਹਾਵੀਰ ਚੱਕਰ ਦਿੱਤਾ ਗਿਆ। ਇਸ ਸਮੂਹਿਕ ਮਜ਼ਬੂਤੀ ਵਿਚ ਬਹਾਦਰੀ ਦੇ ਬਹੁਤ ਸਾਰੇ ਨਿੱਜੀ ਕਾਰਨਾਮਿਆਂ ਦਾ ਯੋਗਦਾਨ ਰਿਹਾ ਹੈ




ਜਿਨ੍ਹਾਂ ਕਰ ਕੇ ਦੁਸ਼ਮਣ ਦੀ ਪੇਸ਼ਕਦਮੀ ਨੂੰ ਠੱਲ੍ਹ ਪਾ ਦਿੱਤੀ ਗਈ। ਇਸ ਇਲਾਕੇ ਵਿਚੋਂ ਇਕ ਮਹੱਤਵਪੂਰਨ ਰਾਹ ਜਾਂਦਾ ਹੈ ਤੇ ਦੁਸ਼ਮਣ ਇਸ ’ਤੇ ਕਬਜ਼ਾ ਕਰਨ ਵਿਚ ਨਾਕਾਮ ਸਾਬਿਤ ਹੋਇਆ। ਵਾਇਰਲੈੱਸ ਸੰਦੇਸ਼ਾਂ ਤੋਂ ਪਤਾ ਲੱਗਿਆ ਕਿ ਦੁਸ਼ਮਣ ਨੇ ਮੰਨ ਲਿਆ ਕਿ ਇਸ ਇਲਾਕੇ ਅੰਦਰ ਦਾਖ਼ਲ ਹੋਣਾ ਸੰਭਵ ਨਹੀਂ ਤੇ ਵਾਪਸ ਭੇਜੇ ਕੈਦੀਆਂ ਵੱਲੋਂ ਇਸ ਨੂੰ ‘ਟਾਈਗਰ ਮਾਊਥ’ (ਸ਼ੇਰ ਦਾ ਜਬਾੜਾ) ਨਾਂ ਦਿੱਤਾ ਗਿਆ। ਦੁਸ਼ਮਣ ’ਤੇ ਨਿਗਰਾਨੀ ਰੱਖਣ ਤੇ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ, ਜ਼ਬਰਦਸਤ ਗਸ਼ਤ ਸ਼ੁਰੂ ਕਰ ਦਿੱਤੀ ਗਈ ਜਿਸ ਕਰ ਕੇ ਕਈ ਜਾਨਾਂ ਵੀ ਗਈਆਂ। ਇਸ ਤੋਂ ਇਲਾਵਾ ਦਸਤਿਆਂ ਨੂੰ ਪੱਛਮੀ ਵੱਖੀ ਵੱਲ ਸਥਿਤ ਪੈਟਰੋਲ ਬੇਸ ਅਤੇ ਮਹਾ ਪਠਾਰ (ਪਲੈਟਿਊ) ਦੀਆਂ ਪੁਜ਼ੀਸ਼ਨਾਂ ਤੱਕ ਵੀ ਗਸ਼ਤ ਕਰਨੀ ਪੈਂਦੀ ਸੀ। ਦੁਸ਼ਮਣ ਨੇ ਹੁਣ ਆਪਣਾ ਧਿਆਨ ਦੋਵੇਂ ਪਾਸਿਆਂ ’ਤੇ ਲਗਾ ਲਿਆ ਜਿਸ ਦੀ ਪੁਸ਼ਟੀ ਜਲਦੀ ਹੀ ਲੈਫਟੀਨੈਂਟ ਯੋਗ ਰਾਜ ਜੋਅ ਪਲਟਾ ਦੀ ਅਗਵਾਈ ਹੇਠਲੀ ਡੈਲਟਾ ਕੰਪਨੀ ਨੇ ਵੀ ਕਰ ਦਿੱਤੀ ਜੋ ਪੂਰਬੀ ਰਿੱਜ ’ਤੇ ਪੈਂਦੀ ਉੱਚੀ ਪਠਾਰ ਉੱਤੇ ਤਾਇਨਾਤ ਸੀ। ਉਸ ਨੇ ਖ਼ਬਰ ਦਿੱਤੀ ਕਿ ਚੀਨੀ ਦਸਤਿਆਂ ਦਾ ਵੱਡਾ ਜਮਾਵੜਾ ਹੋ ਗਿਆ ਹੈ ਤੇ ਇਨ੍ਹਾਂ ਦੀ ਪਿੱਠ ’ਤੇ ਘੁੜਸਵਾਰ ਟੁਕੜੀਆਂ ਵੀ ਹਨ।

15 ਨਵੰਬਰ ਨੂੰ ਦਿਨ ਭਰ ਭਾਰੀ ਗੋਲਾਬਾਰੀ ਤੋਂ ਬਾਅਦ ਦੁਸ਼ਮਣ ਦੀਆ ਫ਼ੌਜਾਂ ਨੇ ਪੱਛਮ ਵੱਲ ਸਥਿਤ ਮਹਾ ਪਠਾਰ ’ਤੇ ਬਰਾਵੋ ਕੰਪਨੀ ਉਪਰ ਧਾਵਾ ਬੋਲ ਦਿੱਤਾ। ਨਾਲ ਹੀ ਉਹ ਖੱਪਿਆਂ (ਜਿੱਥੇ ਦਸਤਿਆਂ ਦੀ ਤਾਇਨਾਤੀ ਨਾਕਾਫ਼ੀ ਸੀ) ਵਿਚ ਦਾਖ਼ਲ ਹੋ ਗਏ ਤਾਂ ਕਿ ਰੱਖਿਆ ਪੰਕਤੀਆਂ ਦਾ ਆਪਸੀ ਸੰਪਰਕ ਤੋੜਿਆ ਜਾ ਸਕੇ। 16 ਨਵੰਬਰ ਤੱਕ ਗਹਿਗੱਚ ਲੜਾਈ ਚਲਦੀ ਰਹੀ। ਇਸ ਦੌਰਾਨ, ਦਿਨੇ 11.30 ਵਜੇ ਦੁਸ਼ਮਣ ਨੇ ਪੂਰਬੀ ਰਿੱਜ ’ਤੇ ਮਹਾ ਪਠਾਰ ਉੱਤੇ ਹਮਲਾ ਕਰ ਦਿੱਤਾ। ਜੋਅ ਪਲਟਾ ਨੇ ਉਨ੍ਹਾਂ ਦਾ ਡਟ ਕੇ ਸਾਹਮਣਾ ਕੀਤਾ ਅਤੇ ਆਪਣੇ ਦਸਤਿਆਂ ਦਾ ਮਨੋਬਲ ਵਧਾਉਂਦੇ ਰਹੇ। ਕਰੀਬ ਚਾਰ ਘੰਟਿਆਂ ਵਿਚ ਉਨ੍ਹਾਂ ਦੋ ਹਮਲੇ ਪਛਾੜ ਦਿੱਤੇ।

ਤੀਜਾ ਹਮਲਾ ਤੜਕਸਾਰ 4.45 ਵਜੇ ਹੋਇਆ। ਜਵਾਨ ਡਿੱਗ ਰਹੇ ਸਨ ਤੇ ਕੁਮਕ ਆਉਣੀ ਬੰਦ ਹੋ ਚੁੱਕੀ ਸੀ। ਇਨ੍ਹਾਂ ਵਿਚ ਜੋਅ ਪਲਟਾ ਵੀ ਸ਼ਾਮਲ ਸਨ ਤੇ ਉਸ ਦੇ ਆਖ਼ਿਰੀ ਬੋਲ ਸਨ, “ਦੁਸ਼ਮਣ ਨੂੰ ਕੱਚਾ ਖਾ ਜਾਓ, ਪਿੱਛਾ ਨਾ ਛੱਡੋ।” ਉਨ੍ਹਾਂ ਉਚ ਪਾਏ ਦੀ ਅਗਵਾਈ ਅਤੇ ਬਹਾਦਰੀ ਦਾ ਮੁਜ਼ਾਹਰਾ ਕੀਤਾ, ਉਨ੍ਹਾਂ ਨੂੰ ਵੀਰ ਚੱਕਰ ਦਿੱਤਾ ਗਿਆ। ਬਾਕੀ ਬਚੇ ਜਵਾਨਾਂ ਦੀ ਅਗਵਾਈ ਆਰਟਿਲਰੀ ਅਬਜ਼ਰਵੇਸ਼ਨ ਅਫ਼ਸਰ, ਲੈਫਟੀਨੈਂਟ ਭੰਡਾਰੀ ਨੇ ਕੀਤੀ ਜਿਨ੍ਹਾਂ ਨੇ ਜੋਅ ਪਲਟਾ ਅਤੇ ਉਸ ਦੇ ਜਵਾਨਾਂ ਦੀ ਬਹਾਦਰੀ ਦਾ ਬਿਰਤਾਂਤ ਸੁਣਾਇਆ ਸੀ।

ਮਹਾ ਪਠਾਰ ’ਤੇ ਕਬਜ਼ਾ ਬਰਕਰਾਰ ਰੱਖਣਾ ਬਹੁਤ ਅਹਿਮ ਸੀ। ਇਸ ਲਈ ਅਲਫਾ ਕੰਪਨੀ ਨੂੰ ਪੈਟਰੋਲ ਬੇਸ ’ਤੇ ਵਾਪਸ ਬੁਲਾ ਲਿਆ ਗਿਆ। ਦੁਸ਼ਮਣ ਨੇ ਬੰਕਰਾਂ ਉਪਰ ਭਾਰੇ ਹਥਿਆਰਾਂ ਨਾਲ ਗੋਲੀਬਾਰੀ ਕੀਤੀ ਤੇ ਫਿਰ ਤਿੰਨਾਂ ਪਾਸਿਆਂ ਤੋਂ ਹਮਲਾ ਕਰ ਦਿੱਤਾ। ਸ਼ਹੀਦ ਅਤੇ ਜ਼ਖ਼ਮੀ ਜਵਾਨਾਂ ਵਿਚ ਬਹੁਤ ਸਾਰੇ ਜੇਸੀਓ ਪਲਟੂਨ ਕਮਾਂਡਰ ਸ਼ਾਮਲ ਸਨ। ਹੌਲੀ ਹੌਲੀ ਪੁਜ਼ੀਸ਼ਨ ਬਰਕਰਾਰ ਰੱਖਣੀ ਔਖੀ ਹੋ ਗਈ ਤੇ ਆਖ਼ਿਰ ਬਿਲਕੁਲ ਸਫ਼ਾਇਆ ਹੋਣ ਤੋਂ ਬਚਣ ਲਈ ਬੱਝਵੇਂ ਤਰੀਕੇ ਨਾਲ ਵਾਪਸੀ ਕਰਨੀ ਪਈ।

ਪਲਟੂਨ ਦੀ ਵਾਪਸੀ ਦੀ ਸੁਰੱਖਿਆ ਲਈ ਤਿੰਨ ਜਵਾਨਾਂ ਨੇ ਬਹਾਦਰੀ ਦੀ ਮਿਸਾਲ ਕਾਇਮ ਕੀਤੀ ਜਿਨ੍ਹਾਂ ਵਿਚ ਟਹਿਲ ਸਿੰਘ, ਮੇਵਾ ਸਿੰਘ ਤੇ ਸੰਤੋਖ ਸਿੰਘ ਸ਼ਾਮਲ ਸਨ। ਲੜਾਈ ਮੁੱਕਣ ਤੋਂ ਬਾਅਦ ਗੋਲੀਆਂ ਨਾਲ ਛਲਣੀ ਹੋਈਆਂ ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਬਰਾਮਦ ਕੀਤੀਆਂ ਗਈਆਂ ਤੇ ਉਨ੍ਹਾਂ ਦੀਆਂ ਬਾਹਾਂ ਤੇ ਲੱਤਾਂ ਤਾਰਾਂ ਤੇ ਪੱਗਾਂ ਨਾਲ ਨੂੜੀਆਂ ਹੋਈਆਂ ਸਨ। ਬਾਅਦ ਵਿਚ ਕੈਪਟਨ ਆਈਜੇ ਕੁਮਾਰ ਦੀ ਅਗਵਾਈ ਹੇਠ ਬਚਾਓ ਦਸਤੇ ਨੇ ਮੇਜਰ ਸੰਵਤਸਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਜ਼ਖ਼ਮਾਂ ਦੀ ਤਾਬ ਨਾ ਸਹਿੰਦੇ ਹੋਏ ਦਮ ਤੋੜ ਗਏ ਤੇ ਇਸ ਦੌਰਾਨ ਕੈਪਟਨ ਕੁਮਾਰ ਨੂੰ ਬੰਦੀ ਬਣਾ ਲਿਆ ਗਿਆ। ਸਾਰੇ ਖੇਤਰਾਂ ਵਿਚ ਹਾਲਾਤ ਬਹੁਤ ਖਰਾਬ ਹੋ ਗਏ ਸਨ। ਬਾਕੀ ਬਚੇ ਫ਼ੌਜੀ ਜ਼ਖ਼ਮੀ ਹਾਲਤ ਵਿਚ ਸਨ ਤੇ ਉਨ੍ਹਾਂ ਨੂੰ ਖਾਣਾ ਵੀ ਨਹੀਂ ਮਿਲ ਰਿਹਾ ਸੀ ਪਰ ਤਾਂ ਵੀ ਉਹ ਯੂਨਿਟ ਵਿਚ ਜੁਆਇਨ ਕਰ ਰਹੇ ਸਨ। ਇਨ੍ਹਾਂ ਵਿਚ ਆਖ਼ਿਰੀ ਲਾਂਸ ਨਾਇਕ ਗੁਰਦੀਪ ਸਿੰਘ ਨੇ 37 ਦਿਨਾਂ ਬਾਅਦ ਰਿਪੋਰਟ ਕੀਤੀ ਸੀ। ਲੜਾਕੂ ਜਵਾਨਾਂ ਵਲੋਂ ਪੈਦਾ ਕੀਤੇ ਜਜ਼ਬੇ ਦਾ ਪੱਧਰ ਇਹ ਸੀ ਕਿ ਹਵਲਦਾਰ ਕਿਰਪਾ ਰਾਮ ਮੋਚੀ ਅਤੇ ਟੁੱਟ ਮੁਰੰਮਤ ਦਾ ਕੰਮ ਕਰਦੇ ਸਨ ਤੇ ਉਨ੍ਹਾਂ ਗ਼ੈਰ-ਲੜਾਕੂਆਂ ਨੂੰ ਹੱਲਾਸ਼ੇਰੀ ਦਿੱਤੀ ਕਿ ਉਹ ਮੂਹਰਲੀਆਂ ਚੌਕੀਆਂ ਤੱਕ ਅਸਲ੍ਹਾ ਪਹੁੰਚਾਉਣ ਦੀ ਚੁਣੌਤੀ ਆਪਣੇ ਮੋਢਿਆਂ ’ਤੇ ਲੈਣ।

ਕਿਰਪਾ ਰਾਮ ਨੇ ਕਈ ਵਾਰ ਅਸਲ੍ਹਾ ਪਹੁੰਚਾਇਆ ਤੇ ਆਖ਼ਿਰਕਾਰ ਦਮ ਤੋੜ ਦਿੱਤਾ। ਉਨ੍ਹਾਂ ਆਪਣੀ ਨਿਯਤ ਡਿਊਟੀ ਤੋਂ ਬਾਹਰ ਜਾ ਕੇ ਉਚ ਪਾਏ ਦੇ ਹੌਸਲੇ ਅਤੇ ਬਹਾਦਰੀ ਦੀ ਮਿਸਾਲ ਕਾਇਮ ਕੀਤੀ, ਉਨ੍ਹਾਂ ਨੂੰ ਵੀਰ ਚੱਕਰ ਨਾਲ ਸਨਮਾਨਿਆ ਗਿਆ।

ਵਾਲੌਂਗ ਦੀ ਲੜਾਈ 25 ਦਿਨ ਚਲਦੀ ਰਹੀ; ਸਾਰੇ ਸਾਰਾਗੜ੍ਹੀ ਦੀ ਲੜਾਈ ਵਾਲੇ ਜਜ਼ਬੇ ਨਾਲ ਲੜੇ ਅਤੇ 85 ਜਵਾਨਾਂ ਨੇ ਸ਼ਹਾਦਤ ਦਿੱਤੀ ਤੇ 97 ਜਵਾਨ ਆਪਣੀਆਂ ਖੰਦਕਾਂ ਵਿਚ ਜ਼ਖ਼ਮੀ ਹੋ ਗਏ। ਬਾਅਦ ਵਿਚ ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ ਯੁੱਧ ਖੇਤਰ ਵਿਚ ਪਹੁੰਚੇ ਅਤੇ ਉਨ੍ਹਾਂ ਲਿਖਿਆ ਸੀ, “4 ਸਿੱਖ ਦੇ ਜਵਾਨ ਵਾਲੌਂਗ ਵਿਖੇ ਆਪਣੇ ਬੰਕਰਾਂ ਵਿਚ ਪਏ ਸਨ ਜਿੱਥੇ ਉਨ੍ਹਾਂ ਆਪਣੇ ਆਖ਼ਿਰੀ ਸਾਹ ਤੱਕ ਲੜਦਿਆਂ ਆਪਣੀਆਂ ਜਾਨਾਂ ਕੁਰਬਾਨ ਕਰ ਕੇ ਸਿੱਖ ਰੈਜੀਮੈਂਟ ਦੀਆਂ ਉੱਚੀਆਂ ਰਵਾਇਤਾਂ ’ਤੇ ਪਹਿਰਾ ਦਿੱਤਾ।”

8 ਅਕਤੂਬਰ 1963 ਨੂੰ ਜਦੋਂ ਸਿਪਾਹੀ ਕੇਵਲ ਸਿੰਘ ਦੀ ਵਿਧਵਾ ਪਤਨੀ ਆਪਣੇ ਇਕ ਸਾਲ ਦੇ ਬੱਚੇ ਨੂੰ ਗੋਦ ਵਿਚ ਲੈ ਕੇ ਰਾਸ਼ਟਰਪਤੀ ਕੋਲੋਂ ਮਹਾਵੀਰ ਚੱਕਰ ਦਾ ਸਨਮਾਨ ਹਾਸਲ ਕਰਨ ਲਈ ਪਹੁੰਚੀ ਤਾਂ ਸ਼ਹੀਦ ਨੇ ਗੁਰੂ ਗੋਬਿੰਦ ਸਿੰਘ ਦੇ ਇਹ ਸ਼ਬਦ ਪੁਗਾ ਦਿੱਤੇ ਸਨ- ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮੈ ਤਬ ਜੂਝ ਮਰੋ।

# ਮੱਧਕਾਲੀ ਚੋਣਾਂ ਦੇ ਨਤੀਜੇ ਕੀ ਮੌਜੂਦਾ ਰਾਸ਼ਟਰਪਤੀ ਦੀਆਂ ਨੀਤੀਆਂ ਪ੍ਰਭਾਵਿਤ ਕਰਨਗੇ

ਅਮਰੀਕਾ ਵਿਚ ਮੱਧਕਾਲੀ ਚੋਣਾਂ ਦਾ ਵਿਸ਼ੇਸ਼ ਮਹੱਤਵ ਹੈ। ਅਮਰੀਕੀ ਸੰਵਿਧਾਨ ਅਨੁਸਾਰ ਇਹ ਚੋਣਾਂ ਉਦੋਂ ਹੁੰਦੀਆਂ ਹਨ ਜਦੋਂ ਮੌਜੂਦਾ ਰਾਸ਼ਟਰਪਤੀ ਆਪਣੇ 4 ਸਾਲਾਂ ਦੇ ਰਾਜ-ਕਾਲ ਦਾ ਅੱਧਾ ਸਮਾਂ ਭਾਵ 2 ਸਾਲ ਪੂਰੇ ਕਰ ਚੁੱਕਾ ਹੁੰਦਾ ਹੈ। ਅਮਰੀਕੀ ਸੰਸਦ (ਕਾਂਗਰਸ) ਦੇ ਹੇਠਲੇ ਸਦਨ (ਹਾਊਸ ਆਫ ਰਿਪਰੈਜ਼ੈਂਟੇਟਿਵਜ਼) ਦੇ ਮੈਂਬਰਾਂ ਦੀ ਮਿਆਦ 2 ਸਾਲ ਹੈ ਅਤੇ ਉੱਪਰਲੇ ਸਦਨ (ਸੈਨੇਟ) ਦੇ ਮੈਂਬਰਾਂ ਦੀ 6 ਸਾਲ। ਇਸ ਤਰ੍ਹਾਂ ਮੱਧਕਾਲੀ ਚੋਣਾਂ ਦੌਰਾਨ ਹੇਠਲੇ ਸਦਨ ਦੇ ਸਾਰੇ 436 ਹਲਕਿਆਂ ਲਈ ਵੋਟਾਂ ਪੈਂਦੀਆਂ ਹਨ। ਸੈਨੇਟ ਦੇ ਇਕ-ਤਿਹਾਈ ਮੈਂਬਰ 2-2 ਸਾਲਾਂ ਦੇ ਵਕਫ਼ੇ ’ਤੇ ਚੁਣੇ ਜਾਂਦੇ ਹਨ ਅਤੇ ਮੱਧਕਾਲੀ ਚੋਣਾਂ ਵਿਚ 100 ਮੈਂਬਰਾਂ ਦੀ ਸੈਨੇਟ ਵਿਚੋਂ 35 ਸੈਨੇਟਰ ਚੁਣੇ ਜਾਂਦੇ ਹਨ। ਅਮਰੀਕਾ ਦੇ 50 ਸੂਬੇ ਹਨ ਅਤੇ ਇਨ੍ਹਾਂ ਵਿਚੋਂ 36 ਸੂਬਿਆਂ ਦੇ ਗਵਰਨਰ ਚੁਣਨ ਦੀ ਪ੍ਰਕਿਰਿਆ ਵੀ ਮੱਧਕਾਲੀ ਚੋਣਾਂ ਵਿਚ ਹੁੰਦੀ ਹੈ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
IRS e-file
E.A.
CTEC California Tax Education Council Registered Tax Preparer
Open 7 Days
Weekends/Evenings
(Year Round Service)
Resonalbe Rates
Call for Appointment

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

ਇਤਿਹਾਸਕ ਤੌਰ ’ਤੇ ਮੌਜੂਦਾ ਰਾਸ਼ਟਰਪਤੀ ਦੀ ਪਾਰਟੀ ਨੂੰ ਇਨ੍ਹਾਂ ਚੋਣਾਂ ਵਿਚ ਨੁਕਸਾਨ ਪਹੁੰਚਦਾ ਹੈ; ਇਸ ਦਾ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਆਪਣੇ ਦੋ ਸਾਲਾਂ ਦੇ ਰਾਜ-ਕਾਲ ਦੌਰਾਨ ਰਾਸ਼ਟਰਪਤੀ ਅਜਿਹੇ ਫ਼ੈਸਲੇ ਕਰਦਾ ਹੈ ਜਿਹੜੇ ਲੋਕਾਂ ਨੂੰ ਪਸੰਦ ਨਹੀਂ ਆਉਂਦੇ ਅਤੇ ਇਹ ਨਾ-ਪਸੰਦਗੀ ਮੱਧਕਾਲੀ ਚੋਣਾਂ ਵਿਚ ਜ਼ਾਹਿਰ ਹੁੰਦੀ ਹੈ।

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਬਾਰੇ ਨਾਪਸੰਦਗੀ ਵੀ ਵਧੀ ਹੈ। ਜਨਵਰੀ 2021 ਵਿਚ ਉਹ ਅਮਰੀਕਾ ਦੇ 53 ਫ਼ੀਸਦੀ ਲੋਕਾਂ ਦੀ ਪਸੰਦ ਸੀ ਅਤੇ ਹੁਣ ਸਿਰਫ਼ 39 ਫ਼ੀਸਦੀ ਲੋਕਾਂ ਦੀ ਪਸੰਦ ਹੈ। ਇਸ ਦੇ ਕਾਰਨ ਵਧ ਰਹੀ ਬੇਰੁਜ਼ਗਾਰੀ ਅਤੇ ਮਹਿੰਗਾਈ ਹਨ। ਲੋਕਾਂ ਵਿਚ ਇਹ ਪ੍ਰਭਾਵ ਵੀ ਗਿਆ ਹੈ ਕਿ ਵੱਡੀ ਉਮਰ ਕਾਰਨ ਬਾਇਡਨ ਪ੍ਰਭਾਵਸ਼ਾਲੀ ਆਗੂ ਸਾਬਤ ਨਹੀਂ ਹੋ ਰਿਹਾ। ਇਸ ਲਈ ਇਹ ਅੰਦਾਜ਼ੇ ਲਗਾਏ ਜਾ ਰਹੇ ਸਨ ਕਿ ਮੱਧਕਾਲੀ ਚੋਣਾਂ ਵਿਚ ਬਾਇਡਨ ਦੀ ਡੈਮੋਕਰੇਟਿਕ ਪਾਰਟੀ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਵੇਗਾ। ਲੋਕਾਂ ਵਿਚ ਇਹ ਪ੍ਰਭਾਵ ਵੀ ਸੀ ਕਿ ਰਿਪਬਲਿਕਨ ਪਾਰਟੀ ਦਾ ਆਗੂ ਤੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਮਜ਼ਬੂਤ ਹੋ ਰਿਹਾ ਹੈ ਅਤੇ ਜੇ ਟਰੰਪ ਦੇ ਹਮਾਇਤੀ ਜਿੱਤਦੇ ਹਨ ਤਾਂ ਉਹ ਦੋ ਸਾਲਾਂ ਬਾਅਦ ਰਾਸ਼ਟਰਪਤੀ ਦੇ ਅਹੁਦੇ ਲਈ ਫਿਰ ਉਮੀਦਵਾਰ ਬਣ ਸਕਦਾ ਹੈ।

ਨਤੀਜਿਆਂ ਦੇ ਰੁਝਾਨ ਅਨੁਸਾਰ ਹੇਠਲੇ ਸਦਨ ਵਿਚ ਰਿਪਬਲਿਕਨ ਪਾਰਟੀ ਬਹੁਮਤ ਵਾਲੀ ਪਾਰਟੀ ਤਾਂ ਬਣ ਜਾਵੇਗੀ ਪਰ ਇਹ ਜਿੱਤ ਓਨੀ ਵੱਡੀ ਨਹੀਂ ਹੋਵੇਗੀ ਜਿਸ ਦੀ ਆਸ ਕੀਤੀ ਜਾ ਰਹੀ ਸੀ। ਸੈਨੇਟ ਵਿਚ ਡੈਮੋਕਰੇਟਿਕ ਪਾਰਟੀ ਦਾ ਬਹੁਮਤ ਕਾਇਮ ਰਹਿਣ ਦੀ ਉਮੀਦ ਹੈ। ਰਾਸ਼ਟਰਪਤੀ ਬਾਇਡਨ ਨੇ ਨਤੀਜਿਆਂ ਨੂੰ ਜਮਹੂਰੀਅਤ ਦੀ ਜਿੱਤ ਦੱਸਿਆ ਹੈ। ਗਵਰਨਰਾਂ ਦੇ ਅਹੁਦਿਆਂ ’ਤੇ ਵੀ ਡੈਮੋਕਰੇਟਿਕ ਪਾਰਟੀ ਨੂੰ ਪਹਿਲਾਂ ਤੋਂ ਵੱਧ ਸੂਬਿਆਂ ਵਿਚ ਜਿੱਤ ਪ੍ਰਾਪਤ ਹੋਈ ਹੈ। ਨਤੀਜਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਅਮਰੀਕਾ ਦੇ ਲੋਕ ਡੋਨਲਡ ਟਰੰਪ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਨਹੀਂ ਬਣਾਉਣਾ ਚਾਹੁੰਦੇ। ਟਰੰਪ ਕੱਟੜ ਸੱਜੇ-ਪੱਖੀ ਅਤੇ ਅਸਿੱਧੇ ਤੌਰ ’ਤੇ ਨਸਲਵਾਦੀ ਰੁਝਾਨਾਂ ਦਾ ਹਮਾਇਤੀ ਹੈ; ਉਹ ਸੰਵਿਧਾਨਕ ਮਰਿਆਦਾ ਦੀ ਉਲੰਘਣਾ ਵੀ ਕਰਦਾ ਰਿਹਾ ਹੈ; ਕੁੱਲ ਮਿਲਾ ਕੇ ਉਸ ਦਾ ਰਵੱਈਆ ਗ਼ੈਰ-ਜਮਹੂਰੀ ਹੈ। ਇਨ੍ਹਾਂ ਚੋਣ ਨਤੀਜਿਆਂ ਕਾਰਨ ਟਰੰਪ ਦਾ ਕਮਜ਼ੋਰ ਹੋਣਾ ਸਾਰੀ ਦੁਨੀਆ ਅਤੇ ਖ਼ਾਸ ਕਰ ਕੇ ਅਮਰੀਕਾ ਦੇ ਲੋਕਾਂ ਦੇ ਹਿੱਤ ਵਿਚ ਹੈ। ਬਾਇਡਨ ਨੇ ਕਿਹਾ ਕਿ ਉਹ ਦੁਬਾਰਾ ਚੋਣ ਲੜਨ ਦਾ ਫ਼ੈਸਲਾ ਕ੍ਰਿਸਮਸ ਦੌਰਾਨ ਪਰਿਵਾਰ ਨਾਲ ਸਲਾਹ ਕਰਨ ਤੋਂ ਬਾਅਦ ਲਵੇਗਾ। ਬਾਇਡਨ ਹੁਣ ਭਾਵੇਂ ਸਿਰਫ਼ 39 ਫ਼ੀਸਦੀ ਅਮਰੀਕਨਾਂ ਦੀ ਪਸੰਦ ਹੈ ਪਰ ਉਹ ਆਪਣੀ ਪਾਰਟੀ ਦੇ ਮੁੱਖ ਆਗੂਆਂ ਜਿਨ੍ਹਾਂ ਵਿਚ ਕਮਲਾ ਹੈਰਿਸ ਤੇ ਕਈ ਹੋਰ ਸ਼ਾਮਲ ਹਨ, ਤੋਂ ਵੱਧ ਹਰਮਨਪਿਆਰਾ ਹੈ। ਅਮਰੀਕਾ ਵਿਚ ਜਮਹੂਰੀ ਪ੍ਰਕਿਰਿਆ ਕਾਫ਼ੀ ਜਟਿਲ ਹੈ; ਇਸ ਵਿਚ ਪਾਰਟੀਆਂ ਦੀ ਅੰਦਰੂਨੀ ਜਮਹੂਰੀਅਤ ਅਤੇ ਸੰਸਥਾਵਾਂ ਦੀ ਸੰਵਿਧਾਨਕ ਖ਼ੁਦਮੁਖ਼ਤਾਰੀ ਨੂੰ ਪਹਿਲ ਮਿਲਦੀ ਹੈ। ਇਹੀ ਕਾਰਨ ਹੈ ਕਿ ਇਹ ਪ੍ਰਣਾਲੀ ਕਾਰਜਕੁਸ਼ਲਤਾ ਨਾਲ ਰਾਜ-ਪ੍ਰਬੰਧ ਚਲਾਉਣ ਵਿਚ ਕਾਮਯਾਬ ਹੁੰਦੀ ਹੈ; ਵਿਅਕਤੀ ਸੰਵਿਧਾਨ ਅਤੇ ਸੰਵਿਧਾਨਕ ਸੰਸਥਾਵਾਂ ਤੋਂ ਉੱਪਰ ਨਹੀਂ ਹੋ ਸਕਦਾ।

ਸੂਬਿਆਂ ਵਿਚ ਡੈਮੋਕਰੇਟਿਕ ਪਾਰਟੀਆਂ ਦੇ ਗਵਰਨਰਾਂ ਦੀ ਜਿੱਤ ਇਸ ਲਈ ਅਹਿਮ ਹੈ ਕਿ ਸੁਪਰੀਮ ਕੋਰਟ ਦੇ ਹਾਲੀਆ ਫ਼ੈਸਲੇ ਕਾਰਨ ਔਰਤਾਂ ਦੁਆਰਾ ਗਰਭ ਧਾਰੀ ਰੱਖਣ ਜਾਂ ਖ਼ਤਮ ਕਰਨ ਦੇ ਫ਼ੈਸਲੇ ਬਾਰੇ ਨੀਤੀ ਹੁਣ ਸੂਬਿਆਂ ਨੇ ਤੈਅ ਕਰਨੀ ਹੈ। ਸਭ ਸੀਮਾਵਾਂ ਦੇ ਬਾਵਜੂਦ ਡੈਮੋਕਰੇਟਿਕ ਪਾਰਟੀ ਪਰਵਾਸੀਆਂ ਦੇ ਹੱਕ ਵਿਚ ਭੁਗਤਣ ਵਾਲੀ ਉਦਾਰਵਾਦੀ ਪਾਰਟੀ ਹੈ ਅਤੇ ਉਸ ਦਾ ਜਿੱਤਣਾ ਪਰਵਾਸੀਆਂ ਦੇ ਹੱਕ ਵਿਚ ਜਾਂਦਾ ਹੈ।

# ਗੀਤਕਾਰਾਂ ਦਾ ਸਾਂਝਾ ਸਾਹਿਤਕ ਸੰਗ੍ਰਹਿ, 'ਹਰਫ਼ਾਂ ਦਾ ਚਾਨਣ' 'ਤੇ ਭਰਵੀਂ ਗੋਸ਼ਟੀ

ਬੀਤੇ ਦਿਨੀਂ ਪੰਜਾਬੀ ਗੀਤਕਾਰ ਮੰਚ ਕੈਲੇਫੋਰਨੀਆਂ (ਯੂ ਐਸ ਏ) ਵੱਲੋਂ ਗੋਲਡਨ ਸਟੇਟ ਟਰੱਕ ਸੇਲਜ਼ ਇਨਕਾਰਪੋਰੇਸ਼ਨ, 532 ਹਿਊਸਟਨ ਸਟ੍ਰੀਟ, ਪੱਛਮੀਂ ਸੈਕਰਾਮੈਂਟੋ ਵਿਖੇ ਨਵੀਂ ਚੇਤਨਾ ਪੰਜਾਬੀ ਲੇਖਕ ਮੰਚ, ਗੁਰਾਇਆਂ (ਜਲੰਧਰ) ਰਾਹੀਂ ਚੜ੍ਹਦੇ, ਲਹਿੰਦੇ ਪੰਜਾਬ ਦੇ 69 ਸ਼ਾਇਰਾਂ/ ਗੀਤਕਾਰਾਂ ਦਾ ਸਾਂਝਾ ਸਾਹਿਤਕ ਸੰਗ੍ਰਹਿ, 'ਹਰਫ਼ਾਂ ਦਾ ਚਾਨਣ 'ਤੇ ਭਰਵੀਂ ਗੋਸ਼ਟੀ ਕੀਤੀ ਗਈ। ਧਰਮਿੰਦਰ ਸਿੰਘ ਨੇ ਮੀਟਿੰਗ ਦਾ ਪ੍ਰਬੰਧ ਅਤੇ ਸਾਰਾ ਖਾਣ ਪੀਣ ਦਾ ਪ੍ਰਬੰਧ ਕੀਤਾ। ਗੀਤਕਾਰ ਸੁਰਿੰਦਰ ਝੰਡੇਰ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ। ਗੁਰਬਚਨ ਚੋਪੜਾ ਨੇ ਮੰਚ ਦੀ ਜ਼ੁੰਮੇਵਾਰੀ ਨਿਭਾਈ। ਬਿੱਕਰ ਸਿੰਘ ਕੰਮੇਆਣਾ (ਐਸ਼ੀ ਰੋਮਾਣਾ ਕੰਮੇਆਣਾ) ਨੇ ਕਿਤਾਬ, 'ਹਰਫ਼ਾਂ ਦਾ ਚਾਨਣ' ਦੇ ਸੰਪਾਦਕਾਂ, ਉੱਘੇ ਗੀਤਕਾਰ ਮੱਖਣ ਲੋਹਾਰ ਤੇ ਉੱਘੇ ਸ਼ਾਇਰ ਜਗਦੀਸ਼ ਰਾਣਾ ਦੀ ਇਸ ਕਾਰਜ ਲਈ ਤਾਰੀਫ਼ ਕਰਦਿਆਂ ,ਕਿਤਾਬ ਵਿੱਚ ਦਰਜ ਰਚਨਾਵਾਂ ਨੂੰ ਸਲ੍ਹਾਉਂਦਿਆਂ ਇਸ ਨੂੰ ਜੀ ਆਇਆਂ ਕਿਹਾ। ਉੱਘੀ ਕਵਿੱਤਰੀ ਮਨਜੀਤ ਕੌਰ ਸੇਖੋਂ ਨੇ ਕਿਤਾਬ ਦੀਆਂ ਕਈ ਰਚਨਾਵਾਂ ਦਾ ਪਾਠ ਕਰਦਿਆਂ ਆਪਣੇ ਵਿਚਾਰ ਖੋਲ੍ਹਕੇ ਰੱਖੇ। ਉੱਘੀ ਗਾਇਕਾ ਸੁਖਵੰਤ ਕੌਰ ਸੁੱਖੀ ਨੇ ਕੁੱਝ ਗੀਤ ਗਾ ਕੇ ਪੰਡਾਲ ਨੂੰ ਝੂੰਮਣ ਲਾ ਦਿੱਤਾ। ਨਵੀਂ ਉੱਭਰੀ , ਨੌਜਵਾਨ ਲੇਡੀ ਸਿੰਗਰ ਮਨਪ੍ਰੀਤ ਗਿੱਲ ਨੇ ਬਹੁਤ ਹੀ ਮਿੱਠੀ ਅਵਾਜ਼ 'ਚ ਗੀਤ ਗਾਏ। ਮਨਜੀਤ ਰੱਲ, ਚਰਨ ਲੁਹਾਰਾਂ ਵਾਲਾ, ਤਰਲੋਕ ਸਿੰਘ, ਜਸਵਿੰਦਰ ਮਦਾੜਾ ਨੇ ਵੀ ਆਪਣੀ ਗਾਇਕੀ ਦਾ ਰੰਗ ਬੰਨਿਆਂ। ਉੱਘੀ ਸ਼ਾਇਰਾ ਜੋਤੀ ਕੌਰ ਨੇ ਆਪਣੀ ਸੁਰੀਲੀ ਅਵਾਜ਼ ਰਾਹੀਂ ਆਪਣੀਆਂ ਕੁੱਝ ਚੋਣਵੀਆਂ ਰਚਨਾਵਾਂ ਨੂੰ ਗਾ ਕੇ ਸੁਣਾਇਆ। ਉੱਘੇ ਗਾਇਕ ਤਰਲੋਕ ਸਿੰਘ ਨੇ ਸੁਰੀਲਿਆਂ ਸਾਜ਼ਾਂ ਨਾਲ ਆਪਣੀ ਸੁਰੀਲੀ ਅਵਾਜ਼ ਦਾ ਜਾਦੂ ਬਿਖੇਰਿਆ। ਲਹਿੰਦੇ ਪੰਜਾਬ ਦੇ ਉੱਘੇ ਗਾਇਕ ਮਲਿਕ ਇਮਤਿਆਜ਼ ਤੇ ਮਲਿਕ ਜੁਲਫਕਾਰ ਏ ਅਵਾਨ ਨੇ ਵੀ ਆਪਣੀ ਗਾਇਕੀ ਦੇ ਜ਼ੌਰ੍ਹ ਦਿਖਾਏ। ਪ੍ਰਸਿੱਧ ਲੇਖਕਾ ਤਤਿੰਦਰ ਕੌਰ, ਉੱਘੀ ਸ਼ਾਇਰਾ ਮਨੋਰੀਤ ਗਰੇਵਾ.ਲ (ਪ੍ਰਧਾਨ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ) ਉੱਘੇ ਗੀਤਕਾਰ ਜਸਵੰਤ ਜੱਸੀ ਸ਼ੀਂਮਾਰ, ਉੱਘੇ ਸ਼ਾਇਰ ਹਰਜਿੰਦਰ ਪੰਧੇਰ (ਪ੍ਰਧਾਨ ਪੰਜਾਬੀ ਸਾਹਿਤ ਸਭਾ ਸਟਾਕਟਨ) ਵਿਸ਼ੇਸ਼ ਤੌਰ ਤੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ। ਹੋਰਨਾਂ ਤੋਂ ਇਲਾਵਾ ਜਿੰਨ੍ਹਾਂ ਖਾਸ ਸਖਸੀਅਤਾਂ ਨੇ ਇਸ ਸਮਾਗਮ ਵਿੱਚ ਹਾਜ਼ਰੀ ਭਰੀ ਉਨ੍ਹਾਂ ਦੇ ਨਾਂ ਹਨ ਪਵਨ ਮਾਹੀ, ਕੇਵਲ ਕ੍ਰਿਸ਼ਨ ਬੋਲੀਨਾ, ਚਰਨ ਸਿੰਘ ਲੋਹਾਰਾਂ ਵਾਲਾ, ਜਸਵਿੰਦਰ ਲਾਲ ਮਢੇਰਾ, ਟੀ ਸਿੰਘ, ਸੁਰਿੰਦਰ ਸਿੰਘ ਸ਼ੇਰਗਿੱਲ, ਡੌਲੀ ਫੋਟੋਗ੍ਰਾਫਰ, ਬਲਜੀਤ ਸਿੰਘ, ਸੁਰਿੰਦਰ ਬਰਾੜ, ਪਰੀ ਕੌਰ, ਕਮਲਜੀਤ ਕੌਰ ਰੱਲ, ਦੀਪੂ ਚੋਪੜਾ, ਜੇ ਪੀ ਸਿੰਘ, ਆਈ ਹਰਮਿੰਦਰ ਸਿੰਘ ਤੇ ਮਨਜੀਤ ਸਿੰਘ ਰੱਲ ਆਦਿ । ਪੰਜਾਬੀ ਗੀਤਕਾਰ ਮੰਚ ਦੇ ਪ੍ਰਧਾਨ ਮੱਖਣ ਲੋਹਾਰ ਨੇ ਸਮਾਗਮ ਵਿੱਚ ਪਹੁੰਚੀਆਂ ਸਭ ਸਖਸ਼ੀਅਤਾਂ ਦਾ ਧੰਨਵਾਦ ਕੀਤਾ। ਸਾਹਿਤਕ ਖੁਸ਼ਬੂਆਂ ਬਿਖੇਰਦਾ, ਗੀਤਕਾਰ ਮੰਚ ਦਾ ਇਹ ਵੀ ਵਿਲੱਖਣ ਸਮਾਗਮ ਸ਼ਾਇਰਾਨਾ ਮੀਲ ਪੱਥਰ ਗੱਡਦਾ ਹੋਇਆ ਸੰਪੂਰਨ ਹੋਇਆ।




# ਭਾਰਤ ਦੇ ਸਭ ਤੋਂ ਸਾਫ਼ ਹਵਾ ਵਾਲੇ 7 ਸ਼ਹਿਰ



ਭਾਰਤ ਵਿੱਚ ਬਹੁਤ ਸਾਰੇ ਸੁੰਦਰ ਸ਼ਹਿਰ ਹਨ, ਜਿੱਥੇ ਹਰ ਕਿਸੇ ਨੂੰ ਜ਼ਿੰਦਗੀ ਵਿੱਚ ਇੱਕ ਵਾਰ ਜਾਣਾ ਚਾਹੀਦਾ ਹੈ ਅਤੇ ਉੱਥੋਂ ਦੀ ਸੁੰਦਰਤਾ ਦਾ ਆਨੰਦ ਲੈਣਾ ਚਾਹੀਦਾ ਹੈ। ਖਾਸ ਕਰਕੇ ਇਸ ਸਮੇਂ ਜਦੋਂ ਦਿੱਲੀ ਅਤੇ ਨੇੜਲੇ ਕਈ ਸ਼ਹਿਰਾਂ ਵਿੱਚ ਹਵਾ ਜ਼ਹਿਰੀਲੀ ਹੁੰਦੀ ਜਾ ਰਹੀ ਹੈ। ਇਸ ਲਈ ਜੇਕਰ ਤੁਸੀਂ ਵੀ ਇਸ ਪ੍ਰਦੂਸ਼ਣ ਤੋਂ ਦੂਰ ਸਾਫ ਹਵਾ 'ਚ ਕੁਝ ਦਿਨ ਬਿਤਾਉਣਾ ਚਾਹੁੰਦੇ ਹੋ ਤਾਂ ਇਨ੍ਹਾਂ 7 ਸ਼ਹਿਰਾਂ ਦਾ ਰੁਖ ਕੀਤਾ ਜਾ ਸਕਦਾ ਹੈ।ਆਓ ਜਾਣਦੇ ਹਾਂ ਭਾਰਤ ਦੇ 7 ਅਜਿਹੇ ਸ਼ਹਿਰਾਂ ਬਾਰੇ ਜਿੱਥੇ ਹਵਾ, ਪਾਣੀ ਸਾਫ਼ ਹੈ ਤੇ ਕੁਦਰਤੀ ਸੁੰਦਰਤਾ ਲਾਜਵਾਬ ਹੈ।



### ਕਿਨੌਰ, ਹਿਮਾਚਲ ਪ੍ਰਦੇਸ਼

ਹਿਮਾਚਲ ਦਾ ਸ਼ਹਿਰ ਕਿਨੌਰ ਆਪਣੀ ਸਾਫ਼ ਹਵਾ ਲਈ ਦੇਸ਼ ਭਰ ਵਿੱਚ ਜਾਣਿਆ ਜਾਂਦਾ ਹੈ। ਜੇਕਰ ਤੁਸੀਂ ਛੁੱਟੀਆਂ ਮਨਾਉਣ ਲਈ ਸ਼ਿਮਲਾ ਜਾਂ ਮਨਾਲੀ ਜਾਣਾ ਚਾਹੁੰਦੇ ਹੋ, ਤਾਂ ਇਸ ਦੀ ਬਜਾਏ ਕਿਨੌਰ ਜਾਓ। ਉੱਥੋਂ ਦੀ ਸਾਫ਼ ਹਵਾ ਦੇਖ ਕੇ ਤੁਸੀਂ ਹੈਰਾਨ ਰਹਿ ਜਾਓਗੇ।



### ਕੋਲਮ, ਕੇਰਲ

ਭਾਰਤ ਦਾ ਇਹ ਬੰਦਰਗਾਹ ਸ਼ਹਿਰ ਸ਼ਾਨਦਾਰ ਕੁਦਰਤੀ ਸੁੰਦਰਤਾ ਨਾਲ ਭਰਿਆ ਹੋਇਆ ਹੈ ਅਤੇ ਸ਼ਾਨਦਾਰ ਹਵਾ ਅਤੇ ਪਾਣੀ ਦੀ ਗੁਣਵੱਤਾ ਹੈ। ਹਵਾ ਪ੍ਰਦੂਸ਼ਣ ਦੇ ਬਹੁਤ ਘੱਟ ਪੱਧਰ, ਉੱਚ ਹਵਾ ਦੀ ਗੁਣਵੱਤਾ ਅਤੇ ਪੀਣ ਵਾਲੇ ਪਾਣੀ ਦੀ ਗੁਣਵੱਤਾ ਲਈ ਜਾਣਿਆ ਜਾਂਦਾ, ਕੋਲਮ ਬਿਨਾਂ ਸ਼ੱਕ ਭਾਰਤ ਦੇ ਸਭ ਤੋਂ ਸਾਫ਼ ਹਵਾ ਵਾਲੇ ਸ਼ਹਿਰਾਂ ਵਿੱਚੋਂ ਇੱਕ ਹੈ। ਤੁਸੀਂ ਇੱਥੇ ਸੁੰਦਰ ਬੀਚਾਂ ਅਤੇ ਸਾਫ ਪਾਣੀ ਦਾ ਆਨੰਦ ਲੈ ਸਕਦੇ ਹੋ।



### ਪੁਡੂਚੇਰੀ, ਤਾਮਿਲਨਾਡੂ

ਪੁਡੂਚੇਰੀ ਨੂੰ ਸ਼ਾਂਤੀਪੂਰਨ ਸਥਾਨ ਮੰਨਿਆ ਜਾਂਦਾ ਹੈ। ਪੁਡੂਚੇਰੀ ਵਿੱਚ ਕਰਨ ਲਈ ਬਹੁਤ ਕੁਝ ਹੈ। ਸਰਫਿੰਗ, ਮਜ਼ੇਦਾਰ ਭੋਜਨ, ਤਣਾਅ ਤੋਂ ਛੁਟਕਾਰਾ ਪਾਉਣ ਲਈ ਯੋਗਾ ਸੈਸ਼ਨਾਂ, ਕੋਰਲ ਬੀਚ ਵਿੱਚ ਗੋ-ਤਾਖੋਰੀ ਅਤੇ ਹੋਰ ਬਹੁਤ ਸਾਰੀਆਂ ਸੁੰਦਰ ਚੀਜ਼ਾਂ ਦਾ ਅਨੰਦ ਲਓ ਜੋ ਤੁਸੀਂ ਕਰ ਸਕਦੇ ਹੋ। ਔਰੋਵਿਲ ਜਾਂ ਕਿਸੇ ਐਨਜੀਓ ਵਿੱਚ ਵਲੰਟੀਅਰ ਕਰਨਾ ਤੁਹਾਡੇ ਜੀਵਨ ਦਾ ਵਿਸ਼ੇਸ਼ ਅਨੁਭਵ ਹੋਵੇਗਾ। ਪੁਡੂਚੇਰੀ ਦੇਸ਼ ਦਾ ਪ੍ਰਸਿੱਧ ਸਥਾਨ ਹੈ, ਜਿੱਥੇ ਹਵਾ ਵੀ ਸਾਫ਼ ਹੈ।

### ਭੋਪਾਲ, ਮੱਧ ਪ੍ਰਦੇਸ਼

ਭੋਪਾਲ ਨੂੰ 'ਝੀਲਾਂ ਦਾ ਸ਼ਹਿਰ' ਵੀ ਕਿਹਾ ਜਾਂਦਾ ਹੈ, ਕਿਉਂਕਿ ਇੱਥੇ ਬਹੁਤ ਸਾਰੇ ਛੋਟੇ-ਵੱਡੇ ਤਾਲਾਬ ਹਨ। ਭੋਪਾਲ ਵੀ ਦੇਸ਼ ਦੇ ਸਭ ਤੋਂ ਸਾਫ਼-ਸੁਥਰੇ ਸ਼ਹਿਰਾਂ ਵਿੱਚੋਂ ਇਕ ਹੈ, ਇੱਥੇ ਦੀ ਤਾਜ਼ੀ ਅਤੇ ਸਾਫ਼ ਹਵਾ ਤੁਹਾਡੇ ਦਿਲ ਨੂੰ ਖੁਸ਼ ਕਰ ਦੇਵੇਗੀ। ਤੁਸੀਂ ਇੱਥੇ ਖਾਣਾ ਖਾਣ ਦਾ ਮਜ਼ਾ ਲੈ ਸਕਦੇ ਹੋ ਅਤੇ ਸ਼ਾਮ ਨੂੰ ਤਾਲਾਬ ਦੇ ਕੰਢੇ ਬਿਤਾ ਸਕਦੇ ਹੋ।



### ਗੰਗਟੋਕ, ਸਿੱਕਮ

ਇਸ ਪਹਾੜੀ ਸ਼ਹਿਰ ਤੋਂ, ਤੁਸੀਂ ਬਰਫ਼ ਨਾਲ ਢਕੇ ਹੋਏ ਹਿਮਾਲਿਆ ਨੂੰ ਨੇੜੇ ਤੋਂ ਦੇਖ ਸਕਦੇ ਹੋ। ਗੰਗਟੋਕ ਭਾਰਤ ਦੇ ਸਭ ਤੋਂ ਘੱਟ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ ਇਕ ਹੈ। ਇੱਥੇ ਕੁਦਰਤੀ ਸੁੰਦਰਤਾ ਤੁਹਾਡਾ ਦਿਲ ਜਿੱਤ ਲਵੇਗੀ।

### ਮਦੁਰੈ, ਤਾਮਿਲਨਾਡੂ

ਮਦੁਰੈ ਭਾਰਤ ਦੇ ਸਭ ਤੋਂ ਪੁਰਾਣੇ ਸ਼ਹਿਰਾਂ ਵਿੱ-ਚੋਂ ਇੱਕ ਹੈ। ਇਸ ਸ਼ਹਿਰ ਨਾਲ ਇਤਿਹਾਸ, ਮਿਥਿਹਾਸ ਅਤੇ ਸੱਭਿਆਚਾਰ ਜੁੜਿਆ ਹੋਇਆ ਹੈ। ਇਸ ਸ਼ਹਿਰ ਨੂੰ ੂੰ ਦੁਆਰਾ "ਭਾਰਤ ਦੇ 5 ਸਭ ਤੋਂ ਘੱਟ ਪ੍ਰਦੂਸ਼ਿਤ ਸ਼ਹਿਰਾਂ" ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ।

### ਹਸਨ, ਕਰਨਾਟਕ



ਕਰਨਾਟਕ ਤੋਂ ਕੁਝ ਘੰਟਿਆਂ ਦੀ ਦੂਰੀ 'ਤੇ ਸਥਿਤ, ਇਹ ਮੰਜ਼ਿਲ ਕੁਦਰਤ ਦਾ ਸ਼ਾਂਤਮਈ ਤੋਹਫ਼ਾ, ਪੁਰਾਣੀ, ਸਾਫ਼ ਅਤੇ ਹਰੇ ਭਰੀ ਹੈ। ਹਸਨ, ਜੋ 'ਗਰੀਬਾਂ ਦੀ ਊਟੀ' ਵਜੋਂ ਮਸ਼ਹੂਰ ਹੈ, ਨੂੰ ਮਈ 2016 ਵਿੱਚ ੂੰ ਦੁਆਰਾ ਭਾਰਤ ਦਾ ਤੀਜਾ ਸਭ ਤੋਂ ਘੱਟ ਪ੍ਰਦੂਸ਼ਿਤ ਸ਼ਹਿਰ ਐਲਾ-ਨਆ ਗਿਆ ਸੀ।



# ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਦੇ ਸਿਰ ਕੰਡਿਆਂ ਦਾ ਤਾਜ

(ਸਫਾ 8 ਦੀ ਬਾਕੀ)

ਬਾਹਰ ਆਉਣ ਦਾ ਅਮਲ) ਨੂੰ ਸਫ਼ਲ ਬਣਾਉਣ ਲਈ ਇਸ ਦੇ ਆਰਥਿਕ ਮਾਡਲ ਵਿਚ ਤਬਦੀਲੀ ਲਿਆਉਣ ਦੀ ਲੋੜ ਹੈ ਪਰ ਬੋਰਿਸ ਜੌਹਨਸਨ ਕੋਲ ਅਜਿਹੀ ਕੋਈ ਯੋਜਨਾ ਨਹੀਂ ਸੀ ਤੇ ਲਿਜ਼ ਟਰੱਸ ਇਸ ਨੂੰ ਸੁਚੱਜੇ ਢੰਗ ਨਾਲ ਲਾਗੂ ਨਹੀਂ ਕਰ ਸਕੇ। ਅਸੀਂ ਨਹੀਂ ਜਾਣਦੇ ਕਿ ਕੀ ਸੂਨਕ ਕੋਲ ਕੋਈ ਅਜਿਹੀ ਯੋਜਨਾ ਹੈ ਜਾਂ ਨਹੀਂ। ਸਾਫ਼ ਨਜ਼ਰ ਆ ਰਿਹਾ ਹੈ ਕਿ ਬ੍ਰੈਗਜ਼ਿਟ ਹੰਢਣਸਾਰ ਨਹੀਂ ਹੈ। ਕਿਸੇ ਨਾ ਕਿਸੇ ਨੂੰ ਤਾਂ ਅੱਕ ਚੱਬਣਾ ਹੀ ਪੈਣਾ ਹੈ ਤਾਂ ਕਿ ਬਰਤਾਨੀਆ ਨੂੰ ਬ੍ਰੈਗਜ਼ਿਟ ਨੂੰ ਪੁੱਠਾ ਗੇੜ ਦਿੱਤੇ ਬਿਨਾ ਯੂਰੋਪੀਅਨ ਯੂਨੀਅਨ ਦੀ ਸਾਂਝੀ ਮੰਡੀ ਅਤੇ ਕਸਟਮਜ਼ ਯੂਨੀਅਨ ਨਾਲ ਮੁੜ ਜੋੜਿਆ ਜਾ ਸਕੇ। ਇਸ ਲਈ ਯੂਰੋਪੀਅਨ ਯੂਨੀਅਨ ਨਾਲ ਵਪਾਰ ਤੇ ਸਹਿਯੋਗ ਸਮਝੌਤੇ (ਟੀਸੀਏ) ਅਤੇ ਕਸਟਮ ਯੂਨੀਅਨ ਕਾਇਮ ਕਰਨ ਬਾਰੇ ਨਵੇਂ ਸਿਰਿਓਂ ਗੱਲਬਾਤ ਸ਼ੁਰੂ ਕਰਨੀ ਪਵੇਗੀ। ਹੋ ਸਕਦਾ ਹੈ ਕਿ ਇਸ ਖ਼ਾਤਰ ਸਰ ਕੀਰ ਸਟਾਰਮਰ ਦੇ ਪ੍ਰਧਾਨ ਮੰਤਰੀ ਬਣਨ ਤੱਕ ਉਡੀਕ ਕਰਨੀ ਪਵੇਗੀ। ਇਸ ਦੌਰਾਨ, ਯੂਕਰੇਨ ਬਰਤਾਨੀਆ ਦੇ ਗਲੇ ਦੀ ਹੱਡੀ ਬਣਿਆ ਹੋਇਆ ਹੈ। ਦੋ ਸਾਬਕਾ ਫ਼ੌਜੀ ਅਫ਼ਸਰਾਂ ਬੈਂਨ ਵਾਲੇਸ ਅਤੇ ਜੇਮਸ ਕਲੈਵਰਲੀ ਨੂੰ ਕ੍ਰਮਵਾਰ ਰੱਖਿਆ ਤੇ ਵਿਦੇਸ਼ ਮੰਤਰੀ ਨਿਯੁਕਤ ਕਰਨ ਦੇ ਫ਼ੈਸਲੇ ਰਾਹੀਂ ਸੂਨਕ ਨੇ ਆਲਮੀ ਮਾਮਲਿਆਂ ਬਾਰੇ ਬਰਤਾਨੀਆ ਦੀ ਪਹੁੰਚ ਜਿਉਂ ਦੀ ਤਿਉਂ ਜਾਰੀ ਰੱਖਣ ਦਾ ਸੰਕੇਤ ਦਿੱਤਾ ਹੈ। ਦੋਵਾਂ ਵਿਚੋਂ ਕਿਸੇ ਨੇ ਵੀ ਪਾਰਟੀ ਦੀ ਲੀਡਰਸ਼ਿਪ ਲਈ ਸੂਨਕ ਦੇ ਦਾਅਵੇ ਦੀ ਹਮਾਇਤ ਨਹੀਂ ਕੀਤੀ ਸੀ ਪਰ ਅਮਰੀਕਾ ਇਨ੍ਹਾਂ 'ਤੇ ਭਰੋਸਾ ਕਰਦਾ ਹੈ ਅਤੇ ਵਾਲੇਸ ਦੇ ਤਾਂ ਨਾਟੋ ਦੀਆਂ ਸਫ਼ਾਂ ਵਿਚ ਸੰਪਰਕ ਵੀ ਹਨ।

ਇਸੇ ਕਰ ਕੇ, ਪਿਛਲੇ ਹਫ਼ਤੇ ਕਿਸੇ ਵਿਦੇਸ਼ੀ ਆਗੂ ਨੂੰ ਸੂਨਕ ਦੀ ਪਹਿਲੀ ਫੋਨ ਕਾਲ ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਨੂੰ ਗਈ ਤੇ ਉਨ੍ਹਾਂ ਦੱਸਿਆ ਸੀ ਕਿ ਉਨ੍ਹਾਂ ਦੀ ਅਗਵਾਈ ਹੇਠ ਬਰਤਾਨੀਆ ਪਹਿਲਾਂ ਵਾਂਗ ਹੀ ਡਟ ਕੇ ਹਮਾਇਤ ਕਰਦਾ ਰਹੇਗਾ। ਇਸ ਸਾਲ ਦੇ ਸ਼ੁਰੂ ਵਿਚ ਇਹ ਚਰਚਾ ਸੀ ਕਿ ਸੂਨਕ ਦਾ ਵਿਸ਼ਵਾਸ ਹੈ ਕਿ ਇਕ ਨਾ ਇਕ ਦਿਨ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਸਮਝੌਤਾ ਕਰਨਾ ਪੈਣਾ ਹੈ। ਸੱਤ ਕੁ ਸਾਲ ਪੁਰਾਣੇ ਆਪਣੇ ਸਿਆਸੀ ਕਰੀਅਰ ਤੋਂ ਪਹਿਲਾਂ ਸੂਨਕ ਨੇ ਲੰਡਨ ਵਿਚ ਹੈਜ ਫੰਡ ਮੈਨੇਜਰ ਦੀ ਭੂਮਿਕਾ ਨਿਭਾਈ ਸੀ ਤੇ ਉਨ੍ਹਾਂ ਨੂੰ ਰੂਸੀ ਅਰਥਚਾਰੇ ਦੀ ਤਾਕਤ ਤੇ ਸਮੱਰਥਾ ਦਾ ਭਲੀਭਾਂਤ ਅੰਦਾਜ਼ਾ ਹੋਣਾ ਚਾਹੀਦਾ ਹੈ।

ਇਸੇ ਤਰ੍ਹਾਂ, ਖਜ਼ਾਨਾ ਮੰਤਰੀ ਹੁੰਦਿਆਂ ਸੂਨਕ ਚੀਨ ਨਾਲ ਪ੍ਰੌਢ ਤੇ ਸਾਵੇਂ ਸਬੰਧ ਕਾਇਮ ਕਰਨ ਦੀ ਵਕਾਲਤ ਕਰਦੇ ਰਹੇ ਸਨ ਅਤੇ ਵਪਾਰਕ ਸਬੰਧਾਂ ਵਿਚ ਸੁਧਾਰ ਲਿਆਉਣ, ਚੀਨ ਬਰਤਾਨਵੀ ਆਰਥਿਕ ਤੇ ਵਿੱਤੀ ਸੰਵਾਦ ਮੁੜ ਸ਼ੁਰੂ ਕਰਨ 'ਤੇ ਜ਼ੋਰ ਦਿੰਦੇ ਰਹੇ ਸਨ। ਚੀਨੀ ਮਾਹਿਰ ਵਿਦੇਸ਼ ਨੀਤੀ ਮੁਤੱਲਕ ਸੂਨਕ ਦੀ ਵਿੱਤੀ ਮਾਨਸਿਕਤਾ ਬਾਰੇ ਖਾਸੇ ਉਤਸ਼ਾਹਿਤ ਰਹਿੰਦੇ ਸਨ। ਸੂਨਕ ਵਿਦੇਸ਼ ਨੀਤੀ ਦਾ ਉਹ ਕੰਪਾਸ ਸੰਭਾਲਣਗੇ ਜਿਸ ਨੂੰ ਨਵ-ਕਨਜ਼ਰਵੇਟਿਵ ਵਿਚਾਰਧਾਰਾ ਤੇ ਸੁਰੱਖਿਆ ਦੇ ਆਧਾਰ 'ਤੇ ਵਾਸ਼ਿੰਗਟਨ ਵਿਚ ਸਥਾਪਤ ਕੀਤਾ ਗਿਆ ਹੈ। ਉਂਝ, ਇਸ ਨੂੰ ਲੈ ਕੇ ਬਹਿਸ ਹੋ ਸਕਦੀ ਹੈ ਕਿ ਅਜੋਕੇ ਆਲਮੀ ਮਾਮ-ਲਿਆਂ ਵਿਚ ਇਸ 'ਖ਼ਾਸ ਰਿਸ਼ਤੇ' ਦਾ ਵਜ਼ਨ ਕਿੰਨਾ ਕੁ ਬਚਿਆ ਹੈ। ਵਿਰੋਧਾਭਾਸ ਇਹ ਹੈ ਕਿ ਜਿਵੇਂ ਜਿਵੇਂ ਬਰਤਾਨੀਆ ਦਾ ਕੌਮੀ ਪਤਨ ਹੋ ਰਿਹਾ ਹੈ, ਇਸ ਵਿਚ ਸਿਆਸੀ ਸਫ਼ਬੰਦੀ ਅਤੇ ਸ਼ਨਾਖਤੀ ਟਕਰਾਅ ਵੀ ਵਧ ਰਹੇ ਹਨ ਜਿਸ ਨਾਲ ਉੱਥੇ ਨਾ ਕੇਵਲ ਸਿਆਸੀ ਅਸਥਿਰਤਾ ਪੈਦਾ ਹੋਣ ਦਾ ਖ਼ਤਰਾ ਵਧ ਰਿਹਾ ਹੈ ਸਗੋਂ ਪੂੰਜੀਵਾਦ ਦੇ ਸਮੁੱਚੇ ਢਾਚਾਂਗਤ ਟਕਰਾਅ ਵੀ ਉਭਰ ਰਹੇ ਹਨ ਪਰ ਸੱਤਾਧਾਰੀ ਕੁਲੀਨ ਵਰਗ ਦੇ ਬ੍ਰੈਗਜ਼ਿਟ ਪੱਖੀ ਸਿਆਸਤਦਾਨ ਸੰਸਾਰ ਜੇਤੂ ਬਰਤਾਨੀਆ ਦੇ ਦਿਲਕਸ਼ ਵਿਚਾਰਾਂ ਨਾਲ ਗ੍ਰਸੇ ਰਹਿੰਦੇ ਹਨ ਅਤੇ ਅਜੇ ਉਨ੍ਹਾਂ ਆਧੁਨਿਕ ਦੁਨੀਆ ਅੰਦਰ ਆਪਣੇ ਦੇਸ਼ ਲਈ ਸਹੀ ਮੁਕਾਮ ਤਲਾਸ਼ ਕਰਨਾ ਹੈ। ਇਸ ਲਿਹਾਜ਼ ਤੋਂ ਕਾਇਮ ਮੁਕਾਮ ਪ੍ਰਧਾਨ ਮੰਤਰੀ ਵਜੋਂ ਸੂਨਕ ਆਪਣੀ ਕੁਰਸੀ ਬਚਾਉਣ ਲਈ ਘਰੋਗੀ ਮੁੱਦਿਆਂ ਵਿਚ ਹੀ ਘਿਰੇ ਰਹਿਣਗੇ ਪਰ ਇਨ੍ਹਾਂ ਨੂੰ ਹੱਲ ਕਰਨ ਲਈ ਉਨ੍ਹਾਂ ਨੂੰ ਸਿਆਸੀ ਸਰਮਾਏ ਦੀ ਘਾਟ ਦਰਪੇਸ਼ ਆਵੇਗੀ।

# ਸਿਹਤ ਵੀ ਮੌਲਿਕ ਅਧਿਕਾਰਾਂ ਦੇ ਦਾਇਰੇ ਵਿਚ ਹੋਵੇ

(ਸਫਾ 4 ਦੀ ਬਾਕੀ)

ਲਈ ਕੰਮ ਕਰਨ ਵਾਸਤੇ ਸਿਹਤਮੰਦ ਹੋਣਾ ਅਤਿ ਜ਼ਰੂਰੀ ਹੈ। ਪ੍ਰਤੀ 1000 ਨਵੇਂ ਜਨਮੇ ਬੱਚਿਆਂ ਪਿੱਛੇ ਪਹਿਲੇ ਸਾਲ ਵਿਚ 27।7 ਮੌਤਾਂ ਦੀ ਬਾਲ ਮੌਤ ਦਰ, ਪੰਜ ਸਾਲ ਤੋਂ ਘੱਟ ਉਮਰ ਦੀ ਮੌਤ ਦਰ 32 ਅਤੇ ਮਾਤਾਵਾਂ ਦੀ ਮੌਤ ਦਰ (ਐੱਮ।ਐੱਮ।ਆਰ।) ਪ੍ਰਤੀ 100,000 ਜੀਵਿਤ ਜਨਮੇ ਬੱਚਿਆਂ ਦੇ ਹਿਸਾਬ ਨਾਲ 103 ਹੋਣਾ ਬਹੁਤ ਚਿੰਤਾਜਨਕ ਹੈ। ਇਹ ਸ਼ਰਮ ਦੀ ਗੱਲ ਹੈ ਕਿ ਵਿਸ਼ਵ ਦੀ ਭੁੱਖਮਰੀ ਸੂਚੀ ਭਾਵ ਗਲੋਬਲ ਹੰਗਰ ਇੰਡੈਕਸ ਵਿੱਚ ਭਾਰਤ 120 ਦੇਸ਼ਾਂ ਵਿਚੋਂ 107ਵੇਂ ਸਥਾਨ ’ਤੇ ਹੈ। ਮਾੜੀ ਯੋਜਨਾਬੰਦੀ ਅਤੇ ਕਮਜ਼ੋਰ ਬੁਨਿਆਦੀ ਢਾਂਚੇ ਕਾਰਨ ਕੋਵਿਡ ਮਹਾਂਮਾਰੀ ਦੌਰਾਨ ਮਲੇਰੀਆ, ਤਪਦਿਕ, ਦਿਲ ਦੀਆਂ ਬਿਮਾਰੀਆਂ, ਸ਼ੂਗਰ, ਕੈਂਸਰ ਆਦਿ ਵਰਗੀਆਂ ਬਿਮਾਰੀਆਂ ਨਜ਼ਰਅੰਦਾਜ਼ ਹੋਈਆਂ। ਇਸ ਦੇ ਨਾਲ ਹੀ ਬਹੁਤ ਸਾਰੇ ਸੁਤੰਤਰ ਅਨੁਮਾਨਾਂ ਅਨੁਸਾਰ ਸਾਡੇ ਦੇਸ਼ ਵਿਚ ਕੋਵਿਡ ਕਾਰਨ 25 ਤੋਂ 40 ਲੱਖ ਲੋਕਾਂ ਦੀ ਜਾਨ ਚਲੀ ਗਈ। ਇਸ ਲਈ ਟੁਕੜੇ-ਟੁਕੜੇ ਪਹੁੰਚ ਦੀ ਬਜਾਏ ਸਾਨੂੰ ਨਾਗਰਿਕਾਂ ਲਈ ਵਿਆਪਕ ਸਿਹਤ ਸੰਭਾਲ ਦੇਣ ਦੀ ਨੀਤੀ ਦੀ ਲੋੜ ਹੈ।

ਨਵ-ਉਦਾਰਵਾਦੀ ਆਰਥਿਕ ਨੀਤੀਆਂ ਤੋਂ ਬਾਅਦ ਸ਼ੁਰੂ ਕੀਤੀ ਗਈ ਬੀਮਾ ਆਧਾਰਿਤ ਸਿਹਤ ਸੰਭਾਲ ਪ੍ਰਣਾਲੀ ਲੋਕਾਂ ਨੂੰ ਵਿਆਪਕ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿਚ ਅਸਫਲ ਰਹੀ ਹੈ ਸਗੋਂ ਇਹ ਜਨਤਾ ਦੇ ਪੈਸੇ ’ਚੋਂ ਕਾਰਪੋਰੇਟ ਸੈਕਟਰ ਦੀਆਂ ਜੇਬ੍ਹਾਂ ਭਰਨ ਦਾ ਸਾਧਨ ਬਣ ਗਈ ਹੈ। ਆਯੂਸ਼ਮਾਨ ਭਾਰਤ ਸਮੇਤ ਸਾਰੀਆਂ ਬੀਮਾ ਪ੍ਰਣਾਲੀਆਂ ਸਿਰਫ਼ ਹਸਪਤਾਲ ਵਿਚ ਦਾਖ਼ਲ ਹੋਣ ਤੋਂ ਬਾਅਦ ਦੀ ਦੇਖਭਾਲ ਨੂੰ ਕਵਰ ਕਰਦੀਆਂ ਹਨ ਜਦੋਂਕਿ ਜੇਬ ਵਿਚੋਂ ਲਗਭਗ 70 ਫ਼ੀਸਦੀ ਖਰਚਾ ਦਾਖਲ ਹੋਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲੈਣ ਲਈ ਓ.ਪੀ.ਡੀ. ਦੇਖਭਾਲ ’ਤੇ ਹੁੰਦਾ ਹੈ। ਸਿਰਫ਼ ਈ.ਐੱਸ.ਆਈ. ਯੋਜਨਾ, ਈ.ਸੀ.ਐੱਚ.ਐੱਸ ਤੇ ਸੀ.ਜੀ.ਐੱਚ.ਐੱਸ. ਮਰੀਜ਼ਾਂ ਦੇ ਹਸਪਤਾਲ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਅਤੇ ਬਾਅਦ, ਦੋਵਾਂ, ਦੇ ਖਰਚ ਨੂੰ ਕਵਰ ਕਰਦੇ ਹਨ। ਸਰਕਾਰ ਸਿਹਤ ਸੰਭਾਲ ਦੀ ਜ਼ਿੰਮੇਵਾਰੀ ਲੈਣ ਦੀ ਬਜਾਏ ਵੱਖ-ਵੱਖ ਸਿਹਤ ਸੰਭਾਲ ਕੇਂਦਰਾਂ ਨੂੰ ਨਿੱਜੀ ਖੇਤਰ ਨੂੰ ਸੌਂਪ ਰਹੀ ਹੈ। ਸਰਕਾਰੀ ਹਸਪਤਾਲਾਂ ਸਮੇਤ ਜ਼ਿਲ੍ਹਾ ਹਸਪਤਾਲਾਂ, ਮੁੱਢਲੇ ਸਿਹਤ ਕੇਂਦਰਾਂ (ਪੀ.ਐੱਚ.ਸੀ.) ਨੂੰ ਨਿੱਜੀ ਕੰਟਰੋਲ ਹੇਠ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਨਾਲ ਗੁਣਵੱਤਾ ਵਾਲੀ ਸਿਹਤ ਸੰਭਾਲ ਨਿਮਨ ਅਤੇ ਮੱਧ ਆਮਦਨ ਵਰਗ ਦੇ ਲੋਕਾਂ ਦੀ ਪਹੁੰਚ ਤੋਂ ਹੋਰ ਵੀ ਦੂਰ ਹੋ ਜਾਵੇਗੀ।

ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਇਲਾਜ ਦੇ ਗ਼ੈਰ-ਵਿਗਿਆਨਕ ਅਤੇ ਗ਼ੈਰ-ਪ੍ਰਮਾਣਿਤ ਤਰੀਕਿਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਤਤਕਾਲੀ ਕੇਂਦਰੀ ਸਿਹਤ ਮੰਤਰੀ ਡਾ। ਹਰਸ਼ ਵਰਧਨ, ਜੋ ਕਿ ਆਧੁਨਿਕ ਮੈਡੀਕਲ ਵਿਗਿਆਨਕ ਪ੍ਰਣਾਲੀ ਵਿਚ ਸਿਖਲਾਈ ਪ੍ਰਾਪਤ ਸਰਜਨ ਹਨ, ਦੇ ਸਮਰਥਨ ਨਾਲ ਰੂੜ੍ਹੀਵਾਦੀ ਤਾਕਤਾਂ ਵੱਲੋਂ ਕੋਵਿਡ-19 ਸਮੇਤ ਵੱਖ-ਵੱਖ ਬਿਮਾਰੀਆਂ ਦੇ ਇਲਾਜ ਵਜੋਂ ਗਊ ਮੂਤਰ, ਗੋਬਰ ਅਤੇ ਸਵਾਮੀ ਰਾਮਦੇਵ ਦੀ ਕੋਰੋਨਿਲ ਦੀ ਵਰਤੋਂ ਦੀ ਸਿਫ਼ਾਰਸ਼ ਕੀਤੀ ਗਈ ਸੀ। ਇਹ ਮੰਨਣਾ ਮੂਰਖਤਾ ਹੋਵੇਗੀ ਕਿ ਸੱਤਾਧਾਰੀ ਆਗੂਆਂ ਨੂੰ ਇਸ ਸਭ ਦੀ ਜਾਣਕਾਰੀ ਨਹੀਂ ਸੀ ਕਿਉਂਕਿ ਸਰਕਾਰਾਂ ਦੀ ਜਾਣਕਾਰੀ ਤੋਂ ਬਿਨਾਂ ਪੱਤਾ ਵੀ ਨਹੀਂ ਹਿਲਦਾ।

ਸਿਹਤ ’ਤੇ ਹੋਣ ਵਾਲੇ ਕੁੱਲ ਖਰਚ ਦਾ ਲਗਭਗ 67 ਫ਼ੀਸਦੀ ਹਿੱਸਾ ਦਵਾਈਆਂ ’ਤੇ ਖਰਚ ਹੁੰਦਾ ਹੈ, ਪਰ ਅੱਜ ਤੱਕ ਸਾਡੇ ਕੋਲ ਤਰਕਸ਼ੀਲ ਦਵਾਈ ਨੀਤੀ ਦੀ ਘਾਟ ਹੈ। ਨਤੀਜੇ ਵਜੋਂ ਦਵਾਈਆਂ ਬਣਾਉਣ ਵਾਲੀਆਂ ਫਾਰਮਾਸਿਊਟੀਕਲ ਕੰਪਨੀਆਂ ਭਾਰੀ ਮੁਨਾਫ਼ਾ ਕਮਾ ਰਹੀਆਂ ਹਨ। ਦਵਾਈਆਂ ਦੀ ਵਿਕਰੀ ਵਿਚ ਵਧੇਰੇ ਮੁਨਾਫ਼ੇ ਨੂੰ ਰੋਕਣ ਲਈ ਸਰਕਾਰ ਨੇ ਇਕ ਕਮੇਟੀ ਨਿਯੁਕਤ ਕੀਤੀ ਸੀ ਜਿਸ ਨੇ ਦਸੰਬਰ 2015 ਵਿਚ ਆਪਣੀ ਰਿਪੋਰਟ ਸੌਂਪੀ ਸੀ। ਕਮੇਟੀ ਨੇ ਵਾਧੂ ਵਪਾਰ ਮੁਨਾਫ਼ੇ ਨੂੰ ਨਿਯਮਿਤ ਕਰਨ ਦੀ ਸਿਫ਼ਾਰਿਸ਼ ਕੀਤੀ ਸੀ। ਇਸ ਬਾਬਤ ਸੱਤ ਸਾਲ ਬਾਅਦ ਵੀ ਕੋਈ ਕਦਮ ਨਹੀਂ ਚੁੱਕਿਆ ਗਿਆ।

ਇਸ ਲਈ ਇਹ ਗੱਲ ਬਹੁਤ ਮਹੱਤਵਪੂਰਨ ਹੈ ਕਿ ਸਰਕਾਰ ਸਬੂਤ ਆਧਾਰਿਤ ਵਿਗਿਆਨਕ ਸਿਹਤ ਸੰਭਾਲ ਪ੍ਰਤੀ ਵਚਨਬੱਧਤਾ ਨਾਲ ਸਿਹਤ ਦੀ ਜ਼ਿੰਮੇਵਾਰੀ ਨਿਭਾਏ। ਬਦਕਿਸਮਤੀ ਨਾਲ ਸਿਹਤ ਸੰਭਾਲ ਕਿਸੇ ਵੀ ਸਿਆਸੀ ਪਾਰਟੀ ਲਈ ਤਰਜੀਹੀ ਏਜੰਡਾ ਨਹੀਂ ਹੈ। ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ.ਡੀ.ਪੀ.ਡੀ.) ਵੱਲੋਂ ਕਰਵਾਏ ਸੈਮੀਨਾਰ ਵਿਚ ਪੰਜਾਬ ਦੇ ਸਿਹਤ ਸੇਵਾਵਾਂ ਵਿਭਾਗ ਦੇ ਸਾਬਕਾ ਡਾਇਰੈਕਟਰ ਡਾ। ਤੇਜਬੀਰ ਸਿੰਘ ਨੇ ਕਿਹਾ ਸੀ ਕਿ ਸਿਹਤ ਸੇਵਾਵਾਂ ਦੀ ਕਾਨੂੰਨੀ ਜਵਾਬਦੇਹੀ ਹੋਣੀ ਚਾਹੀਦੀ ਹੈ। ਇਸ ਲਈ ਸਿਹਤ ਸੰਭਾਲ ਨੂੰ ਮੌਲਿਕ ਅਧਿਕਾਰ ਐਲਾਨਿਆ ਜਾਣਾ ਚਾਹੀਦਾ ਹੈ। ਵੱਖ-ਵੱਖ ਸਿਆਸੀ ਪਾਰਟੀਆਂ ਦੇ ਸੰਵਿਧਾਨ ਦੀ ਸਮੀਖਿਆ ਕਰਨ ਉਪਰੰਤ ਉਨ੍ਹਾਂ ਕਿਹਾ ਕਿ ਇਹ ਮੰਦਭਾਗਾ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਨੇ ਸਿਹਤ ਨੂੰ ਮੌਲਿਕ ਅਧਿਕਾਰ ਬਣਾਉਣ ਦੀ ਗੱਲ ਨਹੀਂ ਕੀਤੀ। ਭਾਜਪਾ ਨੇ ਬੀਮਾ ਆਧਾਰਿਤ ਸਿਹਤ ਸੰਭਾਲ ਪ੍ਰਣਾਲੀ ਦੇ ਵਿਸਥਾਰ ਦੀ ਵਕਾਲਤ ਕੀਤੀ ਹੈ। ਕਾਂਗਰਸ ਨੇ ਸਿਹਤ ਦਾ ਅਧਿਕਾਰ ਕਾਨੂੰਨੀ ਅਧਿਕਾਰ ਬਣਾਉਣ ਅਤੇ ਜਨਤਕ ਸਿਹਤ ਖਰਚੇ ਨੂੰ ਦੁੱਗਣਾ ਕਰਨ ਦੀ ਮੰਗ ਕੀਤੀ ਹੈ। ਖੱਬੀਆਂ ਪਾਰਟੀਆਂ ਨੇ ਸਿਹਤ ’ਤੇ ਹੋਣ ਵਾਲੇ ਜਨਤਕ ਖਰਚ ਨੂੰ ਜੀ।ਡੀ।ਪੀ। ਦੇ 6 ਫ਼ੀਸਦੀ ਤੱਕ ਵਧਾਉਣ ਦੀ ਮੰਗ ਕੀਤੀ ਹੈ। ਆਮ ਆਦਮੀ ਪਾਰਟੀ ਮੁਹੱਲਾ ਕਲੀਨਿਕਾਂ ਦੀ ਵਕਾਲਤ ਕਰ ਰਹੀ ਹੈ। ਭਾਰਤੀ ਕਮਿਊਨਿਸਟ ਪਾਰਟੀ (ਸੀ।ਪੀ।ਆਈ।) ਨੇ ਹਾਲ ਹੀ ਵਿਚ ਸਿਹਤ ਨੂੰ ਮੌਲਿਕ ਅਧਿਕਾਰ ਵਜੋਂ ਮੰਗਣ ਦਾ ਸੰਕਲਪ ਲਿਆ ਹੈ। ਇਹ ਇਕ ਸਵਾਗਤਯੋਗ ਕਦਮ ਹੈ ਜਿਸ ਦੀ ਸਾਰੀਆਂ ਸਿਆਸੀ ਪਾਰਟੀਆਂ ਨੂੰ ਪਾਲਣਾ ਕਰਨੀ ਚਾਹੀਦੀ ਹੈ।

ਰਾਜਨੀਤਿਕ ਪਾਰਟੀਆਂ ਨੂੰ ਸਾਰਿਆਂ ਲਈ ਵਿਆਪਕ ਸਿਹਤ ਸੰਭਾਲ ਲਈ ਯਤਨ ਕਰਨੇ ਚਾਹੀਦੇ ਹਨ ਜਿਸ ਲਈ ਉਨ੍ਹਾਂ ਨੂੰ ਸਿਹਤ ਨੂੰ ਮੌਲਿਕ ਅਧਿਕਾਰ ਐਲਾਨਣ ਦੀ ਮੰਗ ਕਰਨ ਲਈ ਜ਼ੋਰਦਾਰ ਢੰਗ ਨਾਲ ਅੱਗੇ ਆਉਣਾ ਚਾਹੀਦਾ ਹੈ। ਇਹ ਉਨ੍ਹਾਂ ਦਾ ਮੁੱਖ ਏਜੰਡਾ ਬਣਨਾ ਚਾਹੀਦਾ ਹੈ। ਸਿਹਤ ’ਤੇ ਜਨਤਕ ਖਰਚ ਨੂੰ ਜੀ.ਡੀ.ਪੀ. ਦੇ ਮੌਜੂਦਾ 1।28 ਫ਼ੀਸਦੀ ਤੋਂ ਵਧਾ ਕੇ 6 ਫ਼ੀਸਦੀ ਕੀਤਾ ਜਾਣਾ ਚਾਹੀਦਾ ਹੈ; ਸਾਰੀਆਂ ਦਵਾਈਆਂ, ਟੀਕੇ ਅਤੇ ਮੈਡੀਕਲ ਉਪਕਰਣ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਜਨਤਕ ਖੇਤਰ ਦੀਆਂ ਇਕਾਈਆਂ ਵੱਲੋਂ ਤਿਆਰ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਬਿਨਾਂ ਕਿਸੇ ਮੁਨਾਫ਼ੇ ਦੇ ਦਵਾਈਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਦਵਾਈਆਂ ਦੇ ਉਤਪਾਦਨ ਵਿਚ ਸਵੈ-ਨਿਰਭਰਤਾ ਨੂੰ ਯਕੀਨੀ ਬਣਾਉਣ ਲਈ ਜਨਤਕ ਖੇਤਰ ਦੀਆਂ ਇਕਾਈਆਂ ਦੁਆਰਾ ਕੱਚਾ ਮਾਲ ਵੀ ਤਿਆਰ ਕੀਤਾ ਜਾਣਾ ਚਾਹੀਦਾ ਹੈ।

ਬੀਮਾ ਆਧਾਰਿਤ ਸਿਹਤ ਸੰਭਾਲ ਪ੍ਰਣਾਲੀ ਨੂੰ ਤਿਆਗ ਦਿੱਤਾ ਜਾਣਾ ਚਾਹੀਦਾ ਹੈ ਅਤੇ ਜਨਤਕ ਸਿਹਤ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਸਾਰੇ ਇਲਾਜ, ਜਾਂਚ ਅਤੇ ਸੇਵਾਵਾਂ ਮੁਫ਼ਤ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਡਾਕਟਰਾਂ, ਨਰਸਾਂ, ਪੈਰਾਮੈਡੀਕਲ ਸਟਾਫ, ਆਸ਼ਾ ਵਰਕਰਾਂ ਅਤੇ ਆਂਗਨਵਾੜੀ ਵਰਕਰਾਂ ਸਮੇਤ ਮੈਡੀਕਲ ਸਟਾਫ ਨੂੰ ਪੱਕੇ ਤੌਰ ’ਤੇ ਨਿਯੁਕਤ ਕੀਤਾ ਜਾਵੇ। ਸਾਰੇ ਆਰਜ਼ੀ ਕਾਮਿਆਂ ਨੂੰ ਪੱਕਾ ਕੀਤਾ ਜਾਵੇ। ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਡਾਕਟਰਾਂ ਦੀ ਬਰਾਬਰ ਵੰਡ ਯਕੀਨੀ ਬਣਾਈ ਜਾਵੇ। ਮੈਡੀਕਲ ਸਿੱਖਿਆ ਸਰਕਾਰੀ ਖੇਤਰ ਵਿਚ ਹੀ ਦਿੱਤੀ ਜਾਣੀ ਚਾਹੀਦੀ ਹੈ। ਵੱਖ ਵੱਖ ਮੈਡੀਕਲ ਪ੍ਰਣਾਲੀਆਂ ਦਾ ਮਿਲਗੋਭਾ ਬਣਾ ਕੇ ਮਿਕਸੋਪੈਥੀ ਦੀ ਬਜਾਏ ਕੇਵਲ ਖੋਜ ਅਤੇ ਸਬੂਤਾਂ ’ਤੇ ਆਧਾਰਿਤ ਵਿਗਿਆਨਕ ਵਿਧੀ ਦੇ ਮੁਤਾਬਿਕ ਡਾਕਟਰੀ ਪ੍ਰਣਾਲੀ ਦੀ ਆਗਿਆ ਹੋਣੀ ਚਾਹੀਦੀ ਹੈ। ਖੁਰਾਕ ਸੁਰੱਖਿਆ ਕਾਨੂੰਨ ਤਹਿਤ ਉਚਿਤ ਉਪਾਵਾਂ ਦੁਆਰਾ ਚੰਗੇ ਪੋਸ਼ਣ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਸਕੂਲਾਂ ਵਿਚ ਮਿਡ-ਡੇਅ ਮੀਲ, ਮੁਫ਼ਤ ਨਾਸ਼ਤਾ ਸਕੀਮ ਸਾਰੇ ਰਾਜਾਂ ਵਿਚ ਦਿੱਤੀ ਜਾਣੀ ਚਾਹੀਦੀ ਹੈ।

ਯੂਨੀਵਰਸਲ ਇਮਯੂਨਾਈਜ਼ੇਸ਼ਨ ਪ੍ਰੋਗਰਾਮ (ਸਭਨਾਂ ਲਈ ਟੀਕਾਕਰਨ) (ਯੂ.ਆਈ.ਪੀ.) ਨੂੰ ਬਾਲਗਾਂ ਤੱਕ ਫੈਲਾਇਆ ਜਾਣਾ ਚਾਹੀਦਾ ਹੈ। ਬੱਚੇਦਾਨੀ ਦੇ ਮੂੰਹ ਦੇ ਕੈਂਸਰ ਨੂੰ ਰੋਕਣ ਲਈ ਸਾਰੀਆਂ ਮੁਟਿਆਰਾਂ ਅਤੇ ਔਰਤਾਂ ਲਈ ਹਿਊਮਨ ਪੈਪੀਲੋਮਾ ਵਾਇਰਸ (ਐੱਚ.ਪੀ.ਵੀ.) ਟੀਕਾਕਰਨ ਸਭ ਲਈ ਮੁਫ਼ਤ ਹੋਣਾ ਚਾਹੀਦਾ ਹੈ। ਟੀਕਾਕਰਨ ਦੇ ਯੂਨੀਵਰਸਲ ਇਮਯੂਨਾਈਜ਼ੇਸ਼ਨ ਪ੍ਰੋਗਰਾਮ ਵਿੱਚ ਇਨਫਲੂਐਨਜ਼ਾ ਵੈਕਸੀਨ, ਨਿਊਮੋਕੋਕਲ ਵੈਕਸੀਨ, ਜ਼ੋਸਟਰ ਵੈਕਸੀਨ ਵਰਗੇ ਨਵੇਂ ਟੀਕੇ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ।

ਰਾਜਨੀਤਿਕ ਪਾਰਟੀਆਂ ਜਨਤਾ ਦੀ ਰਾਇ ਨਾਲ ਚਲਦੀਆਂ ਹਨ। ਇਸ ਲਈ ਸਿਵਿਲ ਸੁਸਾਇਟੀ ਤੇ ਜਨਤਕ ਜਥੇਬੰਦੀਆਂ ਲਈ ਇਹ ਜ਼ਰੂਰੀ ਹੈ ਕਿ ਉਹ ਸਿਹਤ ਨੂੰ ਮੌਲਿਕ ਅਧਿਕਾਰ ਦੇ ਮੁੱਦੇ ’ਤੇ ਆਵਾਜ਼ ਬੁਲੰਦ ਕਰਨ ਅਤੇ ਹਰ ਰਾਜਨੀਤਿਕ ਪਾਰਟੀ ਨੂੰ ਸਿਹਤ ਨੂੰ ਆਪਣੇ ਤਰਜੀਹੀ ਏਜੰਡੇ ਵਜੋਂ ਮੌਲਿਕ ਅਧਿਕਾਰ ਮੰਗਣ ਲਈ ਮਜਬੂਰ ਕੀਤਾ ਜਾਣਾ ਚਾਹੀਦਾ ਹੈ।



**ਸਿਹਤ ’ਤੇ ਹੋਣ ਵਾਲੇ ਕੁੱਲ ਖਰਚ ਦਾ ਲਗਭਗ 67 ਫ਼ੀਸਦੀ ਹਿੱਸਾ ਦਵਾਈਆਂ ’ਤੇ ਖਰਚ ਹੁੰਦਾ ਹੈ, ਪਰ ਅੱਜ ਤੱਕ ਸਾਡੇ ਕੋਲ ਤਰਕਸ਼ੀਲ ਦਵਾਈ ਨੀਤੀ ਦੀ ਘਾਟ ਹੈ। ਨਤੀਜੇ ਵਜੋਂ ਦਵਾਈਆਂ ਬਣਾਉਣ ਵਾਲੀਆਂ ਫਾਰਮਾ ਸਿਊਟੀਕਲ ਕੰਪਨੀਆਂ ਭਾਰੀ ਮੁਨਾਫ਼ਾ ਕਮਾ ਰਹੀਆਂ ਹਨ। ਦਵਾਈਆਂ ਦੀ ਵਿਕਰੀ ਵਿਚ ਵਧੇਰੇ ਮੁਨਾਫ਼ੇ ਨੂੰ ਰੋਕਣ ਲਈ ਸਰਕਾਰ ਨੇ ਇਕ ਕਮੇਟੀ ਨਿਯੁਕਤ ਕੀਤੀ ਸੀ ਜਿਸ ਨੇ ਦਸੰਬਰ 2015 ਵਿਚ ਆਪਣੀ ਰਿਪੋਰਟ ਸੌਂਪੀ ਸੀ। ਕਮੇਟੀ ਨੇ ਵਾਧੂ ਵਪਾਰ ਮੁਨਾਫ਼ੇ ਨੂੰ ਨਿਯਮਿਤ ਕਰਨ ਦੀ ਸਿਫ਼ਾਰਿਸ਼ ਕੀਤੀ ਸੀ। ਇਸ ਬਾਬਤ ਸੱਤ ਸਾਲ ਬਾਅਦ ਵੀ ਕੋਈ ਕਦਮ ਨਹੀਂ ਚੁੱਕਿਆ ਗਿਆ।**

# ਪੰਜਾਬੀ ਨੌਜਵਾਨ ਪੀੜ੍ਹੀ ਦੀ ਦਸ਼ਾ ਅਤੇ ਦਿਸ਼ਾ

(ਸਫਾ 2 ਦੀ ਬਾਕੀ)

ਸਰਕਾਰ ਕੋਲੋਂ ਪੰਜਾਬ ਦੇ ਨੌਜਵਾਨ ਵਰਗ ਨੂੰ ਜ਼ਿਆਦਾ ਉਮੀਦਾਂ ਹਨ।

ਭਾਰਤ ਵਿਚ ਹੀ ਨਹੀਂ, ਦੁਨੀਆ ਭਰ ਵਿਚ ਨੌਜਵਾਨਾਂ ਦੇ ਸਰਬ ਪੱਖੀ ਵਿਕਾਸ, ਉਨ੍ਹਾਂ ਨੂੰ ਸਮਾਜਿਕ ਉਸਾਰੀ ਵਿਚ ਸਰਗਰਮ ਕਰਨ ਦੀਆਂ ਗੱਲਾਂ ਹੁੰਦੀਆਂ ਹਨ। ਸੰਯੁਕਤ ਰਾਸ਼ਟਰ ਸੰਘ ਵਲੋਂ 1985 ਦੇ ਵਰ੍ਹੇ ਨੂੰ ‘ਯੁਵਕ ਵਰ੍ਹੇ’ ਵਜੋਂ ਮਨਾਉਣਾ ਇਸੇ ਦਿਸ਼ਾ ਵੱਲ ਇਕ ਕਦਮ ਸੀ ਜੋ ਹੁਣ ਹਰ ਦੋ ਸਾਲਾਂ ਬਾਅਦ ਸੰਸਾਰ ਪੱਧਰ ’ਤੇ ਮਨਾਇਆ ਜਾਂਦਾ ਹੈ।

ਕਹਿਣ ਨੂੰ ਤਾਂ ਸਾਡੇ ਦੇਸ਼ ਦੇ ਰਾਜਨੀਤਕ ਨੇਤਾ ਨੌਜਵਾਨਾਂ ਦੀ ਸੋਭਾ ਵਿਚ ਬੜੇ ਵਧੀਆ ਸ਼ਬਦ ਵਰਤਦੇ ਹਨ, ਉਹਨਾਂ ਨੂੰ ‘ਦੇਸ਼ ਦਾ ਕੌਮੀ ਸਰਮਾਇਆ’, ‘ਯੁਵਾ ਸ਼ਕਤੀ’ ਅਤੇ ‘ਅੱਜ ਦੇ ਬੱਚੇ ਕੱਲ੍ਹ ਦੇ ਨੇਤਾ’ ਕਹਿ ਕੇ ਵਡਿਆਇਆ ਜਾਂਦਾ ਹੈ ਪਰ ਕੀ ਯੁਵਾ ਸ਼ਕਤੀ ਨੂੰ ਸਾਂਭਣ ਅਤੇ ਕੌਮੀ ਸਰਮਾਏ ਦੀ ਉਸਾਰੂ ਕੰਮਾਂ ਵਾਸਤੇ ਵਰਤੋਂ ਕਰਨ ਲਈ ਭੋਰਾ ਭਰ ਵੀ ਮੌਕੇ ਮੁਹੱਈਆ ਕੀਤੇ ਜਾਂਦੇ ਹਨ? ਇਸ ਤੱਥ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ।

ਨੌਜਵਾਨ ਸ਼ਕਤੀ ਨੂੰ ਸਹੀ ਦਿਸ਼ਾ ਵਿਚ ਲਾਉਣਾ ਸਮਾਜ ਦਾ ਫਰਜ਼ ਹੈ। ਨੌਜਵਾਨਾਂ ਵਿਚ ਸੁਤੰਤਰ ਸੋਚਣੀ ਦਾ ਵਿਕਾਸ ਕਰਨਾ ਵਿਵਸਥਾ ਦੀ ਜ਼ਿੰਮੇਵਾਰੀ ਹੈ। ਜੇ ਕਿਸੇ ਸਮਾਜ ਦੇ ਨੌਜਵਾਨ ਪਛੜੇ ਹੋਏ ਹਨ ਜਾਂ ਆਪਣੀ ਸ਼ਕਤੀ ਢਾਹੂ ਪਾਸੇ ਲਾ ਰਹੇ ਹਨ ਤਾਂ ਇਹ ਕਸੂਰ ਨੌਜਵਾਨਾਂ ਦਾ ਨਹੀਂ ਸਗੋਂ ਸਮਾਜਿਕ ਵਿਵਸਥਾ ਦਾ ਹੈ ਜੋ ਉਨ੍ਹਾਂ ਨੂੰ ਸਹੀ ਸੇਧ ਨਹੀਂ ਦਿੰਦੀ, ਉਨ੍ਹਾਂ ਦੇ ਵਿਕਾਸ ਵਿਚ ਰੁਕਾਵਟ ਬਣਦੀ ਹੈ, ਵਿਵਸਥਾ ਜੋ ਉਸ ਦੀ ਰੂਹ ਦੇ ਹਾਣ ਦੀ ਨਹੀਂ ਹੈ। ਨੌਜਵਾਨਾਂ ਨੂੰ ਗਿਆਨ ਅਤੇ ਸਮਾਜਿਕ ਸੋਝੀ ਦੇਣ ਲਈ ਪਰਿਵਾਰ ਅਤੇ ਆਲੇ-ਦੁਆਲੇ ਤੋਂ ਬਾਅਦ ਸਕੂਲਾਂ ਅਤੇ ਕਾਲਜਾਂ ਦੀ ਜ਼ਿੰਮੇਵਾਰੀ ਬਣਦੀ ਹੈ ਪਰ ਸਾਡੀ ਵਿਦਿਅਕ ਪ੍ਰਣਾਲੀ ਨੌ-ਜਵਾਨਾਂ ਅੰਦਰ ਰਚਨਾਤਮਕ, ਉਸਾਰੂ ਅਤੇ ਸਮਾਜ ਨੂੰ ਸਹੀ ਦਿਸ਼ਾ ਵੱਲ ਲੈ ਜਾਣ ਵਾਲੀਆਂ ਰੁਚੀਆਂ ਪੈਦਾ ਨਹੀਂ ਕਰਦੀ। ਨਾ ਹੀ ਉਨ੍ਹਾਂ ਅੰਦਰ ਤਰਕਸ਼ੀਲ ਸੋਚਣੀ ਅਤੇ ਵਿਸ਼ਲੇਸ਼ਣਾਤਮਕ ਰਵੱਈਆ ਪੈਦਾ ਕਰਦੀ ਹੈ। ਬਸਤੀਵਾਦੀ ਪਿਛੋਕੜ ਵਾਲੀ ਸਾਡੀ ਵਿਦਿਅਕ ਪ੍ਰਣਾਲੀ ਉਨ੍ਹਾਂ ਨੂੰ ਲਕੀਰ ਦੇ ਫਕੀਰ ਅਤੇ ਲਾਈਲੱਗ ਬਣਾਉਣ ਵੱਲ ਰੁਚਿਤ ਹੈ। ਵਿਸ਼ਿਆਂ ਦੀ ਚੋਣ ਜਾਂ ਪੜ੍ਹਾਉਣ ਦੇ ਪੱਖ ਤੋਂ ਉਨ੍ਹਾਂ ਦੇ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਪਿਛੋਕੜ ਦਾ ਧਿਆਨ ਨਹੀਂ ਰੱਖਿਆ ਜਾਂਦਾ। ਮਾਤ ਭਾਸ਼ਾ ਵਿਚ ਪੜ੍ਹਾਈ ਦੀ ਅਣਹੋਂਦ ਵਿਸ਼ਿਆਂ ਨੂੰ ਹੋਰ ਨੀਰਸ, ਬੇਸੁਆਦਲੇ ਅਤੇ ਅਕਾਊ ਬਣਾ ਦਿੰਦੀ ਹੈ।

ਆਰਥਿਕ ਸੰਕਟ ਅਤੇ ਧੁੰਦਲਾ ਭਵਿੱਖ ਨੌਜਵਾਨਾਂ ਵਿਚ ਮਾਨਸਿਕ ਸੰਕਟ ਨੂੰ ਜਨਮ ਦਿੰਦਾ ਹੈ। ਖਾਸ ਪੜਾਅ ’ਤੇ ਜਾ ਕੇ ਇਹ ਸੰਕਟ ਤਿੰਨ ਤਰ੍ਹਾਂ ਦੀਆਂ ਪ੍ਰਵਿਰਤੀਆਂ ਨੂੰ ਜਨਮ ਦਿੰਦਾ ਹੈ। ਇਕ ਵਿਚ ਤਾਂ ਉਹ ਨਿਰਾਸ਼ ਹੋ ਕੇ ਜ਼ਿੰਦਗੀ ਤੋਂ ਹੀ ਕਿਨਾਰਾ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਖੁਦਕਸ਼ੀ ਕਰ ਲੈਂਦਾ ਹੈ। ਦੂਜੀ ਪ੍ਰਵਿਰਤੀ ਵਿਚ ਨੌਜਵਾਨ ਸਥਾਪਿਤ ਕਦਰਾਂ-ਕੀਮਤਾਂ ਨਾਲ ਸਮਝੌਤਾ ਕਰ ਲੈਂਦਾ ਹੈ ਜਿਸ ਵਿਚ ਉਹ ਹਰ ਗਲਤ ਜਾਂ ਠੀਕ ਗੱਲ ਨੂੰ ‘ਚਲ ਹੋਊ ਛੱਡ’ ਕਹਿ ਕੇ ਪਾਸਾ ਵਟ ਲੈਂਦਾ ਹੈ। ਇਹ ਰਾਹ ਸਮਾਜ ਤੋਂ ਮਾਯੂਸ ਹੋਣ ਦਾ ਰਾਹ ਹੈ। ਇਸ ਰਾਹ ਦਾ ਧਾਰਨੀ ਬੰਦਾ ਮਨੁੱਖ ਨਹੀਂ ਰਹਿੰਦਾ ਬਲਕਿ ਪਸ਼ੂ ਤੋਂ ਵੀ ਭੈੜਾ ਸਾਬਤ ਹੁੰਦਾ ਹੈ। ਤੀਜੀ ਪ੍ਰਵਿਰਤੀ ਬਹੁਤ ਘਾਤਕ ਹੈ। ਪਹਿਲੀਆਂ ਵਿਚ ਤਾਂ ਨੌਜਵਾਨ ਆਪਣੇ ਆਪ ਦਾ ਹੀ ਨੁਕਸਾਨ ਕਰਦਾ ਹੈ, ਸਮਾਜ ਲਈ ਘਾਤਕ ਨਹੀਂ ਹੁੰਦਾ ਪਰ ਇਸ ਪ੍ਰਵਿਰਤੀ ਵਿਚ ਉਹ ਆਪਣੀ ਨਿਰਾਸ਼ਤਾ, ਬੇਚੈਨੀ ਅਤੇ ਅਸਫਲਤਾ ਤੋਂ ਦੁਖੀ ਹੋ ਕੇ ਹਿੰਸਕ ਰੁਚੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਆਪਣੇ ਹੀ ਸਿਰਜੇ ਤਰਕ ਰਾਹੀਂ ਸਮਾਜ ਕੋਲੋਂ ਬਦਲਾ ਲੈਂਦਾ ਹੈ। ਹੌਲੀ ਹੌਲੀ ਉਹ ਅਜਿਹੀ ਅੰਨ੍ਹੀ ਗਲੀ ਵਿਚ ਵੜ ਜਾਂਦਾ ਹੈ ਜਿਥੋਂ ਨਿਕਲਣ ਦੀ ਸੰਭਾਵਨਾ ਬਹੁਤ ਘੱਟ ਰਹਿ ਜਾਂਦੀ ਹੈ।

ਪੰਜਾਬ ਦੀ ਮੌਜੂਦਾ ਹਾਲਤ ਗੰਭੀਰ ਦਿਸ਼ਾ ਵੱਲ ਇਸ਼ਾਰਾ ਕਰ ਰਹੀ ਹੈ। ਖਾਂਦੇ ਪੀਂਦੇ ਘਰਾਂ ਦਾ ਪੜ੍ਹਿਆ ਜਾਂ ਅਧਪੜ੍ਹ ਨੌਜਵਾਨ ਇਸੇ ਪ੍ਰਵਿਰਤੀ ਦਾ ਸ਼ਿਕਾਰ ਬਣਨ ਵੱਲ ਵਧ ਰਿਹਾ ਹੈ। ਅਜਿਹੇ ਨੌਜਵਾਨਾਂ ਨੂੰ ਹਮਦਰਦੀ ਭਰਪੂਰ ਦਰੁਸਤ ਨੀਤੀ ਰਾਹੀਂ ਸਮਾਜ ਦੇ ਉਸਾਰੂ ਕੰਮਾਂ ਵਿਚ ਲਾ ਕੇ ਹੀ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ। ਹਨੇਰੇ ਦੀ ਦਲਦਲ ਵਿਚ ਫਸੇ ਨੌਜਵਾਨਾਂ ਨੂੰ ਵਿਗਿਆਨਕ ਬੋਧ ਅਤੇ ਤਰਕਸ਼ੀਲ ਸੋਚਣੀ ਨਾਲ ਲੈਸ ਕਰਨਾ ਹੀ ਅਜੋਕੇ ਸਮੇਂ ਦੀ ਅਹਿਮ ਲੋੜ ਹੈ। ਮਨੁੱਖ ਵਿਚ ਤਰਕਸ਼ੀਲ ਸੋਚਣੀ ਹੋਣਾ ਹੀ ਇਕ ਮਿਆਰ ਹੈ ਜੋ ਉਸ ਨੂੰ ਪਸ਼ੂ ਜਗਤ ਨਾਲੋਂ ਵਖ-ਰਆਉਂਦਾ ਹੈ, ਉਸ ਅੰਦਰ ਹਕੀਕੀ ਬੰਦਿਆਂ ਵਾਲੀਆਂ ਹਰਕਤਾਂ ਪੈਦਾ ਕਰਦਾ ਹੈ। ਅਫਸੋਸ ਦੀ ਗੱਲ ਹੈ ਕਿ ਦੁਨੀਆ ਭਰ ਵਿਚ ਆਧੁਨਿਕ ਗਿਆਨ ਵਿਗਿਆਨ ਦੇ ਬੇਮਿਸਾਲ ਪਸਾਰੇ ਦੇ ਬਾਵਜੂਦ ਅਸੀਂ ਆਪਣੇ ਨੌਜਵਾਨਾਂ ਵਿਚ ਸਮਾਜਿਕ ਸੋਝੀ ਪੈਦਾ ਨਹੀਂ ਕਰ ਸਕੇ। ਸਾਡਾ ਸਮਾਜ ਮੱਧਯੁੱਗੀ ਕਦਰਾਂ-ਕੀਮਤਾਂ ਦਾ ਸ਼ਿਕਾਰ ਹੈ। ਵਹਿਮ, ਭਰਮ ਅਤੇ ਅੰਧਵਿਸ਼ਵਾਸ ਭਾਰੂ ਹਨ। ਲੋਕਾਂ ਨੂੰ ਧਰਮ, ਜਾਤ ਅਤੇ ਭਾਸ਼ਾ ਦੇ ਨਾਂ ਉਤੇ ਬੜੀ ਅਸਾਨੀ ਨਾਲ ਲੜਾਇਆ ਜਾ ਸਕਦਾ ਹੈ।

ਪੰਜਾਬ ਦੀ ਨੌਜਵਾਨ ਪੀੜ੍ਹੀ ਦੀਆਂ ਸਮੱਸਿਆਵਾਂ ਦਾ ਫੌਰੀ ਹੱਲ ਬੇਹੱਦ ਜ਼ਰੂਰੀ ਹੈ। ਜੇ ਮੌਜੂਦਾ ਹਾਲਾਤ ਹੀ ਰਹੇ, ਇਹ ਨੌਜਵਾਨਾਂ ਲਈ ਤਾਂ ਮਾਰੂ ਹੈ ਹੀ, ਦੇਸ਼ ਲਈ ਵੀ ਮਾਰੂ ਸਾਬਤ ਹੋਵੇਗੀ। ਪੰਜਾਬ ਦੀ ਨੌਜਵਾਨ ਲਹਿਰ ਦਾ ਬਹੁਤ ਹੀ ਸ਼ਾਨਾਂਮੱਤਾ ਇਤਿਹਾਸ ਰਿਹਾ ਹੈ। ਬੀਤੇ ਸਮਿਆਂ ਵਿਚ ਉਨ੍ਹਾਂ ਨੇ ਸਿਰਫ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਘੋਲਾਂ ਦੀ ਹਮਾਇਤ ਨਹੀਂ ਕੀਤੀ ਸਗੋਂ ਪਿੰਡ ਪਿੰਡ ਵਿਚ ਲੋਕ-ਪੱਖੀ ਡਰਾਮਿਆਂ ਅਤੇ ਨਾਟਕਾਂ ਰਾਹੀਂ ਅਗਾਂਹਵਧੂ ਸਾਹਿਤ ਤੇ ਸਭਿਆਚਾਰ ਦਾ ਵੀ ਪ੍ਰਚਾਰ ਕੀਤਾ ਸੀ। ਇਸ ਵੇਲੇ ਢਾਹੂ ਪਾਸੇ ਵੱਲ ਜਾ ਰਹੇ ਨੌਜਵਾਨਾਂ ਨੂੰ ਮੁੜ ਕੇ ਪੁਰਾਣੀ ਲੀਹ ’ਤੇ ਲਿਆਂਦਾ ਜਾ ਸਕਦਾ ਹੈ, ਲੋੜ ਸਿਰਫ ਗਹਿਰ ਗੰਭੀਰ ਸੋਚਣੀ ਅਤੇ ਇਮਾਨਦਾਰੀ ਦੀ ਹੈ। ਸਮਾਜਿਕ ਮਸਲਿਆਂ ਨੂੰ ਸਹੀ ਪ੍ਰਸੰਗ ਵਿਚ ਰੱਖ ਕੇ ਢੁਕਵੇਂ ਹੱਲ ਦੀ ਲੋੜ ਹੈ। ਕੀ ਮੌਜੂਦਾ ਸਰਕਾਰ ਅਤੇ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਆਗੂ ਨੌਜਵਾਨ ਪੀੜ੍ਹੀ ਨੂੰ ਅੰਨ੍ਹੀ ਗਲੀ ਵਿਚੋਂ ਬਾਹਰ ਕੱਢਣ ਲਈ ਸੰਜੀਦਾ ਉਪਰਾਲੇ ਕਰਨਗੇ? ਇਹ ਉਨ੍ਹਾਂ ਲਈ ਵੱਡੀ ਚੁਣੌਤੀ ਹੈ।




# ਗੁਰਦੇ 'ਚ ਪੱਥਰੀ ਹੋਣ 'ਤੇ ਮਿਲਦੀਆਂ ਹਨ ਇਹ ਨਿਸ਼ਾਨੀਆਂ

ਕਿਡਨੀ ਸਾਡੇ ਸਰੀਰ ਦਾ ਅਜਿਹਾ ਹਿੱਸਾ ਹੈ ਜੋ ਸਾਰੇ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢ ਕੇ ਖੂਨ ਨੂੰ ਸਾਫ਼ ਕਰਨ ਵਿੱਚ ਮਦਦ ਕਰਦਾ ਹੈ। ਕਿਡਨੀ ਨੂੰ ਸਿਹਤਮੰਦ ਰੱਖਣਾ ਜ਼ਰੂਰੀ ਹੈ। ਅੱਜ ਦੇ ਸਮੇਂ 'ਚ ਜ਼ਿਆਦਾਤਰ ਲੋਕਾਂ ਨੂੰ ਕਿਡਨੀ ਸਟੋਨ ਦੀ ਸਮੱਸਿਆ ਹੁੰਦੀ ਹੈ। ਪੱਥਰੀ ਤੁਹਾਡੀ ਸਿਹਤ ਲਈ ਬਹੁਤ ਖਤਰਨਾਕ ਸਾਬਤ ਹੋ ਸਕਦੀ ਹੈ। ਕਈ ਵਾਰ ਕਿਡਨੀ ਸਟੋਨ ਹੋਣ 'ਤੇ ਸਰੀਰ ਸੰਕੇਤ ਦਿੰਦਾ ਹੈ ਜਿਸ ਨੂੰ ਅਸੀਂ ਸਮਝ ਨਹੀਂ ਪਾਉਂਦੇ। ਅੱਜ ਅਸੀਂ ਤੁਹਾਨੂੰ ਗੁਰਦੇ ਦੀ ਪੱਥਰੀ ਦੇ ਲੱਛਣਾਂ ਬਾਰੇ ਦੱਸਾਂਗੇ। ਇਨ੍ਹਾਂ ਲੱਛਣਾਂ ਨੂੰ ਜਾਣਨ ਤੋਂ ਬਾਅਦ, ਤੁਸੀਂ ਇਸ




ਬਿਮਾਰੀ ਦੀ ਸਹੀ ਪਛਾਣ ਕਰ ਸਕੋਗੇ ਅਤੇ ਇਸਦਾ ਇਲਾਜ ਸ਼ੁਰੂ ਕਰ ਸਕੋਗੇ।

### ਪਿਸ਼ਾਬ ਦੀ ਸਮੱਸਿਆ

ਜੇਕਰ ਤੁਹਾਨੂੰ ਪਿਸ਼ਾਬ ਕਰਨ 'ਚ ਪਰੇਸ਼ਾਨੀ ਹੋ ਰਹੀ ਹੈ ਤਾਂ ਤੁਹਾਨੂੰ ਕਿਡਨੀ ਸਟੋਨ ਦੀ ਸਮੱਸਿਆ ਹੋ ਸਕਦੀ ਹੈ। ਪੱਥਰੀ ਦੇ ਕਾਰਨ ਵਿਅਕਤੀ ਨੂੰ ਪਿਸ਼ਾਬ ਕਰਨ ਵਿੱਚ ਦਰਦ ਮਹਿਸੂਸ ਹੁੰਦਾ ਹੈ। ਜੇਕਰ ਗੁਰਦੇ ਦੀ ਪੱਥਰੀ ਬਹੁਤ ਗੰਭੀਰ ਹੋਵੇ ਤਾਂ ਪਿਸ਼ਾਬ ਤੋਂ ਵੀ ਖੂਨ ਆਉਣਾ ਸ਼ੁਰੂ ਹੋ ਜਾਂਦਾ ਹੈ। ਇਸ ਸਥਿਤੀ ਵਿੱਚ, ਤੁਹਾਨੂੰ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

### ਪਿੱਠ ਅਤੇ ਪੇਟ ਦਰਦ

ਜੇਕਰ ਤੁਹਾਨੂੰ ਲਗਾਤਾਰ ਪੇਟ ਅਤੇ ਪਿੱਠ ਦਰਦ ਰਹਿੰਦਾ ਹੈ ਤਾਂ ਤੁਹਾਨੂੰ ਸਾਵਧਾਨ ਰਹਿਣ ਦੀ ਲੋੜ ਹੈ। ਇਹ ਵੀ ਕਿਡਨੀ ਸਟੋਨ ਦਾ ਇੱਕ ਲੱਛਣ ਹੈ। ਜਦੋਂ ਪੱਥਰੀ ਯੂਰੇਟਰ ਵਿਚ ਜਾਂਦੀ ਹੈ, ਤਾਂ ਇਸ ਨਾਲ ਪੇਟ ਅਤੇ ਪਿੱਠ ਦੋਵਾਂ ਵਿਚ ਦਰਦ ਹੁੰਦਾ ਹੈ ਕਿਉਂਕਿ ਪਿਸ਼ਾਬ ਵਿਚ ਵਾਰ-ਵਾਰ ਰੁਕਾਵਟ ਆਉਂਦੀ ਹੈ ਅਤੇ ਪਿਸ਼ਾਬ ਸਹੀ ਢੰਗ ਨਾਲ ਨਹੀਂ ਆਉਂਦਾ। ਇਸ ਤੋਂ ਇਲਾਵਾ ਜੇਕਰ ਤੁਹਾਡੇ ਪਿਸ਼ਾਬ ਤੋਂ ਬਦਬੂ ਆਉਂਦੀ ਹੈ ਜਾਂ ਕੋਈ ਤਿੱਖੀ ਬਦਬੂ ਆ ਰਹੀ ਹੈ ਤਾਂ ਇਹ ਵੀ ਪੱਥਰੀ ਦੀ ਨਿਸ਼ਾਨੀ ਹੈ।

### ਇਹ ਭੋਜਨ ਖਾਓ

ਜੇਕਰ ਤੁਹਾਨੂੰ ਕਿਡਨੀ ਸਟੋਨ ਦੀ ਸਮੱਸਿਆ ਹੈ ਤਾਂ ਤੁਹਾਨੂੰ ਆਪਣੀ ਡਾਈਟ 'ਚ ਗੁਰਦਾ, ਤਰਬੂਜ, ਤੁਲਸੀ, ਅਨਾਰ, ਨਾਰੀਅਲ ਪਾਣੀ, ਮੂਲੀ, ਜਾਮੁਨ ਆਦਿ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਪੱਥਰੀ ਨੂੰ ਦੂਰ ਕਰਨ ਵਿੱਚ ਮੂਲੀ ਬਹੁਤ ਫਾਇਦੇਮੰਦ ਹੁੰਦੀ ਹੈ। ਗਾਜਰ 'ਚ ਕੈਲਸ਼ੀਅਮ ਆਕਸਲੇਟ ਹੁੰਦਾ ਹੈ, ਜੋ ਪੱਥਰੀ ਨੂੰ ਤੋੜਨ ਦਾ ਕੰਮ ਕਰਦਾ ਹੈ। ਤੁਲਸੀ ਦਾ ਸੇਵਨ ਕਰਨ ਨਾਲ ਗੁਰਦੇ ਦੀ ਪੱਥਰੀ ਪਿਸ਼ਾਬ ਰਾਹੀਂ ਸਰੀਰ ਤੋਂ ਬਾਹਰ ਨਿਕਲ ਜਾਂਦੀ ਹੈ।

# ਸਰਦੀਆਂ 'ਚ ਨਿੱਘ ਲਿਆਉਣ ਵਾਲੇ ਸੁਆਦੀ ਡਰਿੰਕਸ

ਸਰਦੀਆਂ ਦੇ ਮੌਸਮ ਦਾ ਹਰ ਕੋਈ ਬੇਸਬਰੀ ਨਾਲ ਇੰਤਜ਼ਾਰ ਕਰ ਰਿਹਾ ਹੈ। ਇਸ ਦੌਰਾਨ ਰਜਾਈ ਜਾਂ ਧੁੱਪ ਵਿਚ ਬੈਠ ਕੇ ਗਰਮ ਚਾਹ ਜਾਂ ਕਿਸੇ ਵੀ ਤਰ੍ਹਾਂ ਦੇ ਪੀਣ ਦਾ ਆਨੰਦ ਲੈਣਾ ਵੱਖਰਾ ਹੈ। ਗਰਮ ਪਿਆਲਾ ਤੁਹਾਡੇ ਹੱਥਾਂ ਦੇ ਨਾਲ-ਨਾਲ ਸਰੀਰ ਨੂੰ ਵੀ ਨਿੱਘ ਦਿੰਦਾ ਹੈ। ਠੰਢ ਵਿੱਚ ਚਾਹ ਤੋਂ ਲੈ ਕੇ ਕੌਫੀ ਅਤੇ ਗਰਮ ਚਾਕਲੇਟ ਤੱਕ, ਬਹੁਤ ਸਾਰੇ ਆਪਸ਼ਨ ਹਨ ਜਿਨ੍ਹਾਂ ਦਾ ਤੁਸੀਂ ਆਨੰਦ ਲੈ ਸਕਦੇ ਹੋ। ਹੁਣ ਜਦੋਂ ਤਾਪਮਾਨ ਲਗਾਤਾਰ ਡਿੱਗਦਾ ਜਾ ਰਿਹਾ ਹੈ, ਅਸੀਂ ਤੁਹਾਨੂੰ ਅਜਿਹੇ ਸਿਹਤਮੰਦ ਅਤੇ ਮਜ਼ੇਦਾਰ ਪੀਣ ਵਾਲੇ ਪਦਾਰਥਾਂ ਬਾਰੇ ਦੱਸ ਰਹੇ ਹਾਂ ਜਿਨ੍ਹਾਂ ਦਾ ਤੁਸੀਂ ਆਨੰਦ ਲੈ ਸਕਦੇ ਹੋ।



**ਬਦਾਮ ਦੁੱਧ–** ਸਰਦੀਆਂ ਦੇ ਮੌਸਮ ਵਿੱਚ ਬਦਾਮ ਦਾ ਦੁੱਧ ਸਭ ਤੋਂ ਸਿਹਤਮੰਦ ਮੰਨਿਆ ਜਾਂਦਾ ਹੈ। ਦੁੱਧ ਅਤੇ ਬਦਾਮ ਵਿੱਚ ਮੌਜੂਦ ਪੋਸ਼ਕ ਤੱਤ ਸਰਦੀਆਂ ਵਿੱਚ ਤੁਹਾਡੀ ਸਿਹਤ ਨੂੰ ਲਾਭ ਪਹੁੰਚਾਉਂਦੇ ਹਨ। ਇਸ ਨੂੰ ਬਣਾਉਣ ਲਈ ਦੁੱਧ 'ਚ ਪੀਸੇ ਹੋਏ ਬਦਾਮ ਨੂੰ ਮਿਲਾ ਕੇ ਕੁਝ ਮਿੰਟਾਂ ਲਈ ਉਬਾਲ ਲਓ। ਇਸ ਨੂੰ ਸਵਾਦ ਬਣਾਉਣ ਲਈ ਤੁਸੀਂ ਇਸ ਵਿਚ ਕੇਸਰ ਵੀ ਮਿਲਾ ਸਕਦੇ ਹੋ।

**ਅਦਰਕ ਵਾਲੀ ਚਾਹ–** ਅਦਰਕ ਨੂੰ ਸਿਹਤ ਲਈ ਬਹੁਤ ਫਾਇਦੇਮੰਦ ਮੰਨਿਆ ਜਾਂਦਾ ਹੈ। ਸਰਦੀਆਂ ਵਿੱਚ ਐਲਰਜੀ ਤੋਂ ਬਚਾਅ ਦੇ ਨਾਲ-ਨਾਲ ਇਹ ਭਾਰ ਘਟਾਉਣ ਵਿੱਚ ਵੀ ਮਦਦਗਾਰ ਹੈ। ਇਸ ਲਈ ਸਰਦੀਆਂ ਦੇ ਇਸ ਮੌਸਮ 'ਚ ਅਦਰਕ ਦੀ ਚਾਹ ਪੀਣਾ ਨਾ ਭੁੱਲੋ। ਇਸ ਤੋਂ ਇਲਾਵਾ ਅਦਰਕ ਸਰੀਰ ਨੂੰ ਡੀਟੌਕਸਫਾਈ ਵੀ ਕਰਦਾ ਹੈ।

**ਮਸਾਲਾ ਚਾਹ–** ਚਾਹ ਪ੍ਰੇਮੀ ਰੁੱਤ ਦੀ ਪਰਵਾਹ ਨਹੀਂ ਕਰਦੇ, ਚਾਹੇ ਸਰਦੀ ਹੋਵੇ ਜਾਂ ਗਰਮੀ, ਉਹ ਚਾਹ ਤੋਂ ਬਿਨਾਂ ਨਹੀਂ ਰਹਿ ਸਕਦੇ। ਖਾਸ ਕਰਕੇ ਠੰਢ ਦੇ ਮੌਸਮ ਵਿੱਚ ਚਾਹ ਪੀਣ ਦਾ ਮਜ਼ਾ ਹੀ ਵੱਖਰਾ ਹੁੰਦਾ ਹੈ। ਤੁਸੀਂ ਸਰਦੀਆਂ ਵਿੱਚ ਆਪਣੀ ਚਾਹ ਵਿੱਚ ਕਾਲੀ ਮਿਰਚ, ਕਾਲੀ ਇਲਾਇਚੀ, ਹਰੀ ਇਲਾਇਚੀ, ਦਾਲਚੀਨੀ, ਅਦਰਕ, ਲੌਂਗ ਮਿਲਾ ਕੇ ਆਪਣੀ ਚਾਹ ਨੂੰ ਮਜ਼ੇਦਾਰ ਅਤੇ ਸਿਹਤਮੰਦ ਬਣਾ ਸਕਦੇ ਹੋ।

**ਹਲਦੀ ਵਾਲਾ ਦੁੱਧ–** ਭਾਰਤੀ ਘਰਾਂ ਵਿਚ ਬੀਮਾਰ ਹੋਣ 'ਤੇ ਹਲਦੀ ਵਾਲਾ ਦੁੱਧ ਜ਼ਰੂਰ ਦਿੱਤਾ ਜਾਂਦਾ ਹੈ, ਜੋ ਕਿ ਬਹੁਤ ਫਾਇਦੇਮੰਦ ਵੀ ਹੁੰਦਾ ਹੈ। ਤੁਹਾਨੂੰ ਗਰਮ ਰੱਖਣ ਦੇ ਨਾਲ-ਨਾਲ ਇਹ ਡਰਿੰਕ ਇਮਿਊਨਿਟੀ ਵੀ ਵਧਾਉਂਦਾ ਹੈ। ਇਹ ਸੁਨਹਿਰੀ ਦੁੱਧ ਜ਼ੁਕਾਮ ਤੇ ਜ਼ੁਕਾਮ ਨੂੰ ਵੀ ਠੀਕ ਕਰਦਾ ਹੈ।

**ਕਸ਼ਮੀਰੀ ਕਾੜ੍ਹਾ–** ਜੇਕਰ ਤੁਸੀਂ ਅੱਜ ਤਕ ਕਸ਼ਮੀਰੀ ਚਾਹ ਨਹੀਂ ਪੀਤੀ ਹੈ ਤਾਂ ਸਰਦੀਆਂ ਦੇ ਇਸ ਮੌਸਮ ਵਿੱਚ ਇਸ ਦਾ ਆਨੰਦ ਜ਼ਰੂਰ ਲਓ। ਕਾੜ੍ਹਾ ਤੋਂ ਬਿਨਾਂ ਸਰਦੀਆਂ ਦਾ ਮੌਸਮ ਅਧੂਰਾ ਹੈ। ਇਹ ਖਾਸ ਚਾਹ ਗ੍ਰੀਨ-ਟੀ, ਕੇਸਰ, ਦਾਲਚੀਨੀ ਅਤੇ ਇਲਾਇਚੀ ਨਾਲ ਬਣਾਈ ਜਾਂਦੀ ਹੈ। ਇਸ ਚਾਹ 'ਚ ਸ਼ਹਿਦ ਜਾਂ ਚੀਨੀ ਮਿਲਾਈ ਜਾ ਸਕਦੀ ਹੈ ਅਤੇ ਪਰੋਸਦੇ ਸਮੇਂ ਇਸ 'ਚ ਪੀਸੇ ਹੋਏ ਬਦਾਮ ਵੀ ਮਿਲਾਏ ਜਾਂਦੇ ਹਨ। ਇਹ ਸਾਰੇ ਮਸਾਲੇ ਠੰਢੇ ਮੌਸਮ ਵਿਚ ਸਰੀਰ ਨੂੰ ਗਰਮ ਰੱਖਦੇ ਹਨ।

**ਹਾਟ ਚਾਕਲੇਟ–** ਜੇਕਰ ਤੁਸੀਂ ਚਾਕਲੇਟ ਨੂੰ ਪਸੰਦ ਕਰਦੇ ਹੋ, ਤਾਂ ਸਰਦੀਆਂ ਯਕੀਨੀ ਤੌਰ 'ਤੇ ਤੁਹਾਡੀ ਪਸੰਦੀਦਾ ਹੋਵੇਗੀ। ਇਹ ਸਾਲ ਦਾ ਉਹ ਸਮਾਂ ਹੈ ਜਦੋਂ ਚਾਕਲੇਟ ਪ੍ਰੇਮੀ ਗਰਮ ਚਾਕਲੇਟ ਜਾਂ ਗਰਮ ਕੋਕੋ ਦਾ ਸੇਵਨ ਕਰ ਸਕਦੇ ਹੋ । ਤੁਸੀਂ ਇਸ ਵਿਚ ਦਾਲਚੀਨੀ ਮਿਲਾ ਕੇ ਹੋਰ ਵੀ ਸੁਆਦੀ ਬਣਾ ਸਕਦੇ ਹੋ।

# ਬੱਚਿਆਂ ਦਾ ਭਾਰ ਵਧਾਉਣ ਲਈ ਇਹ ਚੀਜ਼ਾਂ ਖੁਆਓ

ਅਕਸਰ ਮਾਪੇ ਆਪਣੇ ਬੱਚਿਆਂ ਦੇ ਘਟਦੇ ਭਾਰ ਨੂੰ ਲੈ ਕੇ ਚਿੰਤਤ ਰਹਿੰਦੇ ਹਨ। ਦਰਅਸਲ ਜਿਵੇਂ-ਜਿਵੇਂ ਬੱਚੇ ਵੱਡੇ ਹੁੰਦੇ ਹਨ, ਉਨ੍ਹਾਂ ਦੇ ਭਾਰ 'ਤੇ ਵੀ ਅਸਰ ਪੈਂਦਾ ਹੈ। ਘੱਟ ਵਜ਼ਨ ਕਾਰਨ ਬੱਚਿਆਂ ਨੂੰ ਕਈ ਬੀਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਕਾਰਨ ਮਾਪੇ ਚਿੰਤਾ 'ਚ ਰਹਿੰਦੇ ਹਨ। ਤੁਸੀਂ ਉਨ੍ਹਾਂ ਦੀ ਡਾਈਟ 'ਚ ਕੁਝ ਅਜਿਹੀਆਂ ਖਾਣ ਵਾਲੀਆਂ ਚੀਜ਼ਾਂ ਨੂੰ ਸ਼ਾਮਲ ਕਰ ਸਕਦੇ ਹੋ, ਜਿਸ ਨਾਲ ਬੱਚਿਆਂ ਦਾ ਭਾਰ ਆਸਾਨੀ ਨਾਲ ਵਧ ਸਕਦਾ ਹੈ।

**ਕੇਲਾ–** ਕੇਲੇ ਵਿੱਚ ਆਇਰਨ, ਕੈਲਸ਼ੀਅਮ, ਪੋਟਾਸ਼ੀਅਮ, ਫੋਲਿਕ ਐਸਿਡ ਅਤੇ ਕਈ ਹੋਰ ਪੋਸ਼ਕ ਤੱਤ ਭਰਪੂਰ ਮਾਤਰਾ ਵਿੱਚ ਹੁੰਦੇ ਹਨ। ਜੋ ਭਾਰ ਵਧਾਉਣ 'ਚ ਮਦਦ ਕਰਦਾ ਹੈ। ਕੇਲੇ ਨੂੰ ਬੱਚਿਆਂ ਦੀ ਖੁਰਾਕ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਤੁਸੀਂ ਚਾਹੋ ਤਾਂ ਬੱਚਿਆਂ ਲਈ ਕੇਲੇ ਦਾ ਸ਼ੇਕ ਵੀ ਬਣਾ ਸਕਦੇ ਹੋ। ਉਨ੍ਹਾਂ ਨੂੰ ਇਹ ਪੀਣਾ ਬਹੁਤ ਸਵਾਦ ਲੱਗੇਗਾ।

**ਘਿਓ–** ਘਿਓ ਵਿੱਚ ਵਿਟਾਮਿਨ-ਡੀ, ਕੈਲਸ਼ੀਅਮ ਅਤੇ ਹੋਰ ਪੋਸ਼ਕ ਤੱਤ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਹਨ। ਬੱਚਿਆਂ ਦੀ ਖੁਰਾਕ ਵਿੱਚ ਘਿਓ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਉਦਾਹਰਣ ਵਜੋਂ ਦਾਲ, ਚੌਲ, ਰੋਟੀ ਆਦਿ ਵਿੱਚ ਘਿਓ ਮਿਲਾ ਕੇ ਉਨ੍ਹਾਂ ਨੂੰ ਭੋਜਨ ਵਿੱਚ ਦਿੱਤਾ ਜਾ ਸਕਦਾ ਹੈ। ਇਹ ਬੱਚਿਆਂ ਦਾ ਭਾਰ ਵਧਾਉਣ 'ਚ ਮਦਦਗਾਰ ਹੈ। ਬੱਚਿਆਂ ਨੂੰ ਭੋਜਨ ਵਿੱਚ ਦੁੱਧ, ਪਨੀਰ, ਦਹੀਂ ਵੀ ਲੈਣਾ ਚਾਹੀਦਾ ਹੈ। ਡੇਅਰੀ ਉਤਪਾਦਾਂ ਵਿੱਚ ਪ੍ਰੋਟੀਨ ਦੀ ਮਾਤਰਾ ਵਧੇਰੇ ਹੁੰਦੀ ਹੈ।

**ਆਂਡੇ–** ਆਂਡੇ ਕੈਲਸ਼ੀਅਮ, ਪ੍ਰੋਟੀਨ ਅਤੇ ਹੋਰ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦੇ ਹਨ। ਜੋ ਕਿ ਬੱਚਿਆਂ ਦੀ ਸਿਹਤ ਲਈ ਫਾਇਦੇਮੰਦ ਹੁੰਦਾ ਹੈ। ਤੁਸੀਂ ਬੱਚਿਆਂ ਨੂੰ ਉਬਲੇ ਹੋਏ ਆਂਡੇ ਖੁਆ ਸਕਦੇ ਹੋ।

**ਆਲੂ–** ਆਲੂਆਂ 'ਚ ਕਾਰਬੋਹਾਈਡ੍ਰੇਟ ਭਰਪੂਰ ਮਾਤਰਾ 'ਚ ਪਾਇਆ ਜਾਂਦਾ ਹੈ, ਜੋ ਬੱਚਿਆਂ ਦਾ ਭਾਰ ਵਧਾਉਣ 'ਚ ਬਹੁਤ ਮਦਦਗਾਰ ਹੁੰਦਾ ਹੈ। ਬੱਚੇ ਵੀ ਆਲੂ ਖਾਣਾ ਪਸੰਦ ਕਰਦੇ ਹਨ, ਇਸ ਲਈ ਤੁਸੀਂ ਉਨ੍ਹਾਂ ਨੂੰ ਉਬਲੇ ਜਾਂ ਤਲੇ ਹੋਏ ਆਲੂ ਵੀ ਖਾਣ ਲਈ ਦੇ ਸਕਦੇ ਹੋ। ਇਹ ਭਾਰ ਵਧਾਉਣ ਵਿੱਚ ਮਦਦ ਕਰ ਸਕਦੇ ਹਨ।



**ਓਟਸ–** ਓਟਸ ਕਾਰਬੋਹਾਈਡਰੇਟ ਅਤੇ ਕੈਲੋਰੀ ਨਾਲ ਭਰਪੂਰ ਹੁੰਦਾ ਹੈ, ਜੋ ਭਾਰ ਵਧਾਉਣ ਵਿੱਚ ਮਦਦ ਕਰਦਾ ਹੈ। ਤੁਹਾਨੂੰ ਆਪਣੇ ਬੱਚਿਆਂ ਦੀ ਖੁਰਾਕ ਵਿੱਚ ਓਟਸ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ। ਇਹ ਭਾਰ ਵਧਾਉਣ ਵਿੱਚ ਮਦਦਗਾਰ ਹੋ ਸਕਦੇ ਹਨ।

**ਸੁੱਕੇ ਮੇਵੇ–** ਬੱਚਿਆਂ ਦਾ ਵਜ਼ਨ ਵਧਾਉਣ 'ਚ ਸੁੱਕੇ ਮੇਵੇ ਫਾਇਦੇਮੰਦ ਸਾਬਤ ਹੋ ਸਕਦੇ ਹਨ। ਇਹ ਪ੍ਰੋਟੀਨ ਅਤੇ ਹੋਰ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦਾ ਹੈ। ਤੁਸੀਂ ਬੱਚਿਆਂ ਦੀ ਖੁਰਾਕ ਵਿੱਚ ਮੂੰਗਫਲੀ, ਕਿਸ਼ਮਿਸ਼, ਅਖਰੋਟ ਆਦਿ ਨੂੰ ਸ਼ਾਮਲ ਕਰ ਸਕਦੇ ਹੋ।

# ਖਾਲੀ ਪੇਟ ਨਾ ਖਾਓ ਇਹ 5 ਚੀਜ਼ਾਂ, ਹੋ ਸਕਦਾ ਹੈ ਨੁਕਸਾਨ

ਕਈ ਲੋਕ ਆਪਣੀ ਸਵੇਰ ਦੀ ਸ਼ੁਰੂਆਤ ਚਾਹ-ਕੌਫੀ ਨਾਲ ਕਰਦੇ ਹਨ, ਜਦਕਿ ਕੁਝ ਲੋਕ ਪੋਹਾ, ਬਰੈੱਡ ਜਾਂ ਫਲ ਆਦਿ ਖਾਣਾ ਪਸੰਦ ਕਰਦੇ ਹਨ। ਸਿਹਤਮੰਦ ਰਹਿਣ ਲਈ ਸਹੀ ਸਮੇਂ 'ਤੇ ਖਾਣਾ ਜ਼ਰੂਰੀ ਹੈ ਪਰ ਕਿਸ ਸਮੇਂ 'ਤੇ ਕੀ ਖਾਣਾ ਚਾਹੀਦਾ ਹੈ ਅਤੇ ਕੀ ਨਹੀਂ ਖਾਣਾ ਚਾਹੀਦਾ, ਇਸ ਦਾ ਵੀ ਤੁਹਾਡੀ ਸਿਹਤ 'ਤੇ ਅਸਰ ਪੈਂਦਾ ਹੈ। ਜੇਕਰ ਤੁਸੀਂ ਗਲਤ ਸਮੇਂ 'ਤੇ ਸਿਹਤਮੰਦ ਚੀਜ਼ਾਂ ਖਾਂਦੇ ਹੋ, ਤਾਂ ਇਹ ਤੁਹਾਡੀ ਸਿਹਤ ਨੂੰ ਵੀ ਵਿਗਾੜ ਸਕਦੀਆਂ ਹਨ। ਕੁਝ ਚੀਜ਼ਾਂ ਨੂੰ ਕਦੇ ਵੀ ਖਾਲੀ ਪੇਟ ਨਹੀਂ ਖਾਣਾ ਚਾਹੀਦਾ ਹੈ। ਆਓ ਜਾਣਦੇ ਹਾਂ ਇਨ੍ਹਾਂ ਚੀਜ਼ਾਂ ਬਾਰੇ



**ਦਹੀ–** ਦਹੀ 'ਚ ਕਈ ਜ਼ਰੂਰੀ ਪੋਸ਼ਕ ਤੱਤ ਪਾਏ ਜਾਂਦੇ ਹਨ, ਜੋ ਸਰੀਰ ਲਈ ਬਹੁਤ ਫਾਇਦੇਮੰਦ ਹੁੰਦੇ ਹਨ ਪਰ ਇਸ ਨੂੰ ਖਾਲੀ ਪੇਟ ਖਾਣ ਨਾਲ ਤੁਹਾਡੇ ਲਈ ਪਰੇਸ਼ਾਨੀ ਹੋ ਸਕਦੀ ਹੈ। ਅਸਲ ਵਿੱਚ ਇਸ ਵਿੱਚ ਲੈਕਟਿਕ ਐਸਿਡ ਹੁੰਦਾ ਹੈ ਅਤੇ ਜੇਕਰ ਤੁਸੀਂ ਇਸਨੂੰ ਖਾਲੀ ਪੇਟ ਖਾਂਦੇ ਹੋ ਤਾਂ ਇਸ ਵਿੱਚ ਪਾਏ ਜਾਣ ਵਾਲੇ ਬੈਕਟੀਰੀਆ ਕਾਰਨ ਤੁਹਾਡੀ ਪਾਚਨ ਤੰਤਰ ਕਮਜ਼ੋਰ ਹੋ ਸਕਦਾ ਹੈ।

**ਕੇਲਾ–** ਅਕਸਰ ਲੋਕ ਕੇਲੇ ਨੂੰ ਸਿਹਤਮੰਦ ਨਾਸ਼ਤਾ ਮੰਨਦੇ ਹਨ। ਜੇਕਰ ਤੁਸੀਂ ਸਵੇਰੇ ਖਾਲੀ ਪੇਟ ਕੇਲਾ ਖਾਂਦੇ ਹੋ ਤਾਂ ਇਹ ਤੁਹਾਡੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਸ 'ਚ ਮੈਗਨੀਸ਼ੀਅਮ ਭਰਪੂਰ ਮਾਤਰਾ 'ਚ ਹੁੰਦਾ ਹੈ, ਜਿਸ ਨੂੰ ਖਾਲੀ ਪੇਟ ਖਾਧਾ ਜਾਵੇ ਤਾਂ ਸਰੀਰ 'ਚ ਖੂਨ ਦਾ ਪ੍ਰਵਾਹ ਵਧਦਾ ਹੈ। ਇਹ ਦਿਲ ਲਈ ਖਤਰਨਾਕ ਸਾਬਤ ਹੋ ਸਕਦਾ ਹੈ।

**ਚਾਹ ਕੌਫੀ–** ਜੇਕਰ ਤੁਸੀਂ ਵੀ ਸਵੇਰੇ ਉੱਠਦੇ ਹੀ ਚਾਹ ਤੇ ਕੌਫੀ ਪੀਂਦੇ ਹੋ ਤਾਂ ਇਹ ਤੁਹਾਡੇ ਪੇਟ ਲਈ ਬਹੁਤ ਖਤਰਨਾਕ ਸਾਬਤ ਹੋ ਸਕਦਾ ਹੈ। ਇਨ੍ਹਾਂ ਨੂੰ ਖਾਲੀ ਪੇਟ ਪੀਣ ਨਾਲ ਕਬਜ਼, ਗੈਸ, ਉਲਟੀ ਆਦਿ ਹੋ ਸਕਦੇ ਹਨ।

**ਮਸਾਲੇਦਾਰ ਭੋਜਨ–** ਖਾਲੀ ਪੇਟ ਮਸਾਲੇਦਾਰ ਭੋਜਨ ਖਾਣ ਨਾਲ ਪੇਟ ਵਿੱਚ ਐਸੀਡਿਟੀ ਹੋ ਜਾਂਦੀ ਹੈ। ਇਹ ਤੁਹਾਡੇ ਪੇਟ ਵਿੱਚ ਕੜਵੱਲ ਵੀ ਪੈਦਾ ਕਰ ਸਕਦਾ ਹੈ। ਇਸ ਲਈ ਸਵੇਰੇ ਪਕੌੜੇ, ਸਮੋਸੇ ਆਦਿ ਖਾਣ ਤੋਂ ਪਰਹੇਜ਼ ਕਰੋ।

**ਕੱਚੀਆਂ ਸਬਜ਼ੀਆਂ–** ਕੱਚੀਆਂ ਹਰੀਆਂ ਸਬਜ਼ੀਆਂ ਦਾ ਸੇਵਨ ਵੀ ਸਵੇਰੇ ਖਾਲੀ ਪੇਟ ਨਹੀਂ ਕਰਨਾ ਚਾਹੀਦਾ। ਇਹ ਫਾਈਬਰ ਨਾਲ ਭਰਪੂਰ ਹੁੰਦਾ ਹੈ, ਜਿਸ ਨਾਲ ਐਸੀਡਿਟੀ ਹੋ ਸਕਦੀ ਹੈ। ਪੇਟ 'ਚ ਕਬਜ਼, ਫੁੱਲਣਾ ਆਦਿ ਦੀ ਸਮੱਸਿਆ ਹੋ ਸਕਦੀ ਹੈ।

# MISSION
## PEAK BROCKERS, INC

**CALL A PROFESSIONAL AND GET THE BEST POSSIBLE PRICES AND HIGHEST PROFITS**

**I am a top rated Business and Commercial Real Estate broker with vast experience in Sales.**

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**

**Acquisition and Financing of Commercial Real Estate.**





# GET TOP DOLLAR$

## FOR YOUR COMMERCIAL PROPERTY



# CALL TODAY

## (510) 490-9705

hrsidhu@gmail.com
www.missionpeakbrokers.com



## Harpreet "Harry" Sidhu, CBB
## Broker/president

**BRE Lic #1433114**
**Broker Lic # 01792260**

CALIFORNIA ASSOCIATION OF BUSINESS BROKERS CABB
REALTOR